ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 28 | 19 July to 25 July 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਆਇਫਾ 2017 'ਚ 'ਦ ਬਲੈਕ ਪ੍ਰਿੰਸ' ਦੀ ਟੀਮ ਦਾ ਸ਼ਾਨਦਾਰ ਸਵਾਗਤ

## ਸ਼ਬਾਨਾ ਨੇ 'ਮੇਰਾ ਪੁੱਤ' ਕਹਿ ਕੇ ਕਰਾਈ ਸਤਿੰਦਰ ਸਰਤਾਜ ਦੀ ਜਾਣ-ਪਛਾਣ

### ਸ਼ਾਹਿਦ ਤੇ ਆਲੀਆ ਨੂੰ 'ਉੜਤਾ ਪੰਜਾਬ' ਲਈ ਬਿਹਤਰੀਨ ਅਦਾਕਾਰ ਦਾ ਐਵਾਰਡ

**ਨਿਊਯਾਰਕ/ਬਿਊਰੋ ਨਿਊਜ਼:** ਦੁਨੀਆ ਦੀ ਵਪਾਰਕ ਰਾਜਧਾਨੀ ਅਤੇ ਕੌਮਾਂਤਰੀ ਸਭਿਆਚਾਰਕ ਕੇਂਦਰ ਵਜੋਂ ਜਾਣੇ ਜਾਂਦੇ ਇਸ ਸ਼ਹਿਰ ਦਾ 'ਕਦੇ ਨਾ ਸੌਣ ਵਾਲਾ' ਤਖੱਲਸ ਮੈੱਟਲਾਈਫ ਸਟੇਡੀਅਮ ਵਿੱਚ ਸ਼ਨਿੱਚਰਵਾਰ ਰਾਤੀਂ ਬਾਲੀਵੁੱਡ ਦੇ ਵੱਕਾਰੀ ਫਿਲਮ ਸਮਾਰੋਹ ਆਇਫਾ ਐਵਾਰਡਜ਼ ਦੌਰਾਨ ਸੱਚ ਸਾਬਤ ਹੋਇਆ।

**21 ਜੁਲਾਈ ਸ਼ੁੱਕਰਵਾਰ ਨੂੰ ਦੁਨੀਆ ਭਰ ਵਿਚ ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਵਿਚ ਰਿਲੀਜ਼ ਹੋ ਰਹੀ ਹੈ 'ਦ ਬਲੈਕ ਪ੍ਰਿੰਸ'**

ਇਸ ਤਿੰਨ ਰੋਜ਼ਾ ਫਿਲਮੀ ਮੇਲੇਨੁਮਾ ਸਮਾਰੋਹ ਦੇ ਇਨਾਮਾਂ/ਸਨਮਾਨਾਂ ਵਾਲੇ ਸੈਸ਼ਨ ਦੌਰਾਨ ਪੰਜਾਬ ਦੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਉੱਤੇ ਬਣੀ ਹਾਲੀਵੁੱਡ ਫਿਲਮ 'ਦ ਬਲੈਕ ਪ੍ਰਿੰਸ' ਦੀ ਟੀਮ ਦਾ ਪਹਿਲਾਂ ਰੈੱਡ ਕਾਰਪਟ ਅਤੇ ਬਾਅਦ ਵਿੱਚ ਮੁੱਖ ਸਟੇਜ ਉੱਤੇ ਜ਼ੋਰਦਾਰ ਤਾੜੀਆਂ ਦੀ ਗੂੰਜ ਵਿੱਚ ਭਰਪੂਰ ਸਵਾਗਤ ਕੀਤਾ ਗਿਆ ਜੋ ਬੜੀ ਸਨਮਾਨਯੋਗ ਪ੍ਰਾਪਤੀ ਸੀ। ਮਹਾਰਾਜਾ ਦਲੀਪ ਸਿੰਘ ਦੀ ਮਾਂ ਮਹਾਰਾਣੀ ਜਿੰਦਾਂ ਦੀ ਭੂਮਿਕਾ ਨੂੰ ਸਜੀਵ ਕਰਨ ਵਾਲੀ ਉੱਘੀ ਫਿਲਮ ਅਦਾਕਾਰਾ ਸ਼ਬਾਨਾ ਆਜ਼ਮੀ, ਫਿਲਮ ਦੇ ਨਾਇਕ ਦਾ ਕਿਰਦਾਰ ਨਿਭਾਉਣ ਵਾਲੇ ਸਤਿੰਦਰ ਸਰਤਾਜ ਅਤੇ ਬਾਕੀ ਸਫ਼ਾ 18 'ਤੇ




ਆਇਫਾ ਐਵਾਰਡਜ਼ ਸਮਾਰੋਹ ਦੀ ਸਟੇਜ ਉੱਤੇ ਦਰਸ਼ਕਾਂ ਦੇ ਰੂ-ਬ-ਰੂ ਹੁੰਦੇ ਹੋਏ ਨਿਰਦੇਸ਼ਕ ਕਵੀ ਰਾਜ, ਸ਼ਬਾਨਾ ਆਜ਼ਮੀ ਅਤੇ ਸਤਿੰਦਰ ਸਰਤਾਜ।

### ਵੱਖ ਵੱਖ ਵਰਗਾਂ ਲਈ ਇਨਾਮਾਂ ਨਾਲ ਸਨਮਾਨਿਆ

ਇਨਾਮਾਂ ਦੇ ਐਲਾਨ ਮੌਕੇ 'ਉੜਤਾ ਪੰਜਾਬ' ਫਿਲਮ ਵਿੱਚ ਕੀਤੇ ਵਧੀਆ ਕੰਮ ਲਈ ਸ਼ਾਹਿਦ ਕਪੂਰ ਤੇ ਆਲੀਆ ਭੱਟ ਨੂੰ ਬਿਹਤਰੀਨ ਅਦਾਕਾਰ ਅਤੇ ਅਦਾਕਾਰਾ ਦੇ ਐਵਾਰਡਾਂ ਨਾਲ ਨਿਵਾਜਿਆ ਗਿਆ। ਆਪਣੇ ਵਿਸ਼ਾ ਵਸਤੂ ਕਾਰਨ ਸੈਂਸਰ ਬੋਰਡ ਨਾਲ ਵਿਵਾਦਾਂ ਵਿੱਚ ਫਸੀ ਇਸ ਫਿਲਮ ਨਾਲ ਸਫ਼ਲਤਾ ਦਾ ਸਵਾਦ ਚੱਖਣ ਵਾਲੇ ਅਦਾਕਾਰਾਂ ਵਿੱਚ ਦਿਲਜੀਤ ਦੁਸਾਂਝ ਵੀ ਸ਼ਾਮਲ ਹੈ। ਉਸ ਨੂੰ ਬਿਹਤਰੀਨ ਸ਼ੁਰੂਆਤ (ਪੁਰਸ਼ ਅਦਾਕਾਰ) ਦੇ ਵਰਗ ਵਿੱਚ ਪੁਰਸਕਾਰ ਮਿਲਿਆ। ਇਸ ਫਿਲਮ ਲਈ ਐਵਾਰਡ ਪ੍ਰਾਪਤ ਕਰਨ ਵੇਲੇ ਤਿੰਨੇ ਕਲਾਕਾਰ ਭਾਵੁਕ ਹੋ ਗਏ।

ਬਿਹਤਰੀਨ ਫਿਲਮ ਦਾ ਐਵਾਰਡ ਸੋਨਮ ਕਪੂਰ ਦੀ ਮੁੱਖ ਭੂਮਿਕਾ ਵਾਲੀ ਫਿਲਮ 'ਨੀਰਜਾ' ਨੂੰ ਮਿਲਿਆ, ਜੋ ਏਅਰ ਹੋਸਟੈਸ ਨੀਰਜਾ ਭਨੋਟ ਦੇ ਅਸਲ ਜੀਵਨ ਉਤੇ ਆਧਾਰਤ ਹੈ। ਅਦਾਕਾਰ ਜਿਮ ਸਰਭ ਨੂੰ ਇਸ ਫਿਲਮ ਵਿੱਚ ਆਪਣੀ ਖਲਨਾਇਕ ਵਾਲੀ ਭੂਮਿਕਾ ਲਈ ਪੁਰਸਕਾਰ ਮਿਲਿਆ। ਅਨਿਰੁੱਧ ਰਾਏ ਚੌਧਰੀ ਨੂੰ 'ਪਿੰਕ' ਲਈ ਬਿਹਤਰੀਨ ਨਿਰਦੇਸ਼ਨ ਦਾ ਸਨਮਾਨ ਮਿਲਿਆ। ਇਸ ਫਿਲਮ ਵਿੱਚ ਮੁੱਖ ਭੂਮਿਕਾ ਨਿਭਾਉਣ ਵਾਲੀ ਤਾਪਸੀ ਪੰਨੂ ਨੂੰ 'ਵਿਮੈਨ ਆਫ ਦਿ ਈਅਰ' ਪੁਰਸਕਾਰ ਲਈ ਚੁਣਿਆ ਗਿਆ। ਸੰਗੀਤਕਾਰ ਏ.ਆਰ. ਰਹਿਮਾਨ ਨੂੰ ਬਾਕੀ ਸਫ਼ਾ 18 'ਤੇ

## ਸੰਯੁਕਤ ਰਾਸ਼ਟਰ ਸੰਘ ਦੇ ਨਸਲਕੁਸ਼ੀ ਰੋਕਥਾਮ ਪ੍ਰੋਗਰਾਮ ਤਹਿਤ ਧਾਰਮਿਕ ਹਿੰਸਾ ਰੋਕਣ ਬਾਰੇ ਵਿਚਾਰਾਂ

### 'ਗਲੋਬਲ ਪਲੈਨ ਆਫ਼ ਐਕਸ਼ਨ' ਕੀਤਾ ਲਾਗੂ



ਦੁਨੀਆ ਭਰ 'ਚ ਵੱਧ ਰਹੀਆਂ ਨਸਲੀ ਹਿੰਸਾ ਦੀਆਂ ਵਾਰਦਾਤਾਂ ਦੇ ਭਖ਼ਦੇ ਮੁੱਦੇ ਉੱਤੇ ਮੀਟਿੰਗ 'ਚ ਸਿੱਖ ਪ੍ਰਤੀਨਿਧਾਂ ਦੀ ਸਮੂਲੀਅਤ

**ਨਿਊਯਾਰਕ/ਬਿਊਰੋ ਨਿਊਜ਼ :** ਦੁਨੀਆ ਭਰ ਵਿਚ ਵੱਧ ਰਹੀ ਧਾਰਮਿਕ ਹਿੰਸਾ ਦੇ ਜੀਵੰਤ ਮੁੱਦੇ 'ਤੇ ਸੰਯੁਕਤ ਰਾਸ਼ਟਰ ਦੇ ਨਸਲਕੁਸ਼ੀ ਰੋਕਥਾਮ ਪ੍ਰੋਗਰਾਮ, ਅੰਤਰਰਾਸ਼ਟਰੀ ਡਾਇਲਾਗ ਸੈਂਟਰ ਅਤੇ ਵਰਲਡ ਕੌਂਸਲ ਆਫ਼ ਚਰਚਸ ਵੱਲੋਂ ਸਥਾਨਕ ਸੰਯੁਕਤ ਰਾਸ਼ਟਰ ਮੁੱਖ ਦਫਤਰ ਵਿਖੇ ਅਹਿਮ ਵਿਚਾਰ-ਚਰਚਾ ਕਰਵਾਈ ਗਈ। ਇਸ ਵਿਚ ਧਰਮਾਂ ਦੇ ਆਧਾਰ 'ਤੇ ਵੱਧ ਰਹੀਆਂ ਹਿੰਸਕ ਘਟਨਾਵਾਂ ਬਾਕੀ ਸਫ਼ਾ 32 'ਤੇ

# ਮੋਦੀ ਨੂੰ ਹੁਣ ਨਜ਼ਰ ਆਈ ਗਊ ਰੱਖਿਆ ਦੇ ਨਾਂ 'ਤੇ ਹੁੰਦੀ ਗੁੰਡਾਗਰਦੀ

## ਕਿਹਾ : ਫਿਰਕੂ ਹਿੰਸਾ ਰੋਕਣ ਲਈ ਸੂਬਾ ਸਰਕਾਰਾਂ ਸਖ਼ਤ ਕਾਰਵਾਈ ਕਰਨ



ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਸ਼ਰਦ ਪਵਾਰ, ਫਾਰੂਕ ਅਬਦੁੱਲ੍ਹਾ ਤੇ ਸੀਪੀਆਈ ਦੇ ਡੀ.ਰਾਜਾ ਨਵੀਂ ਦਿੱਲੀ 'ਚ ਸੱਦੀ ਸਰਬ ਪਾਰਟੀ ਮੀਟਿੰਗ 'ਚ ਸ਼ਿਰਕਤ ਕਰਨ ਮੌਕੇ।

**ਨਵੀਂ ਦਿੱਲੀ/ਬਿਊਰੋ ਨਿਊਜ਼:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਖ਼ਰ ਹਿੰਦੂ ਕੱਟੜਵਾਦੀਆਂ ਤੇ ਭੂਤਰੇ ਭਾਜਪਾਈਆਂ ਵਲੋਂ ਗਊ ਰੱਖਿਆ ਦੇ ਨਾਂ ਕੀਤੀ ਜਾ ਰਹੀ ਗੁੰਡਾਗਰਦੀ ਹੁਣ ਨਜ਼ਰ ਆ ਗਈ ਹੈ। ਐਤਵਾਰ ਨੂੰ ਇੱਥੇ ਮੌਨਸੂਨ ਸੈਸ਼ਨ ਤੋਂ ਪਹਿਲੀ ਸ਼ਾਮ ਨੂੰ ਸਰਬ ਪਾਰਟੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਅਮਨ ਕਾਨੂੰਨ ਨੂੰ ਬਰਕਰਾਰ ਰੱਖਣਾ ਸੂਬਾ ਸਰਕਾਰਾਂ ਦੀ ਜ਼ਿੰਮੇਵਾਰੀ ਹੈ। ਸਾਨੂੰ ਗਊ ਰੱਖਿਆਂ ਦੇ ਨਾਂ ਉੱਤੇ ਕੀਤੀ ਜਾ ਰਹੀ ਗੁੰਡਾਗਰਦੀ ਨੂੰ ਰੋਕਣ ਲਈ ਸਖ਼ਤੀ ਨਾਲ ਪੇਸ਼ ਆਉਣਾ ਚਾਹੀਦਾ ਹੈ। ਉਨ੍ਹਾਂ ਗਊ ਹੱਤਿਆ ਦੇ ਨਾਂ ਉੱਤੇ ਹੁੰਦੀ ਫਿਰਕੂ ਹਿੰਸਾ ਨਾਲ ਨਜਿੱਠਣ ਲਈ ਵਿਰੋਧੀ ਪਾਰਟੀਆਂ ਤੋਂ ਸਹਿਯੋਗ ਦੀ ਮੰਗ ਕਰਦਿਆਂ ਕਿਹਾ ਕਿ ਸਾਰੀਆਂ ਰਾਜਸੀ ਪਾਰਟੀਆਂ ਨੂੰ ਗਊ ਰੱਖਿਆ ਦੇ ਨਾਂ ਉੱਤੇ ਕੀਤੀ ਜਾ ਰਹੀ ਗੁੰਡਾਗਰਦੀ ਦੀ ਨਿਖੇਧੀ ਕਰਨੀ ਚਾਹੀਦੀ ਹੈ ਅਤੇ ਇਸ ਨੂੰ ਰਾਜਸੀ ਰੰਗਤ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਮੀਟਿੰਗ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਟਵੀਟ ਕਰਦਿਆਂ ਕਿਹਾ, ਗਊ ਹੱਤਿਆ ਦੇ ਨਾਂ ਉੱਤੇ ਕੀਤੀ ਜਾ ਰਹੀ ਗੁੰਡਾਗਰਦੀ ਦੇ ਦੋਸ਼ੀਆਂ ਵਿਰੁੱਧ ਸੂਬਾ ਸਰਕਾਰਾਂ ਸਖ਼ਤ ਕਾਰਵਾਈ ਕਰਨ।' ਉਨ੍ਹਾਂ ਸਰਬ ਪਾਰਟੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗਊ ਨੂੰ ਮਾਂ ਦੀ ਤਰ੍ਹਾਂ ਸਨਮਾਨ ਦਿੱਤਾ ਜਾਂਦਾ ਹੈ, ਇਸ ਕਰਕੇ ਇਹ ਬੇਹੱਦ ਸੰਵੇਦਨਸ਼ੀਲ ਮੁੱਦਾ ਹੈ। ਪਰ ਸਾਨੂੰ ਸਮਝਣਾ ਚਾਹੀਦਾ ਹੈ ਕਿ ਗਊ ਰੱਖਿਆ ਲਈ ਕਾਨੂੰਨ ਹੈ ਅਤੇ ਕਾਨੂੰਨ ਦੀ ਉਲੰਘਣਾ ਕਰਨਾ ਇਸ ਦਾ ਬਦਲ ਨਹੀਂ ਹੈ। ਉਨ੍ਹਾਂ ਕਿਹਾ ਕਿ ਕੁੱਝ ਸਮਾਜ ਵਿਰੋਧੀ ਅਨਸਰ ਗਊ ਰੱਖਿਆ ਨੂੰ ਅਰਾਜਕਤਾ ਫੈਲਾਉਣ ਲਈ ਇੱਕ ਹਥਿਆਰ ਵਜੋਂ ਵਰਤ ਰਹੇ ਹਨ। ਕੁੱਝ ਲੋਕ ਜੋ ਸਮਾਜ ਦੀ ਸਾਂਝ ਨੂੰ ਤੋੜਨਾ ਚਾਹੁੰਦੇ ਹਨ , ਉਹ ਵੀ ਇਸ ਤੋਂ ਲਾਹਾ ਲੈਣ ਲਈ ਯਤਨਸ਼ੀਲ ਹਨ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਨਾਲ ਦੇਸ਼ ਦਾ ਅਕਸ ਖ਼ਰਾਬ ਹੁੰਦਾ ਹੈ। ਪ੍ਰਧਾਨ ਮੰਤਰੀ ਨੇ ਭ੍ਰਿਸ਼ਟਾਚਾਰ ਵਿਰੁੱਧ ਲੜਾਈ ਵਿੱਚ ਵੀ ਵਿਰੋਧੀ ਧਿਰਾਂ ਤੋਂ ਸਹਿਯੋਗ ਦੀ ਮੰਗ ਕੀਤੀ। ਬਾਕੀ ਸਫ਼ਾ 32 'ਤੇ

For Advertisements in Quomantry Amritsar Times Please Call :
Jai Singh
510-677-2777
















IN CINEMAS
JULY 21st
ENGLISH | PUNJABI | HINDI
BASED ON THE TRUE STORY OF
MAHARAJA DULEEP SINGH
THE BLACK PRINCE
A FILM BY KAVI RAZ
A FILM BY KAVI RAZ "THE BLACK PRINCE" STARRING SATINDER SARTAAJ JASON FLEMYNG AMANDA ROOT SOPHIE STEVENS RUP MAGON AND SHABANA AZMI MUSIC BY GEORGE KALLIS
SONGS MUSIC BY PREM & HARDEEP EDITED BY HEIDI SCHARFE JULY 21ST DIRECTOR OF PHOTOGRAPHY AARON C. SMITH WRITTEN AND DIRECTED BY KAVI RAZ
PG-13 PARENTS STRONGLY CAUTIONED
Some Material May Be Inappropriate for Children Under 13
CROSSOVER
brillstein entertainment partners
FAITH. BETRAYAL. HOPE.
ACI
UNISYS
STERLING

## ਫਰੀਮੌਂਟ ਗੁਰਦੁਆਰਾ ਸਾਹਿਬ ਵਿਖੇ ਗੁਰਮਤਿ ਗਿਆਨ ਕੈਂਪ





**ਫਰੀਮੌਂਟ/ਬਿਊਰੋ ਨਿਊਜ਼ :** ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਗੁਰਮਤਿ ਗਿਆਨ ਕੈਂਪ ਲਾਇਆ ਗਿਆ, ਜਿਸ ਵਿੱਚ 118 ਬੱਚਿਆਂ ਨੇ ਹਿੱਸਾ ਲਿਆ। ਬੱਚਿਆਂ ਨੇ ਅਰਦਾਸ, ਅਤੇ ਬਾਣੀਆਂ ਕੰਠ ਕੀਤੀਆਂ। ਇਸ ਮੌਕੇ ਬੱਚਿਆਂ ਨੂੰ ਅਰਦਾਸ ਦੇ ਮਾਇਨੇ ਅਤੇ ਸਿੱਖ ਇਤਿਹਾਸ ਬਾਰੇ ਵੀ ਜਾਣਕਾਰੀ ਦਿੱਤੀ। ਛੋਟੇ ਬੱਚਿਆਂ ਨੇ 6 ਬਾਣੀਆਂ ਦੀ ਸੰਥਿਆ ਪ੍ਰਾਪਤ ਕੀਤੀ ਅਤੇ ਵੱਡੇ ਬੱਚਿਆਂ ਨੇ ਸਲੋਕ ਸਹਿਸਕ੍ਰਤੀ ਦੀ ਸੰਥਿਆ ਪ੍ਰਾਪਤ ਕੀਤੀ।
ਯੂਨੀਵਰਸਿਟੀ ਦੀਆਂ ਬੱਚੀਆਂ ਸੁੱਖ ਅਮਰਪਾਲ ਕੌਰ ਅਤੇ ਗਗਨਦੀਪ ਕੌਰ ਨੇ ਭਾਈ ਭੁਪਿੰਦਰ ਸਿੰਘ ਦੀ ਰਹਿਨੁਮਾਈ ਹੇਠ 19 ਜੂਨ ਤੋਂ 14 ਜੁਲਾਈ ਤੱਕ ਚੱਲੇ ਇਸ ਕੈਂਪ ਦੀ ਸਫਲਤਾ ਵਿੱਚ ਅਹਿਮ ਰੋਲ ਨਿਭਾਇਆ। ਹਾਈ ਸਕੂਲ ਦੇ ਬੱਚਿਆਂ ਤੇ ਹੋਰ ਸੇਵਾਦਾਰਾਂ ਦੀ ਮਿਹਨਤ ਸਦਕਾ ਹੀ ਇਹ ਸਭ ਕੁਝ ਸੰਭਵ ਹੋ ਸਕਿਆ ਹੈ।
12 ਬੱਚਿਆਂ ਨੇ ਇਸ ਕੈਂਪ ਵਿੱਚ ਅੰਮ੍ਰਿਤ ਪਾਨ ਕੀਤਾ।

## ਵੈਨਕੂਵਰ ਵਿੱਚ ਫਿਲਮ 'ਦ ਬਲੈਕ ਪ੍ਰਿੰਸ ਦਾ ਵਿਸ਼ੇਸ਼ ਸ਼ੋਅ ਵੇਖਣ ਬਾਅਦ ਸਰਗਰਮ ਪੱਤਰਕਾਰ ਗੁਰਪ੍ਰੀਤ ਸਿੰਘ ਲੱਕੀ ਸਹੋਤਾ ਦੀ ਭਾਵਪੂਰਤ ਟਿੱਪਣੀ




ਕਲਕੱਤੇ ਦੇ ਹੋਟਲ ਬਾਹਰ ਮਹਾਰਾਣੀ ਜਿੰਦਾਂ ਵਲਾਇਤੋਂ ਪਹਿਲੀ ਵਾਰ ਮਿਲਣ ਆਏ ਦਲੀਪ ਸਿੰਘ ਨੂੰ ਬਾਹਰ ਖੜ੍ਹੇ ਸਿੱਖਾਂ ਬਾਰੇ ਦੱਸਦੀ ਹੈ, "ਇਹ ਸਿੱਖ ਰਾਜ ਦੇ ਸਿਪਾਹੀ ਨੇ, ਇਨ੍ਹਾਂ ਨੂੰ ਇੱਕ ਆਗੂ ਦੀ ਲੋੜ ਹੈ।"
"ਦਾ ਬਲੈਕ ਪ੍ਰਿੰਸ" ਫ਼ਿਲਮ ਦਾ ਅੰਗਰੇਜ਼ੀ 'ਚ ਪ੍ਰੀਮੀਅਰ ਸ਼ੋਅ ਦੇਖਣ ਤੋਂ ਬਾਅਦ ਇਹੀ ਡਾਇਲਾਗ ਸਿਰ 'ਚ ਘੁੰਮੀ ਜਾ ਰਿਹਾ।
ਫ਼ਿਲਮ ਦੇਖਣ ਵਾਲਿਆਂ 'ਚ ਬੇਫਿਕਰੇ ਹਸਮੁੱਖ ਸੁਭਾਅ ਵਾਲੇ ਵੀ ਸਨ ਤੇ ਸੰਜੀਦਾ ਵੀ। ਪਰ ਫ਼ਿਲਮ ਦੇ ਅਖੀਰ 'ਚ ਸਾਰੇ ਸੁੰਨ ਸਨ। ਤੁਹਾਡਾ ਸੁਭਾਅ ਜਿਹੋ ਜਿਹਾ ਮਰਜ਼ੀ ਹੋਵੇ, ਇਹ ਫ਼ਿਲਮ ਝੰਜੋੜ ਦੇਵੇਗੀ।
ਕਈਆਂ ਦੀ ਚਿਣਗ ਭਖਾਏਗੀ ਤੇ ਕਈਆਂ ਦੇ ਲਾਵੇਗੀ। ਇੱਕ ਨਵੀਂ ਬਹਿਸ ਛੇੜੇਗੀ।
ਫ਼ਿਲਮ, ਜਿਸਦਾ ਫਿਲਮਾਂਕਣ ਤੇ ਡਾਇਲਾਗ ਬਾਕਮਾਲ ਹਨ। ਸਭ ਤੋਂ ਵੱਡੀ ਗੱਲ, ਇਸ ਇਤਿਹਾਸਕ ਫ਼ਿਲਮ 'ਚ ਦਿਖਾਏ ਗਏ ਹਰੇਕ ਦ੍ਰਿਸ਼ ਨੂੰ ਸਹੀ ਸਾਬਤ ਕਰਨ ਲਈ ਸਬੂਤ ਮੌਜੂਦ ਹਨ।
ਸ਼ੁੱਕਰਵਾਰ 21 ਜੁਲਾਈ ਤੋਂ ਹਰ ਕੋਈ ਦੇਖ ਸਕੇਗਾ।
**- ਗੁਰਪ੍ਰੀਤ ਸਿੰਘ ਸਹੋਤਾ**

## ਭਾਰਤ ਸਰਕਾਰ ਨੂੰ ਜਾਗਰੂਕ ਕਰਨ ਲਈ ਘੱਟ-ਗਿਣਤੀ ਭਾਈਚਾਰੇ ਨੇ ਸ਼ਾਂਤੀ ਮਾਰਚ ਕੱਢਿਆ

**ਵਾਸ਼ਿੰਗਟਨ ਡੀ.ਸੀ./ਬਿਊਰੋ ਨਿਊਜ਼ :** ਭਾਰਤ ਵਿੱਚ ਘੱਟ ਗਿਣਤੀਆਂ 'ਤੇ ਹੋ ਰਹੇ ਅੱਤਿਆਚਾਰ ਅਤੇ ਗਊ ਦੇ ਨਾਮ 'ਤੇ ਹੋ ਰਹੀ ਸਿਆਸਤ ਦੇ ਭਿਆਨਕ ਸਿੱਟਿਆਂ ਬਾਰੇ ਭਾਰਤ ਸਰਕਾਰ ਨੂੰ ਜਾਗਰੂਕ ਕਰਨ ਤੇ ਠੱਲ੍ਹ ਪਾਉਣ ਲਈ 'ਫਿਰਕਾਪ੍ਰਸਤੀ ਸੁਮੇਲ ਅਤੇ ਸ਼ਾਂਤੀ' ਦੇ ਨਾਂ ਹੇਠ ਇੱਥੇ ਰੈਲੀ ਕੀਤੀ ਗਈ। ਇਸ ਦਾ ਮਕਸਦ ਭਾਰਤ ਨੂੰ ਸੁਨੇਹਾ ਦੇਣਾ ਸੀ ਕਿ ਉਥੇ ਕਾਨੂੰਨ ਦੀ ਸਥਿਤੀ ਡਾਵਾਂਡੋਲ ਹੋਈ ਪਈ ਹੈ। ਇਸ ਸਮੇਂ ਪੂਰੇ ਭਾਰਤ ਵਿੱਚ ਘੱਟ ਗਿਣਤੀ ਭਾਈਚਾਰਾ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਇਸ ਕਰਕੇ ਪੂਰਾ ਅਵਾਮ ਸਹਿਮ ਦੇ ਮਾਹੌਲ ਵਿੱਚ ਜੀਅ ਰਿਹਾ ਹੈ।



ਜੇਕਰ ਇਸ ਸਥਿਤੀ 'ਤੇ ਕਾਬੂ ਨਾ ਪਾਇਆ ਗਿਆ ਤਾਂ ਭਾਰਤ ਟੁਕੜਿਆਂ ਵਿੱਚ ਵੰਡਿਆ ਜਾਵੇਗਾ। ਇਸ ਸਥਿਤੀ ਬਾਰੇ ਕੌਮਾਂਤਰੀ ਪੱਧਰ 'ਤੇ ਸੁਚੇਤ ਕਰਦਿਆਂ ਵਿਦੇਸ਼ਾਂ ਵਿਚ ਵਸੇ ਭਾਰਤੀ ਭਾਈਚਾਰੇ ਵੱਲੋਂ ਰੈਲੀ ਕੱਢੀ ਗਈ। ਉਨ੍ਹਾਂ ਨੇ ਬੈਨਰ, ਹੋਰਡਿੰਗ ਅਤੇ ਲਿਟਰੇਚਰ ਵੰਡ ਕੇ ਭਾਰਤ ਸਰਕਾਰ ਨੂੰ ਸੁਨੇਹਾ ਦਿੱਤਾ ਕਿ 'ਅਜੇ ਵੀ ਡੁਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ।' ਸਥਿਤੀ ਨੂੰ ਕਾਬੂ ਵਿਚ ਰੱਖਣ ਅਤੇ ਘੱਟ ਗਿਣਤੀਆਂ ਨੂੰ ਸੁਰੱਖਿਅਤ ਰੱਖਣ ਲਈ ਸਖਤ ਕਦਮ ਚੁੱਕਣ ਦੀ ਲੋੜ ਹੈ। ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਹੋਣੀ ਚਾਹੀਦਾ ਹੈ ਤਾਂ ਜੋ ਘੱਟ ਗਿਣਤੀਆਂ ਦਾ ਵਿਸ਼ਵਾਸ ਜਿੱਤਿਆ ਜਾ ਸਕੇ।





SAVE $2500
ON DIESEL PER TRUCK WITH
ONE CALL!
10¢
TRANS-ALLIANCE
KHALSA FUEL CARD
1243 6756 7698 3421
TRANS EXPRESS
DISCOUNT PER GALLON
✓ No more Pre-Paid Cards
✓ Get Rid of Bank Wires
✓ Low Transaction Fee
MORE: SAVINGS.
SAVE $40
OIL CHANGE AND ANY SYNTHETIC BOX CHANGE SERVICE.
We Proudly Feature: Mobil Delvac
TA TRUCK SERVICE
MORE: BAYS. EXPERTISE. SOLUTIONS.
MORE: EXPERTISE.
To Get You Rolling.
Highly-trained ASE and TIA-certified technicians.
All major tire brands serviced roadside.
TA TRUCK SERVICE
ROADSQUAD
YOU BREAK DOWN. WE SHOW UP.
844-698-1923
NEW PHONE NUMBER JUST FOR TRANS-ALLIANCE MEMBERS!
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

# ਜੰਮੂ ਕਸ਼ਮੀਰ ਸਰਕਾਰ ਵਲੋਂ ਸਕੂਲਾਂ ਵਿਚ ਪੰਜਾਬੀ ਮੁੜ ਬਹਾਲ

**ਚੰਡੀਗੜ੍ਹ/ਬਿਊਰੋ ਨਿਊਜ਼:** ਜੰਮੂ ਕਸ਼ਮੀਰ ਦੀ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਵੱਲੋਂ ਸੂਬੇ ਦੇ ਸਕੂਲਾਂ ਵਿਚ ਪੰਜਾਬੀ ਭਾਸ਼ਾ ਨੂੰ ਮੁੜ ਤੋਂ ਲਾਗੂ ਕਰਨ ਦਾ ਐਲਾਨ ਕੀਤਾ ਗਿਆ। ਦੱਸਣਯੋਗ ਹੈ ਕਿ 21 ਜੂਨ ਨੂੰ ਜੰਮੂ ਕਸ਼ਮੀਰ ਸਰਕਾਰ ਵੱਲੋਂ ਪੰਜਾਬੀ ਭਾਸ਼ਾ ਨੂੰ ਹਟਾ ਕੇ ਕਸ਼ਮੀਰੀ, ਡੋਗਰੀ ਅਤੇ ਬੋਧੀ ਭਾਸ਼ਾਵਾਂ ਨੂੰ ਸਕੂਲਾਂ 'ਚ ਜਰੂਰੀ ਵਿਸ਼ੇ ਵੱਜੋਂ ਪੜਾਉਣ ਦਾ ਫੁਰਮਾਨ ਜਾਰੀ ਕੀਤਾ ਸੀ। ਇਸ ਫੁਰਮਾਨ ਦੇ ਵਿਰੋਧ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ , ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਉਥੋਂ ਦੀਆਂ ਜਥੇਬੰਦੀਆਂ ਵੱਲੋਂ ਮੁੱਖ ਮੰਤਰੀ ਨੂੰ ਪੱਤਰ ਭੇਜ ਕੇ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਮੁੜ ਸਕੂਲਾਂ ਵਿਚ ਲਾਗੂ ਕੀਤਾ ਜਾਵੇ। ਕਿਉਂਕਿ 2011 ਦੀ ਮਰਦਮਸ਼ੁਮਾਰੀ ਅਨੁਸਾਰ ਜੰਮੂ, ਕਠੂਆ, ਸਾਂਬਾ, ਰਾਜੌਰੀ, ਬਾਰਾਮੂਲਾ, ਪੁੰਛ ਅਤੇ ਪੁਲਵਾਮਾ ਜਿਲ੍ਹਿਆਂ ਵਿਚ ਸਿੱਖ ਵੱਡੀ ਤਦਾਦ 'ਚ ਰਹਿੰਦੇ ਹਨ। ਉਥੇ ਦੇ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਨਾ ਪੜਾਉਣਾ ਸਿੱਖ ਨੂੰ ਆਪਣੀ ਮਾਂ ਬੋਲੀ ਪੰਜਾਬੀ ਤੋਂ ਵਾਝੇ ਕਰਣਾ ਸੀ।

# 'ਜਕਾਰਾ ਮੂਵਮੈਂਟ' ਦੇ ਯਤਨਾਂ ਸਦਕਾ ਕੈਲੀਫੋਰਨੀਆ ਦੇ ਹਾਈ ਸਕੂਲਾਂ ਵਿਚ ਪੜ੍ਹਾਈ ਜਾਵੇਗੀ ਪੰਜਾਬੀ

**ਬੇਕਰਸਫੀਲਡ/ਬਿਊਰੋ ਨਿਊਜ਼ :**

ਬੇਕਰਸਫੀਲਡ ਦੇ ਵਸਨੀਕਾਂ ਨੂੰ ਪੰਜਾਬੀ ਸਿੱਖਣ ਦਾ ਮੌਕਾ ਮਿਲਣ ਜਾ ਰਿਹਾ ਹੈ। ਕੈਰਨ ਕਾਉਂਟੀ ਵਿਚ ਪਹਿਲੀ ਵਾਰ ਕਿਸੇ ਸਕੂਲ ਡਿਸਟ੍ਰਿਕ ਵਲੋਂ ਕੋਈ ਏਸ਼ਿਆਈ ਭਾਸ਼ਾ ਸਿਖਾਈ ਜਾਵੇਗੀ। ਕੈਲੀਫੋਰਨੀਆ ਵਿਚ ਕੰਮ ਕਰਦੀ ਸੰਸਥਾ 'ਜਕਾਰਾ ਮੂਵਮੈਂਟ' ਦੀ ਪ੍ਰਤੀਨਿਧ ਮਨਪ੍ਰੀਤ ਕੌਰ ਨੇ ਦੱਸਿਆ ਕਿ ਸਾਲ 2018-19 ਵਿਚ ਰਿਜਵਿਊ ਹਾਈ ਸਕੂਲ ਵਿਖੇ ਪੰਜਾਬੀ ਸਿਖਾਉਣ ਦਾ ਪ੍ਰੋਗਰਾਮ ਆਰੰਭਿਆ ਜਾਵੇਗਾ। ਜ਼ਿਕਰਯੋਗ ਹੈ ਕਿ ਕੈਲੀਫੋਰਨੀਆ ਵਿਚ ਪੰਜਾਬੀ ਉਨ੍ਹਾਂ 16 ਭਾਸ਼ਾਵਾਂ ਵਿਚ ਸ਼ਾਮਲ ਹੈ, ਜਿਸ ਨੂੰ ਇਕ ਲੱਖ ਤੋਂ ਵੱਧ ਲੋਕ ਬੋਲਦੇ ਹਨ। ਸੰਸਾਰ ਵਿਚ ਸਭ ਤੋਂ ਵੱਧ ਬੋਲੀਆਂ ਜਾਣ ਵਾਲੀਆਂ ਜ਼ੁਬਾਨਾਂ ਵਿਚ ਪੰਜਾਬੀ 10ਵੇਂ ਨੰਬਰ 'ਤੇ ਹੈ। ਮਨਪ੍ਰੀਤ ਕੌਰ ਦਾ ਕਹਿਣਾ ਹੈ ਕਿ ਕੈਰਨ ਕਾਉਂਟੀ ਵਿਚ ਇਕ ਸਦੀ ਤੋਂ ਵੱਧ ਸਮੇਂ ਤੋਂ ਸਿੱਖ ਰਹਿ ਰਹੇ ਹਨ, ਪਰ ਸਾਡੇ ਗਵਾਂਢੀ ਸਾਡੇ ਅਤੇ ਸਾਡੀ ਭਾਸ਼ਾ ਬਾਰੇ ਬਹੁਤ ਘੱਟ ਜਾਣਦੇ ਹਨ। ਪੰਜਾਬੀ ਭਾਈਚਾਰੇ ਦੀਆਂ ਲੋੜਾਂ ਨੂੰ ਮਹਿਸੂਸ ਕਰਦਿਆਂ ਹੀ ਸਕੂਲਾਂ ਵਿਚ ਪੰਜਾਬੀ ਸਿਖਾਉਣ ਦਾ ਉਪਰਾਲਾ ਸ਼ੁਰੂ ਕੀਤਾ ਗਿਆ ਹੈ। ਇਸ ਨਾਲ ਜਿੱਥੇ ਭਾਈਚਾਰੇ ਦੀ ਨਵੀਂ ਪੀੜ੍ਹੀ ਆਪਣੀ ਭਾਸ਼ਾ ਨਾਲ ਜੁੜੇਗੀ, ਉਥੇ ਹੋਰਨਾਂ ਭਾਈਚਾਰਿਆਂ ਨੂੰ ਵੀ ਸਾਨੂੰ ਸਮਝਣ ਦਾ ਮੌਕਾ ਹਾਸਲ ਹੋਵੇਗਾ, ਕਿਉਂਕਿ ਵੱਡੀ ਗਿਣਤੀ ਗੈਰ ਪੰਜਾਬੀ ਵਿਦਿਆਰਥੀ ਵੀ ਨਵੀਂ ਭਾਸ਼ਾ ਸਿੱਖਣਗੇ। ਇਸ ਨਾਲ ਸਭਿਆਚਾਰਕ ਸਾਂਝ ਵਧੇਗੀ। ਇਸ ਪ੍ਰੋਗਰਾਮ ਦਾ ਕੋਈ ਵੀ ਲਾਹਾ ਲੈ ਸਕਦਾ ਹੈ। 'ਜਕਾਰਾ ਮੂਵਮੈਂਟ' ਪੰਜਾਬੀ ਨੌਜਵਾਨਾਂ ਦੀ ਗੈਰ ਲਾਭਕਾਰੀ ਸੰਸਥਾ ਹੈ। ਮਨਪ੍ਰੀਤ ਕੌਰ ਨੇ ਦੱਸਿਆ ਕਿ ਕੇਐਚਐਸਡੀ ਟਰਸਟੀ ਜੈਫ ਫਲੋਰਸ ਦੀ ਮਦਦ ਨਾਲ ਇਸ ਉਪਰਾਲੇ ਨੂੰ ਹੁਲਾਰਾ ਮਿਲਿਆ ਹੈ। ਰਿਜਵਿਊ ਹਾਈ ਸਕੂਲ ਦੇ ਪ੍ਰਿੰਸੀਪਲ ਸਟੀਵ ਹੋਲਮਜ਼ ਦੀ ਅਗਵਾਈ ਨਾਲ ਇਕੋ ਦਿਨ ਵਿਚ 1500 ਹਸਤਾਖ਼ਰਾਂ ਵਾਲੀ ਪਟੀਸ਼ਨ ਹਾਸਲ ਹੋਈ। 'ਜਕਾਰਾ ਮੂਵਮੈਂਟ' ਸਟੀਵ ਨਾਲ ਮਿਲ ਕੇ ਪੰਜਾਬੀ ਸਿਖਾਉਣ ਦੇ ਪ੍ਰੋਗਰਾਮ ਨੂੰ ਵਧੀਆ ਢੰਗ ਨਾਲ ਅੱਗੇ ਤੋਰਨਗੇ। ਰਿਜਵਿਊ ਕੈਲੀਫੋਰਨੀਆ ਦੇ ਹੋਰਨਾਂ 7 ਸਕੂਲਾਂ ਨਾਲ ਮਿਲ ਕੇ ਪੰਜਾਬੀ ਭਾਸ਼ਾ ਲਈ ਪਹਿਲਾਂ ਹੀ ਤੈਅ ਨਿਯਮਾਂ ਮੁਤਾਬਕ ਕੰਮ ਕਰੇਗਾ। ਇਹ ਸਕੂਲ ਫਰਿਜ਼ਨੋ, ਕਰਮਨ, ਲਿਵਿੰਗਸਟੋਨ, ਯੂਬਾ ਸਿਟੀ, ਲਾਈਵ ਓਕ ਤੇ ਯੂਨੀਅਨ ਸਿਟੀ ਵਿਚ ਹਨ। 'ਜਕਾਰਾ ਮੂਵਮੈਂਟ' ਦੇ ਯਤਨਾਂ ਸਦਕਾ ਫਰਿਜ਼ਨੋ ਦੇ ਸੈਂਟਰਲ ਸਕੂਲ ਅਤੇ ਬੇਕਰਸਫੀਲਡ ਦੇ ਰਿਜਵਿਊ ਹਾਈ ਸਕੂਲ ਵਿਚ ਪਹਿਲਾਂ ਹੀ ਪੰਜਾਬੀ ਪੜ੍ਹਾਈ ਜਾ ਰਹੀ ਹੈ, ਹੁਣ ਪੰਜਾਬੀ ਨੂੰ ਓਫੀਸ਼ੀਅਲ ਲੈਂਗੂਏਜ ਕੋਰਸ ਵਜੋਂ ਸ਼ਾਮਲ ਕੀਤਾ ਜਾਵੇਗਾ। ਹੁਣ ਤੱਕ ਵਿਦਿਆਰਥੀ ਵਿਦੇਸ਼ੀ ਭਾਸ਼ਾ ਕੋਰਸ ਵਜੋਂ ਸਪੈਨਿਸ਼, ਫਰੈਂਚ ਜਾਂ ਜਰਮਨ ਲੈਂਦੇ ਆਏ ਹਨ, ਪਰ ਹੁਣ ਪੰਜਾਬੀ ਦੇ ਵਿਦਿਆਰਥੀ ਆਪਣੇ ਹਾਈ ਸਕੂਲਾਂ ਵਿਚ ਪੰਜਾਬੀ ਲਿਖ, ਪੜ੍ਹ ਅਤੇ ਬੋਲ ਸਕਣਗੇ।

# ਸ੍ਰੀ ਨਨਕਾਣਾ ਸਾਹਿਬ 'ਚ ਗੁਰਮੁਖੀ 'ਚ ਲਿਖ ਕੇ ਲਾਏ ਸੂਚਨਾ ਬੋਰਡ ਭਾਰੀ ਖਿੱਚ ਦਾ ਕੇਂਦਰ




**ਅੰਮ੍ਰਿਤਸਰ/ਸੁਰਿੰਦਰ ਕੋਛੜ:** ਪਾਕਿਸਤਾਨ ਦੇ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ 'ਚ ਮੁੱਖ ਸੜਕ 'ਤੇ ਸੂਬਾ ਸਰਕਾਰ ਦੇ ਹੁਕਮ 'ਤੇ ਐਮ. ਪੀ. ਏ. ਅਤੇ ਚੇਅਰਮੈਨ ਸਟੈਂਡਿੰਗ ਕਮੇਟੀ ਬਰਾਏ ਇਨਸਾਨੀ ਹਕੂਕ ਸ. ਰਮੇਸ਼ ਸਿੰਘ ਅਰੋੜਾ ਵੱਲੋਂ ਗੁਰਮੁਖੀ 'ਚ ਲਿਖ ਕੇ ਲਗਵਾਏ ਸੂਚਨਾ ਬੋਰਡ ਖਿੱਚ ਦਾ ਕੇਂਦਰ ਬਣੇ ਹੋਏ ਹਨ। ਮੁੱਖ ਸੜਕ ਦੇ ਨਾਲ-ਨਾਲ ਗੁਰਮੁਖੀ, ਉਰਦੂ ਤੇ ਅੰਗਰੇਜ਼ੀ 'ਚ ਲਿਖੇ ਇਹ ਬੋਰਡ ਲਾਹੌਰ ਤੋਂ ਸ੍ਰੀ ਨਨਕਾਣਾ ਸਾਹਿਬ ਨੂੰ ਜਾਂਦੇ ਮੁੱਖ ਰਸਤੇ, ਸ਼ੇਖ਼ੂਪੁਰਾ ਬਾਈਪਾਸ, ਮਾਨਾਂਵਾਲਾ ਮੋੜ ਅਤੇ ਸ੍ਰੀ ਨਨਕਾਣਾ ਸਾਹਿਬ ਬਾਈਪਾਸ ਦੇ ਅੱਗੇ ਲਗਾਏ ਗਏ ਹਨ। ਇਸਤੋਂ ਇਲਾਵਾ ਸ. ਅਰੋੜਾ ਵੱਲੋਂ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਤੋਂ ਗੁਰਦੁਆਰਾ ਪੱਟੀ ਸਾਹਿਬ ਅਤੇ ਗੁਰਦੁਆਰਾ ਬਾਬ ਲੀਲ੍ਹਾ ਤੱਕ ਦੀ ਸੜਕ ਪੱਕੀ ਕਰਵਾ ਕੇ ਉੱਥੇ ਵੀ ਗੁਰਮੁਖੀ 'ਚ ਲਿਖੇ ਸੂਚਨਾ ਬੋਰਡ ਲਗਵਾਏ ਗਏ ਹਨ ਗ਼ ਦੂਜੇ ਪਾਸੇ ਪਾਕਿਸਤਾਨ ਦੇ ਮਹਿਕਮਾ ਇਵੇਕੁਈ ਟਰੱਸਟ ਪ੍ਰਾਪਰਟੀ ਬੋਰਡ ਵੱਲੋਂ ਗੁਰੂ ਨਾਨਕ ਦੇਵ ਇੰਟਰਨੈਸ਼ਨਲ ਯੂਨੀਵਰਸਿਟੀ ਕਦੇ ਸ੍ਰੀ ਨਨਕਾਣਾ ਸਾਹਿਬ ਤੇ ਕਦੇ ਮੁਰੀਦ ਕੇ ਅਤੇ ਕਦੇ ਸ਼ੇਖ਼ੂਪੁਰਾ 'ਚ ਖੋਲ੍ਹੇ ਜਾਣ ਦੇ ਐਲਾਨ ਕਰਨ ਨਾਲ ਯੂਨੀਵਰਸਿਟੀ ਸਬੰਧੀ ਅਨਿਸਚਿਤਤਾ ਪੈਦਾ ਹੋ ਰਹੀ ਹੈ।

ਦੱਸਣਯੋਗ ਹੈ ਕਿ ਈ. ਟੀ. ਪੀ. ਬੀ. ਦੇ ਚੇਅਰਮੈਨ ਸਾਦਿਕ ਉਲ ਫ਼ਾਰੂਕ ਵੱਲੋਂ ਪਿਛਲੇ ਵਰ੍ਹੇ ਨਵੰਬਰ ਮਹੀਨੇ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ ਵਿਖੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੁਆਰਾ ਗੁਰੂ ਨਾਨਕ ਦੇਵ ਇੰਟਰਨੈਸ਼ਨਲ ਯੂਨੀਵਰਸਿਟੀ ਦਾ ਨੀਂਹ-ਪੱਥਰ ਰੱਖੇ ਜਾਣ ਦਾ ਐਲਾਨ ਕੀਤਾ ਗਿਆ ਸੀ। ਪ੍ਰਧਾਨ ਮੰਤਰੀ ਦੇ ਮੌਕੇ 'ਤੇ ਨਾ ਪਹੁੰਚਣ 'ਤੇ ਕੁਝ ਦਿਨਾਂ ਬਾਅਦ ਉਦਘਾਟਨ ਲਈ ਲਗਾਇਆ ਗਿਆ ਨੀਂਹ-ਪੱਥਰ ਜ਼ਿਲ੍ਹੇ ਦੀ ਬਾਰ ਐਸੋਸੀਏਸ਼ਨ ਦੇ ਵਕੀਲ ਮੈਂਬਰਾਂ ਦੁਆਰਾ ਇਹ ਕਹਿ ਕੇ ਉਖਾੜ ਦਿੱਤਾ ਗਿਆ ਕਿ ਯੂਨੀਵਰਸਿਟੀ ਬਣਾਉਣ ਲਈ ਚੁਣੀ ਗਈ ਥਾਂ ਪਹਿਲਾਂ ਈ. ਟੀ. ਪੀ. ਬੀ. ਵੱਲੋਂ ਵਕੀਲਾਂ ਦੀ ਰਿਹਾਇਸ਼ੀ ਕਾਲੋਨੀ ਤੇ ਕਚਹਿਰੀ ਬਣਾਉਣ ਲਈ ਅਲਾਟ ਕੀਤੀ ਗਈ ਸੀ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਨਾਂਅ ਉੱਤੇ ਸ੍ਰੀ ਨਨਕਾਣਾ ਸਾਹਿਬ 'ਚ ਯੂਨੀਵਰਸਿਟੀ ਖੋਲ੍ਹੇ ਜਾਣ ਦਾ ਐਲਾਨ ਕਰ ਕੇ ਈ. ਟੀ. ਪੀ. ਬੀ. ਵੱਲੋਂ ਵਿਦੇਸ਼ ਦੀ ਸਿੱਖ ਸੰਗਤ ਪਾਸੋਂ ਆਰਥਿਕ ਸਹਿਯੋਗ ਵੀ ਮੰਗਿਆ ਗਿਆ ਸੀ। ਇਸ ਦੇ ਨਾਲ ਹੀ ਸ. ਰਮੇਸ਼ ਸਿੰਘ ਅਰੋੜਾ ਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਤਾਰਾ ਸਿੰਘ ਨੇ ਇਹ ਵੀ ਐਲਾਨ ਕੀਤਾ ਸੀ ਕਿ ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ 'ਤੇ 100 ਏਕੜ 'ਚ ਬਣਨ ਵਾਲੀ ਉਪਰੋਕਤ ਯੂਨੀਵਰਸਿਟੀ 'ਚ ਇਕੱਲੇ ਪਾਕਿਸਤਾਨ ਦੇ ਹੀ ਨਹੀਂ ਸਗੋਂ ਦੁਨੀਆ ਭਰ ਦੇ ਸਿੱਖਾਂ ਦੇ ਬੱਚੇ ਗਿਆਨ ਹਾਸਲ ਕਰਨਗੇ, ਪਰ ਹੁਣ ਪਾਕਿਸਤਾਨ ਸਰਕਾਰ ਵਲੋਂ ਉਪਰੋਕਤ ਯੂਨੀਵਰਸਿਟੀ ਨੂੰ ਕਦੇ ਸ਼ੇਖ਼ੂਪੁਰਾ ਤੇ ਕਦੇ ਮੁਰੀਦ ਕੇ 'ਚ ਖੋਲ੍ਹੇ ਜਾਣ ਦੇ ਐਲਾਨ ਕਰਨ ਨਾਲ ਦੇਸ਼-ਵਿਦੇਸ਼ 'ਚ ਸਿੱਖਾਂ 'ਚ ਨਿਰਾਸ਼ਾ ਫ਼ੈਲਦੀ ਜਾ ਰਹੀ ਹੈ।

ਇਸ ਮਾਮਲੇ ਨੂੰ ਲੈ ਕੇ ਪਾਕਿਸਤਾਨ ਦੀਆਂ ਵੱਖ-ਵੱਖ ਵਿਦਿਆਰਥੀ ਜਥੇਬੰਦੀਆਂ, ਆਈ. ਐਸ. ਐਫ., ਐਮ. ਐਸ. ਐਫ., ਪੀ. ਐਸ. ਐਫ., ਇਸਲਾਮੀ ਜਮਾਤ-ਏ-ਤਾਲਬਾ, ਅਲ-ਮੁਹੰਮਦੀਆ ਸਟੂਡੈਂਟਸ ਯੂਨੀਅਨ, ਤਾਜ਼ੀਮ ਯੂਨੀਅਨ ਅਤੇ ਅਸਤਾਨਾ ਆਲੀਆ ਕਾਦਰੀਆ ਚਿਸ਼ਤੀਆ ਸਾਬਰੀਆ ਸੰਸਥਾ ਵੱਲੋਂ ਵਿਰੋਧ ਪ੍ਰਦਰਸ਼ਨ ਕਰਦਿਆਂ ਪਾਕਿਸਤਾਨ ਸਰਕਾਰ 'ਤੇ ਯੂਨੀਵਰਸਿਟੀ ਸ੍ਰੀ ਨਨਕਾਣਾ ਸਾਹਿਬ 'ਚ ਖੋਲ੍ਹੇ ਜਾਣ ਸਬੰਧੀ ਦਬਾਅ ਬਣਾਇਆ ਜਾ ਰਿਹਾ ਹੈ


CIS CALIFORNIA IMMIGRATION SERVICES
(Registered & Bonded)
> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> H-1 B VISA PETITION
> STUDENT VISA
> RELIGIOUS VISA
> LEGAL SERVICES


Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com

Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# ਚੋਣਾਂ ਦੌਰਾਨ ਰੂਸ ਦੀ ਸ਼ਮੂਲੀਅਤ ਮਾਮਲੇ 'ਚ ਟਰੰਪ ਖ਼ਿਲਾਫ਼ ਮਹਾਂਦੋਸ਼ ਲਈ ਪਹਿਲਾ ਮਤਾ ਪੇਸ਼

**ਵਾਸ਼ਿੰਗਟਨ/ਬਿਊਰੋ ਨਿਊਜ਼ :** ਡੈਮੋਕਰੈਟਿਕ ਪਾਰਟੀ ਦੇ ਇਕ ਸੰਸਦ ਮੈਂਬਰ ਨੇ ਪਿਛਲੇ ਸਾਲ ਅਮਰੀਕੀ ਚੋਣਾਂ ਦੌਰਾਨ ਰੂਸ ਦੀ ਕਥਿਤ ਭੂਮਿਕਾ ਦੀ ਚੱਲ ਰਹੀ ਜਾਂਚ ਵਿੱਚ ਅੜਿੱਕੇ ਡਾਹੁਣ ਦਾ ਦੋਸ਼ ਲਾਉਂਦਿਆਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਖ਼ਿਲਾਫ਼ ਮਹਾਂਦੋਸ਼ ਲਈ ਪਹਿਲਾ ਮਤਾ ਪੇਸ਼ ਕੀਤਾ ਹੈ। ਕੈਲੀਫੋਰਨੀਆ ਤੋਂ ਸੰਸਦ ਮੈਂਬਰ ਬਰੈਡ ਸ਼ਰਮਨ ਵੱਲੋਂ ਪੇਸ਼ ਇਸ ਮਤੇ ਵਿਚ ਟਰੰਪ 'ਤੇ ਵੱਡੇ ਅਪਰਾਧ ਤੇ ਬਦਤਮੀਜ਼ ਹੋਣ ਦਾ ਦੋਸ਼ ਲਾਇਆ ਗਿਆ ਹੈ। ਸ਼ਰਮਨ ਵੱਲੋਂ ਪੇਸ਼ ਇਸ ਮਤੇ 'ਤੇ ਸਹੀ ਪਾਉਂਦਿਆਂ ਡੈਮੋਕਰੈਟ ਅਲ ਗਰੀਨ ਨੇ ਇਸ ਦੀ ਤਾਈਦ ਕੀਤੀ ਹੈ। ਉਂਜ ਇਹ ਪਹਿਲੀ ਵਾਰ ਹੈ ਜਦੋਂ ਕਿਸੇ ਅਮਰੀਕੀ ਕਾਨੂੰਨਘਾੜੇ ਨੇ ਟਰੰਪ ਖ਼ਿਲਾਫ਼ ਮਹਾਦੋਸ਼ ਲਈ ਮਤਾ ਪੇਸ਼ ਕੀਤਾ ਹੈ। ਹਾਲਾਂਕਿ ਰਿਪਬਲਿਕਨਾਂ ਦੇ ਕੰਟਰੋਲ ਵਾਲੀ ਕਾਂਗਰਸ ਵੱਲੋਂ ਡੈਮੋਕਰੈਟਾਂ ਦੀ ਇਸ ਪੇਸ਼ਕਦਮੀ ਨੂੰ ਰੋਕ ਲਏ ਜਾਣ ਦੇ ਪੂਰੇ ਆਸਾਰ ਹਨ। ਯਾਦ ਰਹੇ ਕਿ ਡੋਨਲਡ ਟਰੰਪ ਨੇ 20 ਜਨਵਰੀ ਨੂੰ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ ਸੀ।

ਡੈਮੋਕਰੈਟਾਂ ਵੱਲੋਂ ਪੇਸ਼ ਮਤੇ ਨੂੰ ਅੱਗੇ ਤੋਰਨ ਲਈ ਹੁਣ ਇਸ ਨੂੰ ਪ੍ਰਤੀਨਿਧ ਸਭਾ ਵਿੱਚ ਬਹੁਮਤ ਨਾਲ ਪਾਸ ਕਰਾਉਣਾ ਹੋਵੇਗਾ। ਮੌਜੂਦਾ ਪ੍ਰਤੀਨਿਧ ਸਭਾ ਵਿੱਚ ਟਰੰਪ ਦੀ ਰਿਪਬਲਿਕਨ ਪਾਰਟੀ 46 ਵੋਟਾਂ ਦੀ ਬੜਤ ਨਾਲ ਬਿਹਤਰ ਸਥਿਤੀ ਵਿੱਚ ਹੈ ਤੇ ਪਾਰਟੀ ਨਾਲ ਸਬੰਧਤ ਕਾਨੂੰਨਸਾਜ਼ਾਂ ਵੱਲੋਂ ਮਹਾਦੋਸ਼ ਦੇ ਹੱਕ ਵਿੱਚ ਵੋਟ ਪਾਉਣ ਦੇ ਆਸਾਰ ਮੱਧਮ ਹਨ। ਉਧਰ ਵ੍ਹਾਈਟ ਹਾਊਸ ਦੀ ਬੁਲਾਰਾ ਸਾਰ੍ਹਾ ਹਕਾਬੀ ਨੇ ਸ਼ਰਮਨ ਦੇ ਇਸ ਕਦਮ ਨੂੰ ਖਾਰਜ ਕਰ ਦਿੱਤਾ ਹੈ। ਵਾਈਟ ਹਾਊਸ ਦੀ ਬੁਲਾਰਾ ਸਾਰ੍ਹਾ ਹਕਾਬੀ ਸੈਂਡਰਸ ਨੇ ਕਿਹਾ, 'ਮੈਨੂੰ ਲਗਦਾ ਹੈ ਕਿ ਇਹ ਪੂਰੀ ਤਰ੍ਹਾਂ ਨਾਲ ਬੇਤੁਕਾ ਤੇ ਹੁਣ ਤਕ ਦੀ ਸਭ ਤੋਂ ਖ਼ਰਾਬ ਸਿਆਸਤ ਹੈ।' ਇਸ ਦੌਰਾਨ ਸ਼ਰਮਨ ਨੇ ਟਰੰਪ ਖ਼ਿਲਾਫ਼ ਮਹਾਦੋਸ਼ ਲਈ ਮਤਾ ਪੇਸ਼ ਕਰਨ ਮਗਰੋਂ ਕਿਹਾ, 'ਡੋਨਲਡ ਟਰੰਪ ਜੂਨੀਅਰ ਦੇ ਹਾਲੀਆ ਖੁਲਾਸੇ ਤੋਂ ਇਹੀ ਇਸ਼ਾਰਾ ਮਿਲਦਾ ਹੈ ਕਿ ਚੋਣਾਂ ਮੌਕੇ ਟਰੰਪ ਵੱਲੋਂ ਸ਼ੁਰੂ ਕੀਤੀ ਮੁਹਿੰਮ ਰੂਸ ਤੋਂ ਮਦਦ ਲੈਣ ਦੀ ਚਾਹਵਾਨ ਸੀ। ਹੁਣ ਇਹ ਲੱਗ ਰਿਹਾ ਹੈ ਕਿ ਜਦੋਂ ਰਾਸ਼ਟਰਪਤੀ ਨੇ ਕੌਮੀ ਸੁਰੱਖਿਆ ਸਲਾਹਕਾਰ ਮਾਈਕਲ ਫਲਿਨ ਦੀ ਜਾਂਚ ਅਤੇ ਵਿਸਥਾਰਤ ਰੂਸੀ ਜਾਂਚ ਵਿੱਚ ਅੜਿੱਕਾ ਡਾਹੁਣ ਦਾ ਯਤਨਾ ਕੀਤਾ ਤਾਂ ਉਹ ਕੁਝ ਲੁਕਾਉਣਾ ਚਾਹੁੰਦੇ ਸਨ। ਮੇਰਾ ਮੰਨਣਾ ਹੈ ਕਿ ਉਨ੍ਹਾਂ ਦੀ ਗੱਲਬਾਤ ਤੇ ਮਗਰੋਂ ਐਫਬੀਆਈ ਜੇਮਸ ਕੌਮੀ ਨੂੰ ਅਹੁਦੇ ਤੋਂ ਹਟਾਉਣਾ ਨਿਆਂ ਦੇ ਰਾਹ ਵਿੱਚ ਅੜਿੱਕਾ ਖੜ੍ਹਾ ਕਰਨ ਦੇ ਬਰਾਬਰ ਸੀ।'



ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਤੇ ਉਨ੍ਹਾਂ ਦੀ ਪਤਨੀ ਮੇਲਾਨੀਆ ਟਰੰਪ ਪੈਰਿਸ ਦੇ ਓਰਲੀ ਹਵਾਈ ਅੱਡੇ 'ਤੇ ਪਹੁੰਚਦੇ ਹੋਏ।

# ਟਰੰਪ ਦੀ ਯਾਤਰਾ ਪਾਬੰਦੀ ਹੋਰ ਕਮਜ਼ੋਰ ਪਈ: ਅਦਾਲਤ ਨੇ ਰਿਸ਼ਤੇਦਾਰਾਂ ਦੀ ਸੂਚੀ ਕੀਤੀ ਲੰਬੀ

**ਦਰਅ/ਬਿਊਰੋ ਨਿਊਜ਼ :** ਅਮਰੀਕਾ ਦੇ ਸੂਬੇ ਹਵਾਈ ਵਿੱਚ ਇਕ ਸੰਘੀ ਜੱਜ ਨੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਪਹਿਲਾਂ ਹੀ ਪੇਤਲੇ ਕੀਤੇ ਜਾ ਚੁੱਕੇ ਟਰੈਵਲ ਬੈਨ ਨੂੰ ਹੋਰ ਕਮਜ਼ੋਰ ਕਰ ਦਿੱਤਾ ਹੈ। ਇਸ ਜੱਜ ਨੇ ਅਮਰੀਕੀ ਨਾਗਿਰਕਾਂ ਨਾਲ ਪਰਿਵਾਰਕ ਰਿਸ਼ਤੇ ਦੀ ਸੂਚੀ ਦਾ ਦਾਇਰਾ ਵਧਾ ਦਿੱਤਾ ਹੈ। ਗ਼ੌਰਤਲਬ ਹੈ ਕਿ ਮੁਸਲਿਮ ਬਹੁਗਿਣਤੀ ਵਾਲੇ ਛੇ ਮੁਲਕਾਂ ਸੀਰੀਆ, ਲਿਬੀਆ, ਸੂਡਾਨ, ਸੋਮਾਲੀਆ, ਇਰਾਨ ਤੇ ਯਮਨ ਦੇ ਨਾਗਿਰਕਾਂ ਉਤੇ ਯਾਤਰਾ ਸਬੰਧੀ ਪਾਬੰਦੀ ਲਾਈ ਗਈ ਹੈ।

ਯੂਐਸ ਜ਼ਿਲ੍ਹਾ ਜੱਜ ਡੈਰਿਕ ਵਾਟਸਨ ਨੇ ਸਰਕਾਰ ਨੂੰ ਹੁਕਮ ਦਿੱਤਾ ਕਿ ਅਮਰੀਕਾ ਦੇ ਲੋਕਾਂ ਦੇ ਕਿਸੇ ਵੀ ਪਰਿਵਾਰਕ ਰਿਸ਼ਤੇਦਾਰ ਉਤੇ ਰੋਕ ਨਾ ਲਾਈ ਜਾਵੇ। ਉਨ੍ਹਾਂ ਇਹ ਵੀ ਆਦੇਸ਼ ਦਿੱਤਾ ਕਿ ਸਰਕਾਰ ਉਨ੍ਹਾਂ ਸ਼ਰਨਾਰਥੀਆਂ ਨੂੰ ਬਾਹਰ ਨਹੀਂ ਰੱਖ ਸਕਦੀ, ਜਿਨ੍ਹਾਂ ਨੂੰ ਅਮਰੀਕਾ ਵਿੱਚ ਮੁੜ-ਵਸੇਬਾ ਏਜੰਸੀਆਂ ਵੱਲੋਂ ਸਥਾਪਤ ਕਰਨ ਸਬੰਧੀ ਰਸਮੀ ਭਰੋਸਾ ਤੇ ਵਾਅਦਾ ਦਿੱਤਾ ਗਿਆ ਹੈ। ਗ਼ੌਰਤਲਬ ਹੈ ਕਿ ਅਮਰੀਕਾ ਦੀ ਸੁਪਰੀਮ ਕੋਰਟ, ਜਿਸ ਨੇ ਅਕਤੂਬਰ ਵਿਚ ਸੁਣਵਾਈ ਤੋਂ ਪਹਿਲਾਂ ਪਿਛਲੇ ਮਹੀਨੇ ਸੋਧੇ ਹੋਏ ਟਰੈਵਲ ਬੈਨ ਦੇ ਹੁਕਮਾਂ ਨੂੰ ਹਰੀ ਝੰਡੀ ਦੇ ਦਿੱਤੀ ਸੀ, ਨੇ ਇਸ ਪਾਬੰਦੀ ਤੋਂ ਉਨ੍ਹਾਂ ਵੀਜ਼ਾ ਬਿਨੈਕਾਰਾਂ ਨੂੰ ਛੋਟ ਦਿੱਤੀ ਹੈ, ਜੋ ਅਮਰੀਕੀ ਨਾਗਰਿਕ ਨਾਲ ਰਿਸ਼ਤੇ ਬਾਰੇ 'ਪ੍ਰਮਾਣ' ਦੇ ਸਕਦੇ ਹਨ। ਟਰੰਪ ਪ੍ਰਸ਼ਾਸਨ ਨੇ ਰਿਸ਼ਤੇ ਦੀ ਪਰਿਭਾਸ਼ਾ ਨੂੰ ਸੀਮਤ ਕਰਦਿਆਂ ਇਸ ਵਿੱਚ ਸਿਰਫ਼ ਮਾਪਿਆਂ, ਜੀਵਨ ਸਾਥੀ, ਮੰਗੇਤਰ, ਔਲਾਦ, ਜਵਾਈ, ਨੂੰਹ ਜਾਂ ਭਰਾ ਨੂੰ ਹੀ ਸ਼ਾਮਲ ਕੀਤਾ ਸੀ। ਪਰ ਹੁਣ ਜੱਜ ਨੇ ਪਰਿਵਾਰਕ ਰਿਸ਼ਤੇਦਾਰਾਂ ਦੀ ਸੂਚੀ ਲੰਬੀ ਕਰ ਦਿੱਤੀ ਹੈ।

## ਟਰੰਪ ਬੋਲੇ-ਮੈਕਸਿਕੋ ਸਰਹੱਦ 'ਤੇ ਕੰਧ ਨੂੰ ਮਜ਼ਾਕ ਨਾ ਸਮਝੋ

ਵਾਸ਼ਿੰਗਟਨ: ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਉਨ੍ਹਾਂ ਦੀ ਅਮਰੀਕਾ-ਮੈਕਸਿਕੋ ਸਰਹੱਦ ਉਤੇ ਸੂਰਜੀ ਊਰਜਾ ਵਾਲੀ ਕੰਧ ਉਸਾਰਨ ਸਬੰਧੀ ਤਜਵੀਜ਼ ਨੂੰ ਮਜ਼ਾਕ ਨਾ ਸਮਝਿਆ ਜਾਵੇ। ਪੈਰਿਸ ਜਾਂਦੇ ਸਮੇਂ ਜਹਾਜ਼ ਵਿਚ ਰਾਸ਼ਟਰਪਤੀ ਨੇ ਪੱਤਰਕਾਰਾਂ ਨੂੰ ਕਿਹਾ, 'ਨਹੀਂ', ਇਹ ਮਜ਼ਾਕ ਨਹੀਂ ਹੈ। ਅਸੀਂ ਊਰਜੀ ਊਰਜਾ ਵਾਲੀ ਕੰਧ ਉਸਾਰ ਸਕਦੇ ਹਾਂ। ਇਸ ਲਈ ਬਹੁਤ ਵਧੀਆ ਮੌਕਾ ਹੈ। ਸਰਹੱਦ ਦੀ ਨਿਗਰਾਨੀ ਕਰਨ ਵਾਲੇ ਕੁੱਝ ਅਧਿਕਾਰੀਆਂ ਵੱਲੋਂ ਅਜਿਹੀ ਕੰਧ ਦੀ ਮੰਗ ਕੀਤੀ ਗਈ ਹੈ, ਜਿਸ ਦੇ ਆਰ-ਪਾਰ ਦੇਖਿਆ ਜਾ ਸਕੇ।' ਉਨ੍ਹਾਂ ਕਿਹਾ ਕਿ ਮੈਕਸਿਕੋ ਨਾਲ ਲੱਗਦੀ ਸਰਹੱਦ ਦੋ ਹਜ਼ਾਰ ਮੀਲ ਲੰਬੀ ਹੈ ਪਰ ਇਸ ਸਾਰੀ 'ਤੇ ਕੰਧ ਉਸਾਰਨ ਦੀ ਲੋੜ ਨਹੀਂ ਹੈ ਕਿਉਂਕਿ ਕਈ ਥਾਈਂ ਕੁਦਰਤੀ ਨਾਕੇ ਹਨ।'

# ਬੱਚੇ ਦੇ ਸਰੀਰਕ ਸ਼ੋਸ਼ਣ ਦੇ ਮਾਮਲੇ 'ਚ ਗੁਰਪ੍ਰੀਤ ਸਿੰਘ ਦੀ ਅਮਰੀਕੀ ਨਾਗਰਿਕਤਾ ਹੋਵੇਗੀ ਰੱਦ

**ਨਿਊਯਾਰਕ/ਬਿਊਰੋ ਨਿਊਜ਼ :** ਧੋਖਾਧੜੀ ਅਤੇ ਆਵਾਸ ਵਿਭਾਗ ਨੂੰ ਆਪਣੇ ਪੁਰਾਣੇ ਜੁਰਮਾਂ ਦੀ ਜਾਣਕਾਰੀ ਨਾ ਦੇਣ ਕਰ ਕੇ ਇੱਕ 37 ਸਾਲਾ ਭਾਰਤੀ ਦੀ ਅਮਰੀਕੀ ਨਾਗਰਿਕਤਾ ਰੱਦ ਕੀਤੀ ਜਾਵੇਗੀ। ਉਸ ਨੇ ਇੱਕ ਨੌਂ ਸਾਲਾ ਬੱਚੇ ਦਾ ਸਰੀਰਕ ਸ਼ੋਸ਼ਣ ਕੀਤਾ ਸੀ। ਜਨਵਰੀ ਮਹੀਨੇ ਅਦਾਲਤ ਵੱਲੋਂ ਵਾਟਰਟਾਊਨ ਦੇ ਗੁਰਪ੍ਰੀਤ ਸਿੰਘ ਨੂੰ ਗ਼ਲਤ ਢੰਗ ਨਾਲ ਅਮਰੀਕੀ ਨਾਗਰਿਕਤਾ ਲੈਣ ਦਾ ਦੋਸ਼ੀ ਠਹਿਰਾਇਆ ਗਿਆ ਸੀ ਤੇ ਤਿੰਨ ਮਹੀਨੇ ਦੀ ਕੈਦ ਦੀ ਸਜ਼ਾ ਦਿੱਤੀ ਗਈ ਸੀ। ਉਸ ਤੋਂ ਬਾਅਦ ਵੀ ਤਿੰਨ ਸਾਲ ਉਸ 'ਤੇ ਨਜ਼ਰ ਰੱਖੀ ਜਾਵੇਗੀ। ਦੋਸ਼ੀ ਸਿੱਧ ਹੋਣ ਕਾਰਨ ਉਸ ਦੀ ਨਾਗਰਿਕਤਾ ਰੱਦ ਕੀਤੀ ਜਾਵੇਗੀ। ਅਦਾਲਤੀ ਕਾਰਵਾਈ ਦੌਰਾਨ ਪੇਸ਼ ਕੀਤੇ ਗਏ ਸਬੂਤਾਂ ਤੋਂ ਇਹ ਗੱਲ ਸਾਹਮਣੇ ਆਈ ਕਿ ਗੁਰਪ੍ਰੀਤ ਜੋ ਮੂਲ ਰੂਪ ਵਿੱਚ ਭਾਰਤ ਦਾ ਰਹਿਣ ਵਾਲਾ ਹੈ, ਨੇ ਵਾਰ ਵਾਰ ਆਵਾਸ ਵਿਭਾਗ ਦੇ ਅਧਿਕਾਰੀਆਂ ਨੂੰ ਭਰੋਸਾ ਦਿਵਾਇਆ ਕਿ ਉਸ ਨੇ ਕੋਈ ਜੁਰਮ ਨਹੀਂ ਕੀਤਾ। ਅਧਿਕਾਰੀਆਂ ਨੂੰ ਬਾਅਦ ਵਿੱਚ ਪਤਾ ਲੱਗਿਆ ਕਿ ਜਿਸ ਵਕਫ਼ੇ ਦੌਰਾਨ ਗੁਰਪ੍ਰੀਤ ਅਮਰੀਕੀ ਨਾਗਰਿਕਤਾ ਲਈ ਅਪਲਾਈ ਕਰ ਰਿਹਾ ਸੀ, ਉਸੇ ਦੌਰਾਨ ਉਸ ਨੇ ਇੱਕ ਨੌਂ ਸਾਲਾ ਬੱਚੇ ਦਾ ਸਰੀਰਕ ਸ਼ੋਸ਼ਣ ਕੀਤਾ ਸੀ। ਸੂਬਤਾਂ ਤੋਂ ਇਹ ਗੱਲ ਸਪਸ਼ਟ ਹੋ ਗਈ ਹੈ ਕਿ ਉਸ ਨੇ ਜਾਣਬੁੱਝ ਕੇ ਇਹ ਗੱਲ ਆਵਾਸ ਵਿਭਾਗ ਦੇ ਅਧਿਕਾਰੀਆਂ ਨੂੰ ਨਹੀਂ ਦੱਸੀ। ਅਪ੍ਰੈਲ 2012 ਵਿੱਚ ਨਾਗਰਿਕਤਾ ਮਿਲਣ ਤੋਂ ਇੱਕ ਦਿਨ ਬਾਅਦ ਹੀ ਪੁਲੀਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਤਿੰਨ ਮਹੀਨਿਆਂ ਦੀ ਕੈਦ ਤੋਂ ਬਾਅਦ ਜਦੋਂ ਉਹ ਬਾਹਰ ਆ ਜਾਵੇਗਾ ਤਾਂ ਵੀ ਉਸ ਨੂੰ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨਾਲ ਮੁਲਾਕਾਤ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਪਾਰਕ, ਲਾਇਬਰੇਰੀ, ਸਕੂਲ ਥਾਵਾਂ 'ਤੇ ਜਾਣ ਤੋਂ ਪਹਿਲਾਂ ਸਬੰਧਤ ਅਧਿਕਾਰੀ ਨੂੰ ਆਗਿਆ ਲੈਣੀ ਲਾਜ਼ਮੀ ਹੋਵੇਗੀ।

# ਇੰਡੋ ਅਮਰੀਕਨ ਕਲਚਰਲ ਔਰਗੇਨਾਈਜੇਸ਼ਨ ਵਲੋਂ ਗਦਰੀ ਬਾਬਿਆਂ ਦਾ ਮੇਲਾ 8 ਅਕਤੂਬਰ ਨੂੰ

**ਸੈਕਰਾਮੈਂਟੋ/ਬਿਊਰੋ ਨਿਊਜ:** ਇੰਡੋ ਅਮਰੀਕਨ ਕਲਚਰਲ ਔਰਗੇਨਾਈਜੇਸ਼ਨ ਵੱਲੋਂ ਗ਼ਦਰੀ ਬਾਬਿਆਂ ਦੀ ਯਾਦ ਵਿਚ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਇਹ ਮੇਲਾ 8 ਅਕਤੂਬਰ ਐਤਵਾਰ ਨੂੰ ਈਸਟ ਸਟਾਕਟਨ ਬੁੱਲਵਾੜ, ਸੈਕਰਾਮੈਂਟੋਂ ਵਿਖੇ ਐਸ ਈ ਐਸ ਹਾਲ ਵਿਖੇ ਕਰਵਾਇਆ ਜਾਵੇਗਾ। ਭਾਰਤੀ ਉਪ ਮਹਾਂਦੀਪ ਦੀ ਅੰਗਰੇਜ਼ ਸਮਾਰਾਜ ਤੋਂ ਆਜ਼ਾਦੀ ਲਈ ਲੜੇ ਹਥਿਆਰਬੰਦ ਸੰਘਰਸ਼ ਵਿਚ ਹੱਸ ਹੱਸ ਫਾਂਸੀ ਦੇ ਰੱਸੇ ਗਲ ਵਿਚ ਪਾਉਣ ਵਾਲੇ ਸੂਰਮਿਆਂ, ਕਾਲੇ ਪਾਣੀ ਦੇ ਕੁੰਭੀ ਨਰਕ ਭੋਗਣ ਵਾਲੇ ਤੇ ਜਾਨਾ ਵਾਰਨ ਵਾਲੇ ਯੋਧਿਆਂ ਦੀ ਯਾਦ ਨੂੰ ਸਮਰਪਿਤ ਹੋਵੇਗਾ। ਇੰਡੋ ਅਮਰੀਕਨ ਕਲਚਰਲ ਔਰਗੇਨਾਈਜੇਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਅਤੇ ਜਨਰਲ ਸਕੱਤਰ ਗਿਆਨ ਸਿੰਘ ਵਲੋਂ ਇੱਥੇ ਜਾਰੀ ਇੱਕ ਲਿਖਤੀ ਪ੍ਰੈਸ ਬਿਆਨ ਅਨੁਸਾਰ ਮੇਲੇ ਦੇ ਆਰੰਭ ਵਿਚ ਪ੍ਰਸਿੱਧ ਗ਼ਦਰ ਆਜ਼ਾਦੀ ਘੁਲਾਈਟੇ ਮੌਲਵੀ ਮੁਹੰਮਦ ਬਰਕਰਤ ਉਲਾ ਦੀ ਮਜ਼ਾਰ ਤੇ ਫੁੱਲ ਚੜ੍ਹਾਉਣ ਦੀ ਰਸਮ ਹੋਵੇਗੀ ਬਾਅਦ ਵਿਚ ਝੰਡੇ ਦੀ ਰਸਮ ਹੋਵੇਗੀ ਤੇ ਹਾਲ ਵਿਚ ਪ੍ਰਸਿੱਧ ਕਲਾਕਾਰ ਸ਼ਹੀਦਾਂ ਨੂੰ ਗੀਤਾਂ ਰਾਹੀਂ ਸ਼ਰਧਾਜ਼ਲੀ ਭੇਂਟ ਕਰਨਗੇ।



# ਵਿਗਿਆਨੀਆਂ ਦੀ ਚਿਤਾਵਨੀ : ਸਦੀ ਦੇ ਅੰਤ ਤੱਕ ਡੁੱਬ ਜਾਣਗੇ ਅਮਰੀਕਾ ਦੇ ਵੱਡੇ ਸ਼ਹਿਰ

## ਨਿਊ ਯਾਰਕ, ਬੌਸਟਨ ਤੇ ਮਿਆਮੀ ਨੂੰ ਪੈ ਸਕਦੀ ਹੈ ਭਿਆਨਕ ਹੜ੍ਹਾਂ ਦੀ ਮਾਰ



**ਵਾਸ਼ਿੰਗਟਨ/ਬਿਊਰੋ ਨਿਊਜ਼ :**

ਵਿਗਿਆਨੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਆਉਂਦੇ ਕੁਝ ਦਹਾਕਿਆਂ ਤੱਕ ਅਮਰੀਕਾ ਦੇ ਵੱਡੇ ਸ਼ਹਿਰ ਜਿਵੇਂ ਨਿਊ ਯਾਰਕ, ਬੌਸਟਨ ਤੇ ਮਿਆਮੀ ਨੂੰ ਭਿਅੰਕਰ ਹੜ੍ਹਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਕਿਉਂਕਿ ਵਾਤਾਵਰਣ ਤਬਦੀਲੀ ਕਾਰਨ ਸਮੁੰਦਰ ਦਾ ਪੱਧਰ ਲਗਾਤਾਰ ਵੱਧ ਰਿਹਾ ਹੈ ਤੇ 60 ਫੀਸਦ ਤੱਕ ਤੱਟੀ ਲੋਕਾਂ ਨੂੰ ਸਾਲ 2100 ਤੱਕ ਆਪਣੇ ਘਰ ਛੱਡਣੇ ਪੈਣਗੇ।

ਵਿਗਿਆਨੀਆਂ ਨੇ ਅਮਰੀਕੀ ਸ਼ਹਿਰਾਂ ਦੀ ਸੂਚੀ ਤਿਆਰ ਕੀਤੀ ਹੈ ਜਿਨ੍ਹਾਂ ਨੂੰ ਸਮੁੰਦਰ ਦਾ ਪੱਧਰ ਵਧਣ ਕਾਰਨ ਅਗਲੇ 20, 50 ਜਾਂ 80 ਸਾਲਾਂ ਤੱਕ ਹੜ੍ਹਾਂ ਦੀ ਮਾਰ ਝੱਲਣੀ ਪੈ ਸਕਦੀ ਹੈ। ਅਮਰੀਕਾ ਦੀ ਗ਼ੈਰ-ਮੁਨਾਫ਼ੇ ਵਾਲੀ ਵਿਗਿਆਨ ਸਲਾਹਕਾਰ ਸੰਸਥਾ ਦੇ ਵਿਗਿਆਨੀਆਂ ਦੀ ਯੂਨੀਅਨ ਦੇ ਖੋਜੀਆਂ ਮੁਤਾਬਕ ਜੇਕਰ ਸਮੁੰਦਰ ਸਬੰਧੀ ਕੀਤੀ ਗਈ ਭਵਿੱਖਬਾਣੀ ਸਹੀ ਸਾਬਤ ਹੁੰਦੀ ਹੈ ਨਿਊ ਯਾਰਕ, ਬੌਸਟਨ, ਸਾਨ ਫਰਾਂਸਿਸਕੋ ਤੇ ਮਿਆਮੀ ਦਾ ਭਵਿੱਖ ਭਿਆਨਕ ਹੋਵੇਗਾ। ਸੰਸਥਾ ਦੀ ਸੀਨੀਅਰ ਵਾਤਾਵਰਣ ਮਾਹਿਰ ਐਰਿਕਾ ਸਪੈਂਗਰ ਸਾਈਗਫਰਾਈਡ ਨੇ ਕਿਹਾ ਕਿ ਰਿਪੋਰਟ ਮੁਤਾਬਕ ਦੱਸੇ ਗਏ ਸ਼ਹਿਰਾਂ ਨੂੰ 26 ਗੁਣਾ ਵੱਧ ਹੜ੍ਹਾਂ ਦੀ ਮਾਰ ਝੱਲਣੀ ਪੈ ਸਕਦੀ ਹੈ ਭਾਵ ਇਨ੍ਹਾਂ ਸ਼ਹਿਰਾਂ ਵਿਚ ਹਰ ਹਫ਼ਤੇ ਹੜ੍ਹ ਆਉਣਗੇ। ਉਨ੍ਹਾਂ ਕਿਹਾ ਕਿ ਜਰਸੀ ਕਿਨਾਰਿਆਂ ਦੀਆਂ ਥਾਵਾਂ ਤੇ ਉੱਤਰੀ ਕੈਰੋਲੀਨਾ ਦੇ 2035 ਤੱਕ ਪਾਣੀ ਵਿੱਚ ਡੁੱਬਣ ਦਾ ਖਦਸ਼ਾ ਹੈ ਅਤੇ ਦੱਖਣੀ ਲੂਸੀਆਣਾ ਤੇ ਗੁਆਂਢੀ ਖੇਤਰ ਵੀ ਅਸੁਰੱਖਿਅਤ ਹਨ। ਇਸ ਸਦੀ ਦੇ ਅੰਤ ਤੱਕ ਵੱਡੀ ਆਬਾਦੀ ਵਾਲੇ ਸ਼ਹਿਰਾਂ ਨੂੰ ਖਤਰਾ ਹੈ।

# ਜਹਾਜ਼ ਹਾਦਸੇ ਵਿਚ ਭਾਰਤੀ ਮੂਲ ਦੇ ਮਨੋਵਿਗਿਆਨੀ ਜੋੜੇ ਦੀ ਮੌਤ

**ਹਿਊਸਟਨ/ਬਿਊਰੋ ਨਿਊਜ਼ :** ਅਮਰੀਕਾ ਦੇ ਓਹਾਇਓ ਸੂਬੇ ਵਿੱਚ ਇਕ ਪ੍ਰਾਈਵੇਟ ਜਹਾਜ਼ ਦੇ ਹਾਦਸੇ ਦਾ ਸ਼ਿਕਾਰ ਹੋਣ ਕਾਰਨ ਭਾਰਤੀ ਮੂਲ ਦੇ ਮਨੋਵਿਗਿਆਨੀ ਜੋੜੇ ਦੀ ਮੌਤ ਹੋ ਗਈ। ਓਹਾਇਓ ਸਟੇਟ ਹਾਈਵੇਅ ਪੈਟਰੋਲ ਦੇ ਬਿਆਨ ਮੁਤਾਬਕ ਉਮਾਮਹੇਸ਼ਵਰ ਕਲਪਤਾਪੂ (63) ਅਤੇ ਉਸ ਦੀ ਪਤਨੀ ਸੀਤਾ-ਗੀਤਾ ਕਲਪਤਾਪੂ (61) ਦੀ ਜਹਾਜ਼ ਹਾਦਸੇ ਵਿੱਚ ਮੌਤ ਹੋ ਗਈ।

ਬਿਆਨ ਅਨੁਸਾਰ ਜਹਾਜ਼ ਪਾਈਪਰ ਆਰਚਰ ਪੀਏ-28 ਨੂੰ ਉਮਾਮਹੇਸ਼ਵਰ ਖ਼ੁਦ ਉਡਾ ਰਹੇ ਸਨ ਅਤੇ ਅਜਿਹਾ ਦੱਸਿਆ ਜਾ ਰਿਹਾ ਹੈ ਕਿ ਇਹ ਜਹਾਜ਼ ਸ਼ਨਿਚਰਵਾਰ ਨੂੰ ਸਵੇਰੇ ਸਾਢੇ ਦਸ ਤੋਂ ਬਾਅਦ ਦੁਪਹਿਰ ਸਾਢੇ 12 ਵਜੇ ਦਰਮਿਆਨ ਹਾਦਸਾਗ੍ਰਸਤ ਹੋਇਆ। ਓਹਾਇਓ ਸਟੇਟ ਹਾਈਵੇਅ ਪੈਟਰੋਲ ਐਵੀਏਸ਼ਨ ਨੇ ਸਿਵਲ ਏਅਰ ਪੈਟਰੋਲ ਦੀ ਮਦਦ ਨਾਲ ਹਾਦਸੇ ਵਾਲੀ ਜਗ੍ਹਾ ਦਾ ਪਤਾ ਲਾਇਆ, ਜੋ ਦੱਖਣੀ ਪੂਰਬੀ ਓਹਾਇਓ ਦੇ ਬੈਵਰਲੀ ਪਿੰਡ ਵਿਚ ਹੈ। ਅਜੇ ਤਕ ਇਸ ਹਾਦਸੇ ਦੇ ਕਾਰਨਾਂ ਦਾ ਪਤਾ ਨਹੀਂ ਲੱਗਾ ਹੈ। ਸੰਘੀ ਹਵਾਈ ਪ੍ਰਸ਼ਾਸਨ ਤੇ ਕੌਮੀ ਆਵਾਜਾਈ ਸੁਰੱਖਿਆ ਬੋਰਡ ਵੱਲੋਂ ਇਸ ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ। ਬਿਨਾਂ ਮੁਨਾਫ਼ੇ ਵਾਲੇ ਦਿਮਾਗੀ ਸਿਹਤ ਸੰਭਾਲ ਸੇਵਾਵਾਂ ਮੁਹੱਈਆ ਕਰਾਉਣ ਵਾਲੇ 'ਬੋਵੇਨ ਸੈਂਟਰ' ਨੇ ਕਲਪਤਾਪੂ ਪਰਿਵਾਰ ਨਾਲ ਦੁੱਖ ਦਾ ਇਜ਼ਹਾਰ ਕੀਤਾ ਹੈ। ਕਲਪਤਾਪੂ ਜੋੜਾ 'ਰਾਜ ਕਲੀਨਿਕਸ' ਦਾ ਮਾਲਕ ਸੀ, ਜਿਸ ਦੇ ਲੋਗਨਸਪੋਰਟ, ਇੰਡੀਆਨਾਪੋਲਿਸ, ਫੋਰਟ ਵੇਨ, ਲਾਫਾਯੇਟੀ ਅਤੇ ਕੋਕੋਮੋ ਵਿੱਚ ਦਫ਼ਤਰ ਹਨ। ਜਾਣਕਾਰੀ ਮੁਤਾਬਕ ਪ੍ਰੋਫੈਸ਼ਨਲ ਫੋਟੋਗ੍ਰਾਫਰਜ਼ ਆਫ ਅਮੈਰਿਕਾ ਵੱਲੋਂ 2005 ਤੋਂ ਸ੍ਰੀ ਉਮਾਮਹੇਸ਼ਵਰ ਨੂੰ ਪ੍ਰੋਫੈਸ਼ਨਲ ਫੋਟੋਗ੍ਰਾਫਰ ਦਾ ਦਰਜਾ ਦਿੱਤਾ ਹੋਇਆ ਸੀ ਅਤੇ ਉਨ੍ਹਾਂ ਨੇ ਕਈ ਸੂਬਾਈ, ਕੌਮੀ ਤੇ ਕੌਮਾਂਤਰੀ ਪੁਰਸਕਾਰ ਜਿੱਤੇ ਸਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

### ਪੁਸਤਕ ਪੜਚੋਲ

# ‘ਸ਼ਹੀਦ ਕਰਤਾਰ ਸਿੰਘ ਸਰਾਭਾ; ਤੂਫ਼ਾਨਾਂ ਦਾ ਸ਼ਾਹ ਅਸਵਾਰ’

(ਸ. ਅਜਮੇਰ ਸਿੰਘ ਦੀ ਨਵੀਂ ਕਿਤਾਬ ਸ਼ਹੀਦ ਕਰਤਾਰ ਸਿੰਘ ਸਰਾਭਾ; ਤੂਫ਼ਾਨਾਂ ਦਾ ਸ਼ਾਹ ਅਸਵਾਰ’ ਬਾਰੇ ਇਕ ਪੁਸਤਕ ਪੜਚੋਲ ਦੇ (15 ਜੁਲਾਈ, 2017) ਦੇ ਅੰਕ ਵਿਚ ਛਪੀ ਹੈ। ‘ਕੌਮਾਂਤਰੀ ਅੰਮ੍ਰਿਤਸਰ ਟਾਈਮਜ਼’ ਦੇ ਪਾਠਕਾਂ ਲਈ ਇਸਨੂੰ ਇੱਥੇ ਛਾਪ ਰਹੇ ਹਾਂ)

ਸ. ਅਜਮੇਰ ਸਿੰਘ ਉੱਤਰਾਧੁਨਿਕ ਦੌਰ ਦਾ ਚਿੰਤਕ ਹੈ। ਉਹ ਸਿੱਖ ਇਤਿਹਾਸ ਦੇ ਕੁਝ ਪ੍ਰਮੁੱਖ ਬਿਰਤਾਂਤਾਂ ਦਾ ਲੇਖਣ/ਪੁਨਰਲੇਖਣ ਕਰ ਰਿਹਾ ਹੈ। ਉਸ ਦੀ ਵਿਚਾਰਧਾਰਾ ਉੱਪਰ ਗੁਰਬਾਣੀ ਅਤੇ ਗੁਰਇਤਿਹਾਸ ਦੇ ਨਾਲ ਨਾਲ ਮਾਰਕਸ, ਹੇਗਲ, ਮਿਸ਼ੇਲ ਫੂਕੋ ਅਤੇ ਗਰਾਮਸ਼ੀ ਦਾ ਪ੍ਰਭਾਵ ਵੀ ਸਪੱਸ਼ਟ ਤੌਰ ’ਤੇ ਦੇਖਿਆ ਜਾ ਸਕਦਾ ਹੈ।




ਇਹ ਪੁਸਤਕ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸੰਘਰਸ਼ ਨੂੰ ਇਕ ਸੱਜਰੇ ਅਤੇ ਨਵੇਂ ਪਰਿਪੇਖ ਵਿਚ ਰੱਖ ਕੇ ਬਿਆਨ ਕਰਦੀ ਹੈ। ਇਹੀ ਕਾਰਨ ਹੈ ਕਿ ਇਹ ਸ. ਸਰਾਭਾ ਦੇ ਜੀਵਨ ਬਾਰੇ ਲਿਖੀਆਂ ਹੋਰ ਪੁਸਤਕਾਂ ਨਾਲੋਂ ਨਿਆਰੀ ਅਤੇ ਸਿਰਕੱਢਵੀਂ ਹੈ। ਇਸ ਪੁਸਤਕ ਦੀ ਰਚਨਾ ਕਰਨ ਸਮੇਂ ਲੇਖਕ ਨੇ 100 ਨਾਲੋਂ ਵੀ ਵੱਧ ਪੰਜਾਬੀ ਅਤੇ ਅੰਗਰੇਜ਼ੀ ਪੁਸਤਕਾਂ ਦਾ ਅਧਿਐਨ ਕੀਤਾ ਹੈ। ਉਸ ਨੇ ਆਪਣੇ ਵੱਲੋਂ ਕਿਸੇ ਲੇਖਕ ਦਾ ਜਿਹੜਾ ਵੀ ਹਵਾਲਾ ਦਿੱਤਾ ਹੈ, ਉਸ ਨੂੰ ਪੂਰੀ ਤਰ੍ਹਾਂ ਨਾਲ ਪ੍ਰਮਾਣਿਤ ਕਰ ਲਿਆ ਹੈ। ਹਵਾਲਾ ਦੇਣ ਦੇ ਚਾਅ/ਜੋਸ਼ ਵਿਚ ਕੋਈ ਹਵਾਲਾ ਨਹੀਂ ਦਿੱਤਾ ਗਿਆ। ਇਸ ਵਿਧੀ ਕਾਰਨ ਇਸ ਪੁਸਤਕ ਵਿਚਲਾ ਹਰ ਵੇਰਵਾ ਅਤੇ ਟਿੱਪਣੀ ਪੂਰੀ ਤਰ੍ਹਾਂ ਨਾਲ ਪ੍ਰਾਸੰਗਿਕ ਸਿੱਧ ਹੁੰਦੀ ਹੈ। ਆਪਣੀਆਂ ਕੁਝ ਪਹਿਲੀਆਂ ਪੁਸਤਕਾਂ ਵਿਚ ਵੀ ਉਹ ਇਸੇ ਵਿਧੀ ਦਾ ਪ੍ਰਯੋਗ ਕਰਦਾ ਹੈ।

ਲੇਖਕ ਨੇ ਸ. ਸਰਾਭਾ ਦੇ ਮੁਢਲੇ ਜੀਵਨ, ਅਮਰੀਕਾ-ਯਾਤਰਾ (ਬਰਾਸਤਾ ਹਾਂਗਕਾਂਗ), ਉੱਤਰੀ ਅਮਰੀਕਾ ਵਿਚ ਭਾਰਤੀਆਂ ਦੀ ਦੁਰਦਸ਼ਾ, ਗ਼ਦਰ ਪਾਰਟੀ ਦੀ ਸਥਾਪਨਾ: ਰਣਨੀਤੀ, ਪ੍ਰਚਾਰ ਤੇ ਲਾਮਬੰਦੀ, ਦੇਸ਼ ਨੂੰ ਵਹੀਰਾਂ ਅਤੇ ਬਗ਼ਾਵਤ ਦੀਆਂ ਤਿਆਰੀਆਂ, ਗ਼ਦਰ ਦੇ ਆਰੰਭ ਅਤੇ ਅਸਫਲਤਾ ਆਦਿ ਬਿਰਤਾਂਤ ਏਨੀ ਸਮੁੱਚਤਾਵਾਦੀ ਦ੍ਰਿਸ਼ਟੀ ਬਿਆਨ ਨਾਲ ਕੀਤੇ ਹਨ ਕਿ ਕਿਧਰੇ ਵੀ ਕੋਈ ਖੱਪਾ ਨਜ਼ਰ ਨਹੀਂ ਆਉਂਦਾ। ਇਹ ਪੁਸਤਕ ਸ. ਸਰਾਭਾ ਦਾ ਇਕ ਨਵਾਂ ਅਤੇ ਵਧੇਰੇ ਪ੍ਰਮਾਣਿਕ ਬਿੰਬ ਸਿਰਜਣ ਵਿਚ ਪੂਰੀ ਭਾਂਤ ਸਫਲ ਸਿੱਧ ਹੁੰਦੀ ਹੈ। ਉਸ ਦਾ ਇਹ ਕਥਨ ਧਿਆਨਯੋਗ ਹੈ ਕਿ ਇਨਕਲਾਬੀ ਲਹਿਰਾਂ ਦਾ ਇਤਿਹਾਸ ਲਿਖਣ ਲਈ ਇਸ ਦੇ ਪਾਤਰਾਂ ਦੇ ਅਹਿਸਾਸਾਂ ਨੂੰ ਪਕੜਨਾ ਜਿੰਨਾ ਜ਼ਰੂਰੀ ਹੁੰਦਾ ਹੈ, ਓਨਾ ਹੀ ਦੁੱਭਰ ਵੀ ਹੁੰਦਾ ਹੈ। (ਪੰਨਾ 12) ਪਰ ਉਸ ਨੇ ਇਹ ਕਾਰਨਾਮਾ ਕਰ ਦਿਖਾਇਆ ਹੈ। ਅਜਮੇਰ ਸਿੰਘ ਦੀ ਇਹ ਲਿਖਤ ਹਰ ਪੰਜਾਬੀ ਵਾਸਤੇ ਪੜ੍ਹਨਯੋਗ ਹੈ।

ਗੀਵਿਊਕਾਰ: ਪ੍ਰੋ. ਬ੍ਰਹਮਜਗਦੀਸ਼ ਸਿੰਘ

# ਭਾਰਤ ਮੇਰੇ ਪਾਰਟੀ ਆਗੂ ਬਣਨ ’ਚ ਅੜਿਕੇ ਪਾ ਰਿਹੈ: ਜਗਮੀਤ ਸਿੰਘ

## *ਸਿੱਖ ਮਸਲੇ ਉਭਾਰਣ ਵਾਲੇ ਕੈਨੇਡੀਅਨ ਸਿੱਖ ਆਗੂ ਨੂੰ ਨਹੀਂ ਦਿੱਤਾ ਸੀ ਭਾਰਤ ਦਾ ਵੀਜ਼ਾ*

**ਚੰਡੀਗੜ੍ਹ/ਬਿਊਰੋ ਨਿਊਜ਼:** ਕੈਨੇਡਾ ਦੀ ਮੁੱਖ ਵਿਰੋਧੀ ਧਿਰ ਨਿਊ ਡੈਮੋਕਰੇਟਿਕ ਪਾਰਟੀ (NDP) ਦੇ ਆਗੂ ਅਤੇ ਓਂਟਾਰੀਓ ਦੀ ਪ੍ਰੋਵਿਨਸ਼ੀਅਲ ਅਸੈਂਬਲੀ ਦੇ ਮੈਂਬਰ ਜਗਮੀਤ ਸਿੰਘ, ਜਿਨ੍ਹਾਂ ਨੂੰ ਕਿ ਭਾਰਤੀ ਕੌਂਸਲੇਟ ਦੇ ਅਧਿਕਾਰੀਆਂ ਵਲੋਂ ਤਿੰਨ ਸਾਲ ਪਹਿਲਾਂ ਭਾਰਤ ਦਾ ਵੀਜ਼ਾ ਦੇਣ ਤੋਂ ਨਾਂਹ ਕਰ ਦਿੱਤੀ ਗਈ ਸੀ, ਨੇ ਕਿਹਾ ਕਿ ਭਾਰਤ ਉਨ੍ਹਾਂ ਦੇ ਨਿਊ ਡੈਮੋਕਰੇਟਿਕ ਪਾਰਟੀ ਦੇ ਆਗੂ ਬਣਨ ਦੇ ਪ੍ਰਚਾਰ ’ਚ ਰੁਕਾਵਟਾਂ ਖੜ੍ਹੀਆਂ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇੱਥੋਂ ਛਪਦੇ ਅੰਗਰੇਜੀ ਦੇ ਰੋਜ਼ਾਨਾ ਅਖ਼ਬਾਰ ਹਿੰਦੁਸਤਾਨ ਟਾਈਮਜ਼ ਦੀ ਵਿਸ਼ੇਸ਼ ਰਿਪੋਰਟ ਅਨੁਸਾਰ ਅੰਮ੍ਰਿਤਧਾਰੀ ਸਿੱਖ ਆਗੂ ਜਗਮੀਤ ਸਿੰਘ ਐਨ.ਡੀ.ਪੀ. ਦੇ ਆਗੂ ਦੀ ਚੋਣ ਲਈ ਇਕ ਕਾਬਲ ਉਮੀਦਵਾਰ ਦੇ ਤੌਰ ’ਤੇ ਉਭਰੇ ਹਨ ਪਰ ਸਿੱਖ ਮਸਲਿਆਂ ਦੇ ਹੱਕ ਵਿੱਚ ਉੱਚ ਪੱਧਰ ਉੱਤੇ ਆਵਾਜ਼ ਬੁਲੰਦ ਕਰਦੇ ਰਹਿਣ ਕਾਰਨ ਭਾਰਤ ਸਰਕਾਰ ਨਾਲ ਉਨ੍ਹਾਂ ਦੇ ਸਬੰਧ ਚੰਗੇ ਨਹੀਂ ਰਹੇ।



ਕੈਨੇਡਾ ਦੇ ਰੋਜ਼ਾਨਾ ਅਖ਼ਬਾਰ ਦਾ ਗਲੋਬ ਐਂਡ ਮੇਲ’ ਨੂੰ ਜਗਮੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਸਮਰਥਕਾਂ ਨੇ ਜਾਣਕਾਰੀ ਦਿੱਤੀ ਕਿ ਓਟਾਵਾ ’ਚ ਭਾਰਤੀ ਹਾਈ ਕਮੀਸ਼ਨ ਨੇ ਆਪਣਾ ਪ੍ਰਭਾਵ ਇਸਤੇਮਾਲ ਕਰਕੇ ਉਨ੍ਹਾਂ ਦੇ ਪ੍ਰਚਾਰ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ। ਇਸੇ ਤਰ੍ਹਾਂ ਦਾ ਬਿਆਨ ਉਨ੍ਹਾਂ ਵੈਨਕੂਵਰ ਦੇ ਹਫਤਾਵਾਰੀ ਨੂੰ ਵੀ ਦਿੱਤਾ ਸੀ ਕਿ “ਕੁਝ ਲੋਕਾਂ ਨੇ ਪਹਿਲਾਂ ਪ੍ਰਚਾਰ ਲਈ ਫੰਡ ਦੇਣ ’ਚ ਦਿਲਚਸਪੀ ਦਿਖਾਈ ਸੀ ਪਰ ਬਾਅਦ ’ਚ ਕਿਸੇ ਦਬਾਅ ਕਾਰਨ ਉਨ੍ਹਾਂ ਦਾ ਮਨ ਬਦਲ ਗਿਆ।” ਉਨ੍ਹਾਂ ਕਿਹਾ, “ਮੈਂ ਹਾਲੇ ਵੀ ਕਈ ਗਵਾਹ ਇਕੱਠੇ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ ਤਾਂ ਜੋ ਸਾਬਤ ਕੀਤਾ ਜਾ ਸਕੇ ਅਤੇ ਬਣਦੀ ਕਾਰਵਾਈ ਕੀਤੀ ਜਾ ਸਕੇ।”

ਓਂਟਾਰੀਓ ਸੂਬਾਈ ਅਸੈਂਬਲੀ ਦੇ ਮੈਂਬਰ ਜਗਮੀਤ ਸਿੰਘ ਨੂੰ ਭਾਰਤੀ ਅਧਿਕਾਰੀਆਂ ਨੇ ਸੰਨ 2013 ਦੇ ਅਖੀਰ ’ਚ ਭਾਰਤ ਜਾਣ ਲਈ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਉਨ੍ਹਾਂ ਨੇ 1984 ’ਚ ਭਾਰਤ ਦੀ

ਬਾਕੀ ਸਫ਼ਾ 32 ’ਤੇ









# ਸ਼੍ਰੋਮਣੀ ਕਮੇਟੀ ਵੱਲੋਂ ਜੀਐਸਟੀ ਨੰਬਰ ਲੈਣ ਲਈ ਕਾਰਵਾਈ ਸ਼ੁਰੂ

**ਅੰਮ੍ਰਿਤਸਰ/ਬਿਊਰੋ ਨਿਊਜ਼:** ਭਾਰਤ ਭਰ ਵਿੱਚ ਲਾਗੂ ਹੋਈ ਨਵੀਂ ਕਰ ਪ੍ਰਣਾਲੀ ਜੀਐਸਟੀ ਦੇ ਘੇਰੇ ਵਿੱਚ ਆਈ ਸਿੱਖ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜੀਐਸਟੀ ਵਾਸਤੇ ਲੋੜੀਂਦਾ ਨੰਬਰ ਲੈਣ ਅਤੇ ਸੰਸਥਾ ਨੂੰ ਟੈਕਸ ਲਈ ਰਜਿਸਟਰਡ ਕਰਾਉਣ ਵਾਸਤੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਨਵੇਂ ਟੈਕਸ ਤਹਿਤ ਹੁਣ ਗੁਰਦੁਆਰਿਆਂ ਵਿੱਚ ਕੜਾਹ ਪ੍ਰਸ਼ਾਦਿ ਚੜ੍ਹਾਉਣ ਵਾਲੇ ਸ਼ਰਧਾਲੂਆਂ ਨੂੰ ਇਹ ਟੈਕਸ ਵੀ ਦੇਣਾ ਪਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਇਸ ਨਵੇਂ ਕਰ ਤੋਂ ਛੋਟ ਵਾਸਤੇ ਭਾਵੇਂ ਕੇਂਦਰ ਅਤੇ ਸੂਬਾ ਸਰਕਾਰ ਦੋਵਾਂ ਨੂੰ ਪੱਤਰ ਭੇਜੇ ਗਏ ਹਨ ਪਰ ਹੁਣ ਤੱਕ ਦੋਵੇਂ ਪਾਸਿਆਂ ਤੋਂ ਕੋਈ ਹੁੰਗਾਰਾ ਨਹੀਂ ਮਿਲਿਆ ਹੈ। ਇਸ ਕਾਰਨ ਸ਼੍ਰੋਮਣੀ ਕਮੇਟੀ ਨੇ ਇਸ ਨਵੀਂ ਕਰ ਪ੍ਰਣਾਲੀ ਨੂੰ ਲਾਗੂ ਕਰਨ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ, ਜਿਸ ਤਹਿਤ ਜੀਐਸਟੀ ਨੰਬਰ ਲੈਣਾ ਜ਼ਰੂਰੀ ਹੈ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਦੱਸਿਆ ਕਿ ਜੀਐਸਟੀ ਲਾਗੂ ਕਰਨ ਵਾਸਤੇ ਇਸ ਲਈ ਲੋੜੀਂਦਾ ਨੰਬਰ ਲੈਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਕੇਂਦਰ ਅਤੇ ਸੂਬਾ ਸਰਕਾਰ ਵੱਲੋਂ ਜੀਐਸਟੀ ਤੋਂ ਛੋਟ ਨਹੀਂ ਦਿੱਤੀ ਜਾਂਦੀ ਇੱਕ ਜੁਲਾਈ ਤੋਂ ਬਾਅਦ ਸੰਗਤ ਨੂੰ ਦਿੱਤੇ ਗਏ ਕੜਾਹ ਪ੍ਰਸ਼ਾਦਿ ਤੇ ਪਿੰਨੀ ਪ੍ਰਸ਼ਾਦਿ ਦੀ ਕੁੱਲ ਰਕਮ 'ਤੇ ਬਣਦਾ ਟੈਕਸ ਸਰਕਾਰ ਨੂੰ ਅਦਾ ਕਰ ਦਿੱਤਾ ਜਾਵੇਗਾ। ਇਸ 'ਤੇ ਲਗਭਗ 18 ਫੀਸਦ ਟੈਕਸ ਲਾਇਆ ਗਿਆ ਹੈ। ਉਨ੍ਹਾਂ



ਆਖਿਆ ਕਿ ਹੁਣ ਤੱਕ ਸੰਗਤ ਕੋਲੋਂ ਇਹ ਟੈਕਸ ਵਸੂਲ ਨਹੀਂ ਕੀਤਾ ਜਾ ਰਿਹਾ ਹੈ ਪਰ ਲੋੜ ਪੈਣ 'ਤੇ ਸ਼੍ਰੋਮਣੀ ਕਮੇਟੀ ਇਸ ਟੈਕਸ ਦਾ ਭੁਗਤਾਨ ਕਰ ਦੇਵੇਗੀ। ਇਸੇ ਤਰ੍ਹਾਂ ਸਰਾਵਾਂ ਵਿੱਚ ਕਮਰੇ ਸ਼ਰਧਾਲੂਆਂ ਨੂੰ ਕਿਰਾਏ 'ਤੇ ਦੇਣ 'ਤੇ ਵੀ ਟੈਕਸ ਲੱਗੇਗਾ। ਸਿਰੋਪੇ ਦੀ ਕੀਮਤ ਵੀ ਵੱਧ ਜਾਵੇਗੀ ਅਤੇ ਧਰਮ ਪ੍ਰਚਾਰ ਦੀਆਂ ਕਿਤਾਬਾਂ ਤੇ ਹੋਰ ਸਮਗਰੀ ਵਾਸਤੇ ਵਰਤੇ ਜਾਂਦੇ ਕਾਗਜ਼ 'ਤੇ ਵੀ ਟੈਕਸ ਦੇਣਾ ਪਵੇਗਾ।

## ਸ਼੍ਰੋਮਣੀ ਕਮੇਟੀ ਲਈ ਵੱਡੀ ਸਿਰਦਰਦੀ

ਪਹਿਲੀ ਜੁਲਾਈ ਤੋਂ ਦੇਸ਼ ਭਰ ਵਿਚ ਲਾਗੂ ਹੋਈ ਨਵੀਂ ਕਰ ਪ੍ਰਣਾਲੀ ਜੀਐਸਟੀ ਇਸ ਵੇਲੇ ਸ਼੍ਰੋਮਣੀ ਕਮੇਟੀ ਲਈ ਵੱਡੀ ਸਿਰਦਰਦੀ ਦਾ ਸਬੱਬ ਬਣੀ ਹੋਈ ਹੈ। ਸ਼੍ਰੋਮਣੀ ਕਮੇਟੀ ਨੇ ਮੁੜ ਕੇਂਦਰੀ ਵਿੱਤ ਮੰਤਰੀ ਨੂੰ ਪੱਤਰ ਭੇਜ ਕੇ ਗੁਰਦੁਆਰਿਆਂ ਨੂੰ ਜੀਐਸਟੀ ਤੋਂ ਮੁਕਤ ਰੱਖਣ ਦੀ ਅਪੀਲ ਕੀਤੀ ਹੈ। ਜੀਐਸਟੀ ਕਾਰਨ ਸ਼੍ਰੋਮਣੀ ਕਮੇਟੀ ਨੂੰ ਲਗਭਗ 9 ਕਰੋੜ ਰੁਪਏ ਦਾ ਵਾਧੂ ਆਰਥਿਕ ਬੋਝ ਝੱਲਣਾ ਪਵੇਗਾ, ਜਦੋਂਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਗੁਰਦੁਆਰੇ ਵੈਟ ਟੈਕਸ ਤੋਂ ਮੁਕਤ ਸਨ। ਕੇਂਦਰ ਸਰਕਾਰ ਵੱਲੋਂ ਇਕ ਐਲਾਨ ਕੀਤਾ ਗਿਆ, ਜਿਸ ਵਿਚ ਧਾਰਮਿਕ ਅਸਥਾਨਾਂ ਦੇ ਲੰਗਰ ਨੂੰ ਜੀਐਸਟੀ ਦੇ ਘੇਰੇ ਤੋਂ ਮੁਕਤ ਕਰਨ ਦਾ ਦਾਅਵਾ ਕੀਤਾ ਗਿਆ ਹੈ। ਪਰ ਇਸੇ ਤਹਿਤ ਹੀ ਗੁਰਦੁਆਰੇ, ਮੰਦਿਰ, ਮਸਜਿਦਾਂ, ਦਰਗਾਹਾਂ, ਚਰਚ ਵਿਚੋਂ ਦਿੱਤੇ ਜਾਂਦੇ ਪ੍ਰਸਾਦ ਨੂੰ ਟੈਕਸ ਮੁਕਤ ਕੀਤਾ ਗਿਆ ਪਰ ਸ਼ਰਧਾਲੂਆਂ ਵੱਲੋਂ ਚੜਾਏ ਜਾਣ ਵਾਲੇ ਪ੍ਰਸਾਦ 'ਤੇ ਜੀਐਸਟੀ ਲਾਗੂ ਕੀਤੀ ਗਈ ਹੈ। ਇਸੇ ਤਰ੍ਹਾਂ ਕਈ ਹੋਰ ਮਾਮਲਿਆਂ ਵਿਚ ਵੀ ਜੀਐਸਟੀ ਨੂੰ ਲੈ ਕੇ ਫਿਲਹਾਲ ਅਸਪਸ਼ਟਤਾ ਬਣੀ ਹੋਈ ਹੈ। ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਹਰਿਮੰਦਰ ਸਾਹਿਬ ਸਮੇਤ ਤਖ਼ਤ ਸ੍ਰੀ ਕੇਸਗੜ੍ਹ, ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਸਮੇਤ ਛੋਟੇ ਗੁਰਦੁਆਰਿਆਂ ਵਿਚ ਵੀ ਸੰਗਤਾਂ ਵਾਸਤੇ ਮੁਫ਼ਤ ਲੰਗਰ ਚਲਾਇਆ ਜਾਂਦਾ ਹੈ, ਜਿਸ 'ਤੇ ਸ਼੍ਰੋਮਣੀ ਕਮੇਟੀ ਹਰ ਸਾਲ ਕਰੋੜਾਂ ਰੁਪਏ ਖਰਚ ਕਰਦੀ ਹੈ। ਸਿਰਫ ਦੇਸੀ ਘਿਉ, ਖੰਡ, ਸੁੱਕਾ ਦੁੱਧ ਅਤੇ ਦਾਲਾਂ ਦੀ ਖਰੀਦ ਵਾਸਤੇ ਲਗਭਗ 75 ਕਰੋੜ ਰੁਪਏ ਹਰ ਸਾਲ ਖਰਚ ਹੁੰਦੇ ਹਨ। ਜੇਕਰ ਇਨ੍ਹਾਂ 'ਤੇ ਜੀਐਸਟੀ ਲਾਗੂ ਹੁੰਦੀ ਹੈ ਤਾਂ ਸਿੱਖ ਸੰਸਥਾ 'ਤੇ ਲਗਭਗ 9 ਕਰੋੜ ਰੁਪਏ ਦਾ ਵਾਧੂ ਆਰਥਿਕ ਬੋਝ ਪਵੇਗਾ। ਜਦੋਂਕਿ ਪਹਿਲਾਂ ਪੰਜਾਬ ਸਰਕਾਰ ਵੱਲੋਂ 2005 ਤੇ 2008 ਵਿਚ ਇਕ ਨੋਟੀਫਿਕੇਸ਼ਨ ਜਾਰੀ ਕਰਕੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਕੇਸਗੜ੍ਹ ਸਾਹਿਬ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਾਸਤੇ ਲੰਗਰ ਸਮੇਤ ਹੋਰ ਸਾਮਾਨ ਦੀ ਖਰੀਦ ਲਈ ਵੈਟ ਤੋਂ ਛੋਟ ਦਿੱਤੀ ਹੋਈ ਸੀ। ਸ਼੍ਰੋਮਣੀ ਕਮੇਟੀ ਵੱਲੋਂ ਇਸ ਤੋਂ ਪਹਿਲਾਂ ਵੀ ਜੀਐਸਟੀ ਕੌਂਸਲ ਅਤੇ ਕੇਂਦਰੀ ਵਿੱਤ ਮੰਤਰੀ ਨੂੰ ਪੱਤਰ ਭੇਜ ਕੇ ਨਵੀਂ ਟੈਕਸ ਪ੍ਰਣਾਲੀ ਵਸਤੂ ਅਤੇ ਕਰ ਟੈਕਸ (ਜੀਐਸਟੀ) ਤੋਂ ਗੁਰਦੁਆਰਿਆਂ ਨੂੰ ਮੁਕਤ ਕਰਨ ਦੀ ਅਪੀਲ ਕੀਤੀ ਗਈ ਸੀ। ਹੁਣ ਮੁੜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਇਸ ਸਬੰਧੀ ਪੱਤਰ ਭੇਜਿਆ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਦੱਸਿਆ ਕਿ ਸਰਕਾਰ ਦੇ ਕੀਤੇ ਐਲਾਨ ਮੁਤਾਬਕ ਲੰਗਰ ਅਤੇ ਪ੍ਰਸਾਦ ਅਜੇ ਵੀ ਜੀਐਸਟੀ ਦੇ ਘੇਰੇ ਵਿੱਚ ਹਨ। ਕੇਂਦਰ ਨੂੰ ਭੇਜੇ ਪੱਤਰ ਵਿੱਚ ਸ਼੍ਰੋਮਣੀ ਕਮੇਟੀ ਨੇ ਕਿਹਾ ਹੈ ਕਿ ਗੁਰਦੁਆਰਿਆਂ ਵਿਚ ਬਿਨਾਂ ਕਿਸੇ ਭੇਦ ਭਾਵ ਦੇ ਸਭ ਧਰਮਾਂ ਤੇ ਫਿਰਕਿਆਂ ਦੇ ਲੋਕਾਂ ਨੂੰ ਮੁਫਤ ਲੰਗਰ ਮੁਹੱਈਆ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਗੁਰਦੁਆਰਿਆਂ ਵੱਲੋਂ ਸਿਹਤ ਸੇਵਾਵਾਂ, ਕੈਂਸਰ ਪੀੜਤਾਂ ਨੂੰ ਆਰਥਿਕ ਸਹਾਇਤਾ, ਲੋੜਵੰਦ ਵਿਦਿਆਰਥੀਆਂ ਦੀਆਂ ਫੀਸਾਂ ਅਤੇ ਗੁਰਦੁਆਰਿਆਂ ਦੇ ਪ੍ਰਬੰਧ ਤੇ ਮੁਰੰਮਤ ਲਈ ਖਰਚ ਕੀਤਾ ਜਾਂਦਾ ਹੈ। ਇਹ ਖਰਚਾ ਗੁਰਦੁਆਰਿਆਂ ਵਿਚ ਆਉਣ ਵਾਲੀ ਸੰਗਤ ਵੱਲੋਂ ਚੜ੍ਹਾਈ ਗਈ ਭੇਟਾ ਤੋਂ ਹੁੰਦਾ ਹੈ। ਜੇ ਸਰਕਾਰ ਵੱਲੋਂ ਇਹ ਟੈਕਸ ਮੁਆਫ ਨਾ ਕੀਤਾ ਗਿਆ ਤਾਂ ਮਨੁੱਖੀ ਭਲਾਈ ਵਾਲੀਆਂ ਸੰਸਥਾਵਾਂ 'ਤੇ ਵਾਧੂ ਬੋਝ ਪਵੇਗਾ।

## ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਕੰਮਾਂ 'ਚ ਸੁਧਾਰ ਲਿਆਉਣ ਲਈ ਜ਼ਿੰਮੇਵਾਰੀਆਂ 'ਚ ਫੇਰ ਬਦਲ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕੀ ਕੰਮਕਾਜ ਵਿੱਚ ਹੋਰ ਸੁਧਾਰ ਲਿਆਉਣ ਦੇ ਉਦੇਸ਼ ਨਾਲ ਮੁੜ ਕੰਮ ਵੰਡ ਕੀਤੀ ਗਈ ਹੈ। ਇਸ ਤਹਿਤ ਧਰਮ ਪ੍ਰਚਾਰ ਕਮੇਟੀ ਦਾ ਕੰਮ ਵਧੀਕ ਸਕੱਤਰ ਸੁਖਦੇਵ ਸਿੰਘ ਨੂੰ ਸੌਂਪ ਦਿੱਤਾ ਗਿਆ ਹੈ, ਜੋ ਪਹਿਲਾਂ ਪ੍ਰਧਾਨ ਦੇ ਪੀਏ ਵਜੋਂ ਨਿਯੁਕਤ ਸਨ। ਧਰਮ ਪ੍ਰਚਾਰ ਕਮੇਟੀ ਦੇ ਵਧੀਕ ਸਕੱਤਰ ਵਜੋਂ ਕੰਮ ਕਰਦੇ ਹਰਭਜਨ ਸਿੰਘ ਮਨਾਵਾਂ ਨੂੰ ਸੈਕਸ਼ਨ 85 ਦੇ ਗੁਰਦੁਆਰੇ ਤੇ ਇਮਾਰਤੀ ਕੰਮਕਾਜ ਸੌਂਪੇ ਗਏ ਹਨ।

ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਜਾਰੀ ਆਦੇਸ਼ਾਂ ਮੁਤਾਬਕ ਮੁੱਖ ਸਕਤਰ, ਸਕੱਤਰ, ਵਧੀਕ ਸਕੱਤਰ ਤੇ ਮੀਤ ਸਕੱਤਰਾਂ ਦੀ ਕੰਮ ਵੰਡ ਵਿੱਚ ਤਬਦੀਲੀ ਕੀਤੀ ਗਈ ਹੈ। ਮੁੱਖ ਸਕੱਤਰ ਹਰਚਰਨ ਸਿੰਘ ਨੂੰ ਦਫ਼ਤਰ ਦੇ ਸਾਰੇ ਪ੍ਰਬੰਧਕੀ ਮਾਮਲੇ, ਆਰਡਰ ਤੇ ਏਜੰਡਾ ਬੁੱਕ ਤੇ ਸਾਰੇ ਵਿਭਾਗਾਂ ਦੇ ਕੰਮ ਦੀ ਨਿਗਰਾਨੀ ਦਾ ਜ਼ਿੰਮਾ ਸੌਂਪਿਆ ਹੈ। ਪ੍ਰਧਾਨ ਨੂੰ ਭੇਜੀਆਂ ਜਾਣ ਵਾਲੀਆਂ ਸਾਰੀਆਂ ਫਾਈਲਾਂ ਵੀ ਮੁੱਖ ਸਕੱਤਰ ਰਾਹੀਂ ਹੀ ਜਾਣਗੀਆਂ। ਸਕੱਤਰ ਰੂਪ ਸਿੰਘ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਆਉਂਦੇ ਟਰਸੱਟ, ਗੁਰਦੁਆਰਾ ਸੈਕਸ਼ਨ 87, ਸਿੱਖ ਇਤਿਹਾਸ ਖੋਜ ਬੋਰਡ, ਅਕਾਊਂਟਸ, ਆਡਿਟ, ਬਜਟ, ਖ਼ਰੀਦ, ਪਬਲੀਕੇਸ਼ਨ, ਪ੍ਰੈੱਸ, ਯਾਤਰਾ ਵਿਭਾਗ, ਵਿਦੇਸ਼ ਵਿਭਾਗ ਤੇ ਇੰਟਰਨੈਟ ਵਿਭਾਗ ਸੌਂਪੇ ਗਏ ਹਨ। ਉਹ ਪਿਛਲੇ ਕੁਝ ਦਿਨਾਂ ਤੋਂ ਲਗਭਗ ਤਿੰਨ ਮਹੀਨੇ ਦੀ ਛੁੱਟੀ 'ਤੇ ਹਨ। ਉਨ੍ਹਾਂ ਦੀ ਛੁੱਟੀ ਦੀ ਸਥਿਤੀ ਵਿੱਚ ਇਹ ਕੰਮ ਚੰਡੀਗੜ੍ਹ ਤੋਂ ਤਬਦੀਲ ਕੀਤੇ ਗਏ ਸਕੱਤਰ ਅਵਤਾਰ ਸਿੰਘ ਨੂੰ ਸੌਂਪੇ ਗਏ ਹਨ। ਸਕੱਤਰ ਮਨਜੀਤ ਸਿੰਘ, ਜਿਨ੍ਹਾਂ ਨੂੰ ਪਹਿਲਾਂ ਚੰਡੀਗੜ੍ਹ ਤਬਦੀਲ ਕੀਤਾ ਗਿਆ ਸੀ, ਨੂੰ ਹਰਿਆਣਾ ਦੇ ਗੁਰਦੁਆਰਿਆਂ ਦਾ ਕੰਮ ਅਤੇ ਕੁਰੂਕਸ਼ੇਤਰ ਸਬ ਆਫਿਸ ਸਮੇਤ ਸਿੱਖ ਮਿਸ਼ਨ ਹਰਿਆਣਾ ਦਾ ਕੰਮ ਸੌਂਪਿਆ ਗਿਆ ਹੈ। ਸਕੱਤਰ ਅਵਤਾਰ ਸਿੰਘ, ਜੋ ਪਹਿਲਾਂ ਚੰਡੀਗੜ੍ਹ ਉਪ ਦਫ਼ਤਰ ਵਿੱਚ ਸਨ, ਨੂੰ ਹੁਣ ਅੰਮ੍ਰਿਤਸਰ ਤਬਦੀਲ ਕਰਕੇ ਨਿੱਜੀ ਸਕੱਤਰ ਸਮੇਤ ਅਮਲਾ ਵਿਭਾਗ ਤੇ ਖੇਡ ਵਿਭਾਗ ਦਾ ਕੰਮ ਦਿੱਤਾ ਗਿਆ ਹੈ। ਮੁੱਖ ਸਕੱਤਰ ਦੇ ਛੁੱਟੀ ਉਤੇ ਹੋਣ 'ਤੇ ਆਰਡਰ ਬੁਕ ਦਾ ਕੰਮ ਵੀ ਉਨ੍ਹਾਂ ਨੂੰ ਸੌਂਪ ਦਿੱਤਾ ਗਿਆ ਹੈ। ਇਸੇ ਤਰ੍ਹਾਂ ਵਧੀਕ ਸਕੱਤਰ ਮਹਿੰਦਰ ਸਿੰਘ ਆਹਲੀ ਨੂੰ ਸਿੱਖਿਆ, ਲਾਅ ਵਿਭਾਗ ਅਤੇ ਆਰਟੀਆਈ ਦਾ ਕੰਮ, ਵਧੀਕ ਸਕੱਤਰ ਦਲਜੀਤ ਸਿੰਘ ਬੇਦੀ ਨੂੰ ਗੁਰਦੁਆਰਾ ਗਜਟ ਤੇ ਮੁੱਖ ਸਕੱਤਰ ਦੇ ਨਾਲ ਜੋੜਿਆ ਗਿਆ ਹੈ। ਵਧੀਕ ਸਕੱਤਰ ਬਲਵਿੰਦਰ ਸਿੰਘ ਜੌੜਾ ਸਿੰਘ ਨੂੰ ਸੈਕਸ਼ਨ 87 ਦੇ ਗੁਰਦੁਆਰੇ ਅਤੇ ਖ਼ਰੀਦ ਵਿਭਾਗ, ਕੇਵਲ ਸਿੰਘ ਨੂੰ ਖੇਡਾਂ, ਖੇਤੀਬਾੜੀ, ਜਾਇਦਾਦਾਂ ਤੇ ਵਾਤਾਵਰਣ ਦਾ ਕੰਮ ਸੌਂਪਿਆ ਗਿਆ ਹੈ। ਪਰਮਜੀਤ ਸਿੰਘ ਵਧੀਕ ਸਕੱਤਰ, ਜੋ ਪਹਿਲਾਂ ਪੀਏ ਸਨ, ਨੂੰ ਸਬ ਆਫਿਸ ਚੰਡੀਗੜ੍ਹ ਦਾ ਕੰਮ ਅਤੇ ਸਿੱਖ ਇਤਿਹਾਸ ਬੋਰਡ ਦਾ ਕੰਮ, ਬਿਜੈ ਸਿੰਘ ਨੂੰ ਪਬਲੀਕੇਸ਼ਨ ਤੇ ਟਰੱਸਟ ਵਿਭਾਗ, ਪ੍ਰਤਾਪ ਸਿੰਘ ਨੂੰ ਯਾਤਰਾ, ਵਿਦੇਸ਼, ਕੈਂਸਰ ਤੇ ਸਟੇਸ਼ਨਰੀ ਵਿਭਾਗ ਦਾ ਕੰਮ ਦਿੱਤਾ ਹੈ। ਇਸੇ ਤਰ੍ਹਾਂ ਮੀਤ ਸਕੱਤਰਾਂ ਦੇ ਕੰਮ ਵਿੱਚ ਵੀ ਤਬਦੀਲੀ ਕੀਤੀ ਗਈ ਹੈ।

## *ਹੁਣ ਪਿੰਗਲਵਾੜਾ ਸੰਸਥਾ ਨੇ ਵੀ ਜੀਐਸਟੀ ਤੋਂ ਛੋਟ ਮੰਗੀ*

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਕਮੇਟੀ ਤੋਂ ਬਾਅਦ ਹੁਣ ਪਿੰਗਲਵਾੜਾ ਸੰਸਥਾ ਨੇ ਵੀ ਜੀਐਸਟੀ ਤੋਂ ਛੋਟ ਦੇਣ ਦੀ ਮੰਗ ਕੀਤੀ ਹੈ। ਸੰਸਥਾ ਵੱਲੋਂ ਇਸ ਸਬੰਧ ਵਿੱਚ ਕੇਂਦਰ ਅਤੇ ਸੂਬਾ ਸਰਕਾਰ ਨੂੰ ਅਪੀਲ ਕੀਤੀ ਗਈ ਹੈ। ਸੰਸਥਾ ਦੀ ਮੁਖੀ ਡਾ. ਇੰਦਰਜੀਤ ਕੌਰ ਨੇ ਦੱਸਿਆ ਕਿ ਸੰਸਥਾ ਵਿੱਚ ਲਾਵਾਰਸ, ਅਪਾਹਜ ਤੇ ਬੇਸਹਾਰਾ ਲੋਕਾਂ ਦੀ ਸਾਂਭ ਸੰਭਾਲ ਕੀਤੀ ਜਾ ਰਹੀ ਹੈ। ਇਸ ਵੇਲੇ ਇੱਥੇ 1764 ਮਰੀਜ਼ ਹਨ। ਮਰੀਜ਼ਾਂ ਦੀ ਸਾਂਭ ਸੰਭਾਲ ਲਈ ਸੰਸਥਾ ਵੱਲੋਂ ਅੰਮ੍ਰਿਤਸਰ, ਮਾਨਾਂਵਾਲਾ, ਪੰਡੋਰੀ ਵੜੈਚ, ਗੋਇੰਦਵਾਲ, ਜਲੰਧਰ, ਸੰਗਰੂਰ ਅਤੇ ਚੰਡੀਗੜ੍ਹ ਵਿੱਚ ਸ਼ਾਖਾਵਾਂ ਸਥਾਪਤ ਕੀਤੀਆਂ ਗਈਆਂ ਹਨ। ਮਰੀਜ਼ਾਂ ਵਾਸਤੇ ਲੰਗਰ ਤਿਆਰ ਕਰਨ ਲਈ ਰੋਜ਼ ਹੀ ਰਾਸ਼ਨ ਖਰੀਦਣ ਦੀ ਲੋੜ ਪੈਂਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਵਾਸਤੇ ਕੱਪੜਾ, ਦਵਾਈਆਂ ਤੇ ਹੋਰ ਸਾਮਾਨ ਦੀ ਲੋੜ ਪੈਂਦੀ ਹੈ। ਸਕੂਲਾਂ ਵਿੱਚ ਕਾਪੀਆਂ ਤੇ ਹੋਰ ਸਟੇਸ਼ਨਰੀ ਦੀ ਖਰੀਦ ਕੀਤੀ ਜਾਂਦੀ ਹੈ। ਇਨ੍ਹਾਂ ਸਾਰੇ ਕੰਮਾਂ 'ਤੇ ਪਿੰਗਲਵਾੜਾ ਇਕ ਦਿਨ ਵਿੱਚ ਲਗਭਗ 6.50 ਲੱਖ ਰੁਪਏ ਖਰਚ ਕਰਦਾ ਹੈ। ਡਾ. ਇੰਦਰਜੀਤ ਕੌਰ ਨੇ ਦੱਸਿਆ ਕਿ ਜ਼ਰੂਰਤਮੰਦ ਅਤੇ ਵਿਸ਼ੇਸ਼ ਬੱਚਿਆਂ ਲਈ ਮਾਨਾਂਵਾਲਾ ਵਿੱਚ ਤਿੰਨ ਸਕੂਲ ਅਤੇ ਬੁੱਟਰ ਕਲਾਂ ਕਾਦੀਆਂ ਵਿੱਚ ਇਕ ਸਕੂਲ ਚੱਲ ਰਿਹਾ ਹੈ, ਜਿੱਥੇ ਬੱਚਿਆਂ ਦੀ ਟਿਊਸ਼ਨ ਫੀਸ ਵੀ ਮੁਆਫ਼ ਹੈ। ਇਸ ਤੋਂ ਇਲਾਵਾ ਬੱਚਿਆਂ ਨੂੰ ਮੁਫ਼ਤ ਕਾਪੀਆਂ, ਕਿਤਾਬਾਂ, ਸਕੂਲ ਬੈਗ ਤੇ ਹੋਰ ਸਾਮਾਨ ਦੀ ਸਹੂਲਤ ਦਿੱਤੀ ਜਾਂਦੀ ਹੈ, ਜਿਸ 'ਤੇ ਹੁਣ ਨਵੀਂ ਟੈਕਸ ਪ੍ਰਣਾਲੀ ਤਹਿਤ 12 ਤੋਂ 18 ਫੀਸਦ ਟੈਕਸ ਲਾ ਦਿੱਤਾ ਗਿਆ ਹੈ। ਸੰਸਥਾ ਵੱਲੋਂ ਲੋੜਵੰਦ ਮਰੀਜ਼ਾਂ ਨੂੰ ਮਸਨੂਈ ਅੰਗ ਲਾਏ ਜਾਂਦੇ ਹਨ ਅਤੇ ਇਸ ਉਪਰ ਵੀ ਟੈਕਸ ਲਾ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ 30 ਜੂਨ ਤੋਂ ਪਹਿਲਾਂ ਤੱਕ ਪਿੰਗਲਵਾੜਾ ਵਿੱਚ ਖਪਤ ਹੁੰਦੇ ਸਾਰੇ ਸਾਮਾਨ 'ਤੇ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਨੋਟੀਫਿਕੇਸ਼ਨ ਰਾਹੀਂ ਟੈਕਸ ਤੋਂ ਛੋਟ ਦਿੱਤੀ ਹੋਈ ਸੀ, ਜਦੋਂ ਕਿ ਹੁਣ ਜੀਐਸਟੀ ਲਾਗੂ ਹੋਣ ਨਾਲ ਪਿੰਗਲਵਾੜਾ ਨੂੰ ਪੰਜ ਤੋਂ 28 ਫੀਸਦ ਤਕ ਟੈਕਸ ਦੇਣਾ ਪਵੇਗਾ। ਇਸ ਨਾਲ ਸੰਸਥਾ 'ਤੇ ਸਾਲਾਨਾ 2 ਕਰੋੜ ਰੁਪਏ ਤੋਂ ਵੱਧ ਦਾ ਆਰਥਿਕ ਬੋਝ ਪਵੇਗਾ। ਇਸ ਵੇਲੇ ਸੰਸਥਾ ਦਾ ਸਾਲਾਨਾ ਬਜਟ 30 ਤੋਂ 35 ਕਰੋੜ ਰੁਪਏ ਹੈ ਪਰ ਜੀਐਸਟੀ ਕਾਰਨ ਦੋ ਤੋਂ ਤਿੰਨ ਕਰੋੜ ਰੁਪਏ ਦਾ ਵਾਧੂ ਬੋਝ ਪੈ ਜਾਵੇਗਾ।

## ਡਾ. ਧਰਮਵੀਰ ਗਾਂਧੀ ਪੰਜਾਬ ਵਿਚ ਬਣਾਉਣਗੇ ਨਵਾਂ ਸਿਆਸੀ ਫ਼ਰੰਟ

**ਪਟਿਆਲਾ/ਬਿਊਰੋ ਨਿਊਜ਼ :**

ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਦੀ ਅਗਵਾਈ ਵਿੱਚ ਪੰਜਾਬ ਵਿੱਚ ਨਵਾਂ ਸਿਆਸੀ ਫ਼ਰੰਟ ਬਣ ਰਿਹਾ ਹੈ, ਜਿਹੜਾ ਲੋਕ ਸਭਾ ਚੋਣ ਪਿੜ ਤੋਂ ਪਹਿਲਾਂ ਸਿਆਸੀ ਸਰਗਰਮੀਆਂ ਸ਼ੁਰੂ ਕਰ ਦੇਵੇਗਾ। ਇਸ ਦਾ ਟੀਚਾ ਪੰਜਾਬੀਆਂ ਨੂੰ ਪੰਜਾਬੀ ਕੌਮ ਦੇ ਨਾਂ ਹੇਠ ਇਕੱਠਾ ਕਰਨਾ ਹੈ।



ਡਾ. ਗਾਂਧੀ ਵੱਲੋਂ ਪਹਿਲਾਂ 'ਪੰਜਾਬ ਫਰੰਟ' ਦੇ ਨਾਂ 'ਤੇ ਸਿਆਸੀ ਸਰਗਰਮੀਆਂ ਚਲਾਈਆਂ ਜਾ ਰਹੀਆਂ ਹਨ ਪਰ ਹੁਣ ਉਹ ਨਵੇਂ ਸਿਆਸੀ ਮੰਚ ਲਈ ਖਾਕਾ ਤਿਆਰ ਕਰ ਰਹੇ ਹਨ। ਇਸ ਸਬੰਧੀ ਡਾ. ਗਾਂਧੀ ਨੇ ਪੰਜਾਬ ਦੇ ਉੱਘੇ ਬੁੱਧੀਜੀਵੀਆਂ ਨਾਲ ਮੀਟਿੰਗ ਵੀ ਕੀਤੀ। ਡਾ. ਗਾਂਧੀ ਨੇ ਕਿਹਾ ਕਿ ਉਹ ਸੂਬੇ ਵਿੱਚ ਅਜਿਹਾ ਸਿਆਸੀ ਮੰਚ ਖੜ੍ਹਾ ਕਰਨ ਦੀ ਇੱਛਾ ਰੱਖਦੇ ਹਨ, ਜਿਹੜਾ ਸਿੱਖਾਂ ਤੇ ਹਿੰਦੂਆਂ ਦੇ ਨਾਲ ਨਾਲ ਦਲਿਤਾਂ ਦੀ ਵੀ ਸਹੀ ਨੁਮਾਇੰਦਗੀ ਕਰਨ ਦੇ ਸਮਰੱਥ ਹੋਵੇ। ਇਹ ਮੰਚ ਪੰਜਾਬੀ ਕੌਮ ਦੀ ਗੱਲ ਕਰੇ ਤੇ ਇਸ ਵਿਚੋਂ ਪੰਜਾਬੀਅਤ ਦੀ ਮਹਿਕ ਆਵੇ। ਨਵਾਂ ਸਿਆਸੀ ਫ਼ਰੰਟ ਨਿਰੋਲ ਪੰਜਾਬ, ਪੰਜਾਬੀ ਤੇ ਪੰਜਾਬੀਅਤ ਸਬੰਧੀ ਮਸਲਿਆਂ 'ਤੇ ਆਧਾਰਤ ਹੋਵੇਗਾ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਨੂੰ ਪੰਜਾਬੀ ਕੌਮ ਦੇ ਨਾਂ 'ਤੇ ਅੱਗੇ ਵਧਾਉਣ ਤੇ ਉਭਾਰਨ ਦੀ ਲੋੜ ਹੈ। ਹੁਣ ਤੱਕ ਦੀਆਂ ਸਾਰੀਆਂ ਸਿਆਸੀ ਧਿਰਾਂ ਅਜਿਹਾ ਕਰਨ ਵਿੱਚ ਨਾਕਾਮ ਰਹੀਆਂ ਹਨ। ਇਸ ਕਰ ਕੇ ਪੰਜਾਬ ਦਾ ਵੱਡੇ ਪੱਧਰ 'ਤੇ ਨੁਕਸਾਨ ਹੁੰਦਾ ਰਿਹਾ ਹੈ। ਪੰਜਾਬ ਨੂੰ ਬਚਾਉਣ ਲਈ ਨਵਾਂ ਸਿਆਸੀ ਮਾਹੌਲ ਪੈਦਾ ਕਰਨਾ ਅਤਿ ਜ਼ਰੂਰੀ ਹੈ।

## ਕੈਪਟਨ ਨੇ ਧਾਰਮਿਕ ਸੰਸਥਾਵਾਂ ਨੂੰ ਜੀਐਸਟੀ ਤੋਂ ਛੋਟ ਲਈ ਜੇਤਲੀ ਕੋਲ ਕੀਤੀ ਫਰਿਆਦ

**ਚੰਡੀਗੜ੍ਹ/ਬਿਊਰੋ ਨਿਊਜ਼ :**

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਕੋਲੋਂ ਮੰਗ ਕੀਤੀ ਹੈ ਕਿ ਧਾਰਮਿਕ ਸੰਸਥਾਵਾਂ ਵਿੱਚ ਵਰਤਾਏ ਜਾਂਦੇ ਲੰਗਰ ਅਤੇ ਪ੍ਰਸ਼ਾਦ 'ਤੇ ਜੀਐਸਟੀ ਤੋਂ ਛੋਟ ਦਿੱਤੀ ਜਾਵੇ।

ਮੁੱਖ ਮੰਤਰੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸ਼ਖਸੀਅਤਾਂ ਤੇ ਸੰਸਥਾਵਾਂ ਵੱਲੋਂ ਲੰਗਰ ਅਤੇ ਪ੍ਰਸ਼ਾਦ 'ਤੇ ਜੀਐਸਟੀ ਖ਼ਤਮ ਕਰਨ ਦੀ



ਕੀਤੀ ਅਪੀਲ ਤੋਂ ਬਾਅਦ ਸ੍ਰੀ ਜੇਤਲੀ ਨੂੰ ਪੱਤਰ ਲਿਖਿਆ ਹੈ। ਉਨ੍ਹਾਂ ਕੇਂਦਰੀ ਵਿੱਤ ਮੰਤਰੀ ਨੂੰ ਯਾਦ ਦਿਵਾਇਆ ਕਿ ਲੰਗਰ ਦੀ ਸੇਵਾ ਵਾਸਤੇ ਗੁਰਦੁਆਰਿਆਂ ਨੂੰ ਸਪਲਾਈ ਕੀਤੀਆਂ ਜਾਂਦੀਆਂ ਵਸਤਾਂ 'ਤੇ ਵੈਟ ਦੇ ਭੁਗਤਾਨ ਤੋਂ ਛੋਟ ਦਿੱਤੀ ਗਈ ਸੀ ਪਰ ਜੀਐਸਟੀ ਹੇਠ ਇਨ੍ਹਾਂ ਵਸਤਾਂ ਦੀ ਖਰੀਦ 'ਤੇ ਟੈਕਸ ਲਾਇਆ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰਸ਼ਾਦ ਦੀ ਵਿਕਰੀ 'ਤੇ ਵੀ ਜੀਐਸਟੀ ਲੱਗਿਆ ਹੈ। ਧਾਰਮਿਕ ਸੰਸਥਾਵਾਂ ਵੱਲੋਂ ਖਰੀਦੀਆਂ ਜਾਂਦੀਆਂ ਵਸਤਾਂ 'ਤੇ ਜੀਐਸਟੀ ਜਾਇਜ਼ ਨਹੀਂ ਹੈ ਕਿਉਂਕਿ ਇਨ੍ਹਾਂ ਸੰਸਥਾਵਾਂ ਦਾ ਆਮਦਨ ਦਾ ਕੋਈ ਸਰੋਤ ਨਹੀਂ ਹੈ ਅਤੇ ਇਹ ਦਾਨ ਰਾਹੀਂ ਚਲਾਈਆਂ ਜਾਂਦੀਆਂ ਹਨ। ਉਨ੍ਹਾਂ ਇਸ ਮਾਮਲੇ ਨੂੰ ਮੁੜ ਵਿਚਾਰਨ ਅਤੇ ਸਾਰੀਆਂ ਧਾਰਮਿਕ ਸੰਸਥਾਵਾਂ ਨੂੰ ਜੀਐਸਟੀ ਤੋਂ ਛੋਟ ਦੇਣ ਲਈ ਕੇਂਦਰੀ ਮੰਤਰੀ ਨੂੰ ਅਪੀਲ ਕੀਤੀ ਹੈ। ਉਨ੍ਹਾਂ ਨੇ ਨਾ ਕੇਵਲ ਪ੍ਰਸ਼ਾਦ ਦੀ ਖਰੀਦ ਅਤੇ ਵਿਕਰੀ 'ਤੇ ਸਗੋਂ ਲੰਗਰ ਲਈ ਖਰੀਦੀਆਂ ਜਾਂਦੀਆਂ ਸਾਰੀਆਂ ਵਸਤਾਂ 'ਤੇ ਜੀਐਸਟੀ ਤੋਂ ਛੋਟ ਦੇਣ ਲਈ ਆਖਿਆ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਧਾਰਮਿਕ ਸੰਸਥਾਵਾਂ ਦੇ ਪ੍ਰਬੰਧਕਾਂ ਵੱਲੋਂ ਜੀਐਸਟੀ ਤੋਂ ਛੋਟ ਦੇਣ ਦੀ ਕੀਤੀ ਜਾ ਰਹੀ ਮੰਗ ਬਿਲਕੁਲ ਜਾਇਜ਼ ਹੈ ਅਤੇ ਇਹ ਕੇਂਦਰ ਸਰਕਾਰ ਵੱਲੋਂ ਪ੍ਰਵਾਨ ਕੀਤੀ ਜਾਣੀ ਚਾਹੀਦੀ ਹੈ।

## ਬਡੂੰਗਰ ਨੇ ਕਿਹਾ-ਜੀਐਸਟੀ 'ਚੋਂ ਪੰਜਾਬ ਦਾ ਹਿੱਸਾ ਮੁਆਫ਼ ਹੋਵੇ

ਸ੍ਰੀ ਆਨੰਦਪੁਰ ਸਾਹਿਬ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਧਾਰਮਿਕ ਸੰਸਥਾਵਾਂ ਨੂੰ ਜੀਐਸਟੀ ਮੁਕਤ ਕਰਨ ਲਈ ਕੇਂਦਰ ਸਰਕਾਰ ਨੂੰ ਜਾਂ ਕੇਂਦਰੀ ਵਿੱਤ ਮੰਤਰਾਲੇ ਨੂੰ ਪੱਤਰ ਲਿਖਣ ਦੀ ਬਜਾਏ ਪੰਜਾਬ ਦੇ



ਹਿੱਸੇ ਦਾ ਜੀਐਸਟੀ ਮੁਆਫ਼ ਕਰਨ। ਇੱਥੇ ਦੁਆਬਾ ਖਿੱਤੇ ਅਧੀਨ ਆਉਂਦੇ ਜ਼ਿਲ੍ਹਿਆਂ ਦੇ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਮੀਟਿੰਗ ਕਰਨ ਅਤੇ ਦੁਆਬਾ ਖੇਤਰ ਵਾਸਤੇ ਧਰਮ ਪ੍ਰਚਾਰ ਮਿਸ਼ਨ ਕੇਂਦਰ ਦਾ ਉਦਘਾਟਨ ਕਰਨ ਲਈ ਪਹੁੰਚੇ ਪ੍ਰੋ. ਬਡੂੰਗਰ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਔਰੰਗਜ਼ੇਬ ਤੋਂ ਬਾਅਦ ਪਹਿਲੀ ਵਾਰ ਧਾਰਮਿਕ ਕੰਮਾਂ 'ਤੇ ਜ਼ਜ਼ੀਆ ਲਾਇਆ ਹੈ, ਜਿਸ ਨਾਲ ਲੰਗਰਾਂ, ਕੜਾਹ ਪ੍ਰਸ਼ਾਦ ਅਤੇ ਹੋਰ ਸੇਵਾਵਾਂ 'ਤੇ ਹੁਣ ਜੀਐਸਟੀ ਦੇਣਾ ਪਵੇਗਾ। ਇਸ ਸਬੰਧੀ ਕੇਂਦਰ ਸਰਕਾਰ ਨੂੰ ਪੱਤਰ ਲਿਖੇ ਗਏ ਪਰ ਮੋਦੀ ਸਰਕਾਰ ਨੇ ਪੱਤਰਾਂ ਦਾ ਜਵਾਬ ਤੱਕ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਕਮੇਟੀ ਨੇ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਧਾਰਮਿਕ ਸਥਾਨਾਂ ਉਤੇ ਲੱਗਣ ਵਾਲੇ ਜੀਐਸਟੀ ਵਿਚੋਂ ਪੰਜਾਬ ਦਾ ਹਿੱਸਾ ਮੁਆਫ਼ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਨਾਲ ਜਨਰਲ ਸਕੱਤਰ ਭਾਈ ਅਮਰਜੀਤ ਸਿੰਘ ਚਾਵਲਾ, ਮੈਂਬਰ ਤੇ ਸਾਬਕਾ ਵਿਧਾਇਕ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਗੁਰਬਖਸ਼ ਸਿੰਘ ਖਾਲਸਾ, ਬੀਬੀ ਪਰਮਜੀਤ ਕੌਰ ਮਾਹਲਪੁਰੀ, ਪ੍ਰਿੰਸੀਪਲ ਸੁਰਿੰਦਰ ਸਿੰਘ ਅਤੇ ਪਰਮਜੀਤ ਸਿੰਘ ਲੱਖੇਵਾਲ ਹਾਜ਼ਰ ਸਨ।

# ਖਾੜਕੂ ਜੁਗਰਾਜ ਸਿੰਘ ’ਤੇ ਬਣੀ ਫ਼ਿਲਮ ‘ਤੂਫ਼ਾਨ ਸਿੰਘ’ ਲਈ ਨਿਰਮਾਤਾ ਵਲੋਂ ਕਾਨੂੰਨੀ ਲੜਾਈ ਲੜਨ ਦਾ ਫ਼ੈਸਲਾ

**ਜਲੰਧਰ/ਬਿਊਰੋ ਨਿਊਜ਼ :**
ਖਾੜਕੂ ਜੁਗਰਾਜ ਸਿੰਘ ਤੂਫ਼ਾਨ ਦੇ ਜੀਵਨ ’ਤੇ ਬਣੀ ਫ਼ਿਲਮ ‘ਤੂਫ਼ਾਨ ਸਿੰਘ’ ਉੱਤੇ ਸੈਂਸਰ ਬੋਰਡ ਵੱਲੋਂ ਦੂਜੀ ਵਾਰ ਰੋਕ ਲਾਏ ਜਾਣ ਦੇ ਬਾਵਜੂਦ ਫ਼ਿਲਮ ਨਿਰਮਾਤਾ ਦਿਲਬਾ.ਗ ਸਿੰਘ ਨੇ ਹਾਰ ਨਹੀਂ ਮੰਨੀ ਹੈ ਅਤੇ ਉਨ੍ਹਾਂ ਭਾਰਤ ਵਿੱਚ ਫ਼ਿਲਮ ਰਿਲੀਜ਼ ਕਰਵਾਉਣ ਲਈ ਕਾਨੂੰਨੀ ਲੜਾਈ ਲੜਨ ਦਾ ਫ਼ੈਸਲਾ ਕੀਤਾ ਹੈ। ਇਸ ਲਈ ਉਹ ਸੁਪਰੀਮ ਕੋਰਟ ਤੱਕ ਪਹੁੰਚ ਕਰਨਗੇ।




ਜ਼ਿਕਰਯੋਗ ਹੈ ਕਿ ਇਹ ਫ਼ਿਲਮ ਪਹਿਲਾਂ ਪਿਛਲੇ ਸਾਲ 16 ਜੁਲਾਈ ਨੂੰ ਰਿਲੀਜ਼ ਹੋਣੀ ਸੀ ਪਰ ਸੈਂਸਰ ਬੋਰਡ ਨੇ ਇਸ ’ਤੇ ਪਾਬੰਦੀ ਲਾ ਦਿੱਤੀ ਸੀ। ਸੋਧ ਤੋਂ ਬਾਅਦ ਫ਼ਿਲਮ ਆਉਂਦੀ 4 ਅਗਸਤ ਨੂੰ ਰਿਲੀਜ਼ ਹੋਣੀ ਸੀ ਪਰ ਸੈਂਸਰ ਬੋਰਡ ਨੇ ਇਕ ਵਾਰ ਮੁੜ ਇਸ ’ਤੇ ਰੋਕ ਲਾ ਦਿੱਤੀ ਹੈ। ‘ਤੂਫ਼ਾਨ ਸਿੰਘ’ ਹੁਣ 4 ਅਗਸਤ ਨੂੰ ਭਾਰਤ ਨੂੰ ਛੱਡ ਕੇ ਦੁਨੀਆ ਭਰ ਵਿੱਚ ਰਿਲੀਜ਼ ਹੋਵੇਗੀ।

ਫ਼ਿਲਮ ਨਿਰਮਾਤਾ ਦਿਲਬਾਗ ਸਿੰਘ ਨੇ ਇੰਗਲੈਂਡ ਤੋਂ ਗੱਲਬਾਤ ਕਰਦਿਆਂ ਕਿਹਾ ਕਿ ਜੁਗਰਾਜ ਸਿੰਘ ਤੂਫ਼ਾਨ ਨੂੰ ਸਭ ਵਰਗਾਂ ਤੇ ਧਰਮਾਂ ਦੇ ਲੋਕ ਪਿਆਰ ਕਰਦੇ ਸਨ ਅਤੇ ਉਨ੍ਹਾਂ ਦੇ ਨਾਂ ’ਤੇ ਅੱਜ ਵੀ ਉਨ੍ਹਾਂ ਦੇ ਪਿੰਡ ਵਿੱਚ ਟੂਰਨਾਮੈਂਟ ਕਰਵਾਏ ਜਾਂਦੇ ਹਨ। ਵੱਡੇ ਬਜਟ ਨਾਲ ਇਹ ਫ਼ਿਲਮ ਬਣਾਈ ਗਈ ਹੈ, ਜਿਹੜੀ ਪੰਜਾਬੀ ਫ਼ਿਲਮ ਜਗਤ ਨੂੰ ਨਵਾਂ ਮੁਕਾਮ ਦੇਵੇਗੀ। ਫ਼ਿਲਮ ਵਿਚ ਕੁਝ ਵੀ ਇਤਰਾਜ਼ਯੋਗ ਨਹੀਂ ਹੈ। ਇਸ ਵਿੱਚ ਜੁਗਰਾਜ ਸਿੰਘ ਤੂਫ਼ਾਨ ਦੇ ਜੀਵਨ ਦੀ ਅਸਲ ਕਹਾਣੀ ਦਿਖਾਈ ਗਈ ਹੈ। ਦਿਲਬਾਗ ਸਿੰਘ ਨੇ ਕਿਹਾ ਕਿ ਉਹ ਛੇਤੀ ਭਾਰਤ ਆ ਕੇ ਫ਼ਿਲਮ ਨੂੰ ਰਿਲੀਜ਼ ਕਰਵਾਉਣ ਲਈ ਹਰ ਸੰਭਵ ਹੀਲਾ ਕਰਨਗੇ। ਉਨ੍ਹਾਂ ਆਖਿਆ ਕਿ ਹੋ ਸਕਦਾ ਹੈ ਕਿ 4 ਅਗਸਤ ਨੂੰ ਉਨ੍ਹਾਂ ਦੀ ਫ਼ਿਲਮ ਭਾਰਤ ਵਿੱਚ ਰਿਲੀਜ਼ ਨਾ ਹੋਵੇ ਪਰ ਦੇਰ-ਸਵੇਰ ਜ਼ਰੂਰ ਰਿਲੀਜ਼ ਜ਼ਰੂਰ ਹੋਵੇਗੀ।

# ਗੁਰਜਤਿੰਦਰ ਸਿੰਘ ਰੰਧਾਵਾ ਐਲਕ ਗਰੋਵ ਦੀ ‘ਮਲਟੀਕਲਚਰਲ ਕਮੇਟੀ’ ਦੇ ਕਮਿਸ਼ਨਰ ਨਿਯੁਕਤ

**ਸੈਕਰਾਮੈਂਟੋ/ਬਿਊਰੋ ਨਿਊਜ਼ :** ਸਮਾਜ ਸੇਵੀ ਗੁਰਜਤਿੰਦਰ ਸਿੰਘ ਰੰਧਾਵਾ ਨੂੰ ਐਲਕ ਗਰੋਵ ਸਿਟੀ ਦੀ ਮਲਟੀਕਲਚਰਲ ਕਮੇਟੀ ਦਾ ਕਮਿਸ਼ਨਰ ਨਿਯੁਕਤ ਕੀਤਾ ਗਿਆ ਹੈ। ਐਲਕ ਗਰੋਵ ਸਿਟੀ ਦੇ ਮੇਅਰ ਸਟੀਵ ਲੀ ਵੱਲੋਂ ਸ. ਰੰਧਾਵਾ ਦਾ ਨਾਮ ਇਸ ਅਹੁਦੇ ਲਈ ਪੇਸ਼ ਕੀਤਾ ਗਿਆ। ਸਿਟੀ ਦੇ ਸਮੂਹ ਕੌਂਸਲ ਮੈਂਬਰਾਂ ਨੇ ਇਕ-ਮਤ ਹੋ ਕੇ ਸ. ਰੰਧਾਵਾ ਨੂੰ ਇਸ ਅਹੁਦੇ ਲਈ ਆਪਣੀ ਸਹਿਮਤੀ ਦੇ ਦਿੱਤੀ। ਇਸ ਅਹੁਦੇ ਲਈ ਕੁੱਲ 8 ਉਮੀਦਵਾਰ ਮੈਦਾਨ ਵਿਚ ਸਨ। ਪਰ ਸ. ਰੰਧਾਵਾ ਨੂੰ ਇਸ ਲਈ 100 ਫੀਸਦੀ ਵੋਟਾਂ ਪ੍ਰਾਪਤ ਹੋਈਆਂ। ਗੁਰਜਤਿੰਦਰ ਸਿੰਘ ਰੰਧਾਵਾ ਪਿਛਲੇ ਲੰਮੇ ਸਮੇਂ ਤੋਂ ਅਮਰੀਕੀ ਸਿਆਸਤ ਵਿਚ ਪੂਰੀ ਤਰ੍ਹਾਂ ਸਰਗਰਮ ਹਨ। ਉਹ 2016 ਵਿਚ ਭਾਰੀ ਬਹੁਮਤ ਨਾਲ ਡੈਮੋਕਰੇਟਿਕ ਪਾਰਟੀ ਦੇ ਨੈਸ਼ਨਲ ਡੈਲੀਗੇਟ ਬਣੇ ਸਨ। ਉਸ ਵਕਤ ਉਨ੍ਹਾਂ ਫਿਲਾਡੇਲਫੀਆ ਵਿਖੇ ਡੈਮੋਕਰੇਟਿਕ ਪਾਰਟੀ ਲਈ ਹੋਈ ਕਨਵੈਨਸ਼ਨ ਵਿਚ ਹਿੱਸਾ ਲਿਆ ਸੀ। ਉਥੇ ਬਤੌਰ ਡੈਲੀਗੇਟ ਉਨ੍ਹਾਂ ਆਪਣੀ ਵੋਟ ਅਮਰੀਕਾ ਦੀ ਰਾਸ਼ਟਰਪਤੀ ਦੀ ਚੋਣ ਲੜ ਰਹੀ ਉਮੀਦਵਾਰ ਹਿਲੇਰੀ ਕਲਿੰਟਨ ਨੂੰ ਪਾਈ ਸੀ। ਸ. ਰੰਧਾਵਾ ਨੇ ਕਿਹਾ ਹੈ ਕਿ ਇਥੇ ਵੱਖ-ਵੱਖ ਧਰਮਾਂ ਅਤੇ ਜਾਤੀਆਂ ਦੇ ਲੋਕ ਰਹਿੰਦੇ ਹਨ। ਇਸ ਕਮਿਸ਼ਨ ਵਿਚ ਆਉਣ ਨਾਲ ਮੈਨੂੰ ਸਮੂਹ ਭਾਈਚਾਰੇ ਲਈ ਕੰਮ ਕਰਨ ਦਾ ਮੌਕਾ ਮਿਲੇਗਾ। ਇਥੇ ਆਪਸੀ ਭਾਈਚਾਰਾ ਬਣਾ ਕੇ ਰੱਖਣਾ ਬਹੁਤ ਜ਼ਰੂਰੀ ਹੈ।



## ਐਲਕ ਗਰੋਵ ਪਾਰਕ ਦੀਆਂ ਤੀਆਂ 13 ਅਗਸਤ, ਐਤਵਾਰ ਨੂੰ

**ਸੈਕਰਾਮੈਂਟੋ/ਬਿਊਰੋ ਨਿਊਜ਼ :** ਸੈਕਰਾਮੈਂਟੋ ਅਤੇ ਇੰਟਰਨੈਸ਼ਨਲ ਪੰਜਾਬੀ ਕਲਚਰ ਅਕੈਡਮੀ ਵੱਲੋਂ ‘ਤੀਆਂ ਤੀਜ਼ ਦੀਆਂ’ ਨਾਂ ਹੇਠ ਕਰਵਾਈ ਜਾਂਦੀਆਂ ਤੀਆਂ ਇਸ ਵਾਰ 13 ਅਗਸਤ, ਐਤਵਾਰ ਦੁਪਹਿਰ 1.30 ਤੋਂ 6.30 ਵਜੇ ਤੱਕ ਐਲਕ ਗਰੋਵ ਪਾਰਕ ਵਿਖੇ ਮਨਾਈਆਂ ਜਾਣਗੀਆਂ। ਐਲਕ ਗਰੋਵ, ਸੈਕਰਾਮੈਂਟੋ ’ਚ ਖੁੱਲ੍ਹੇ ਮੈਦਾਨ ਵਿਚ ਛਾਂ ਦਾਰ ਦਰੱਖਤਾਂ ਹੇਠ ਲੱਗਣ ਵਾਲੀਆਂ ਇਹ ਤੀਆਂ, ਪੰਜਾਬ ’ਚ ਲੱਗਣ ਵਾਲੀਆਂ ਅਸਲੀ ਤੀਆਂ ਦੀ ਝਲਕ ਪੇਸ਼ ਕਰਦੀਆਂ ਹਨ। ਇਸ ਦੌਰਾਨ ਗੀਤ, ਸੰਗੀਤ, ਗਿੱਧਾ, ਬੋਲੀਆਂ, ਸਕਿੱਟਾਂ, ਡੀ.ਜੇ. ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ ਹੋਣਗੀਆਂ। ਖਾਣ-ਪੀਣ ਦੇ ਸਟਾਲਾਂ ਤੋਂ ਇਲਾਵਾ ਕੱਪੜੇ, ਗਹਿਣੇ, ਮਹਿੰਦੀ ਦੇ ਸਟਾਲ ਵੀ ਲੱਗ ਰਹੇ ਹਨ। ਇਸ ਸੰਬੰਧੀ ਹੋਰ ਜਾਣਕਾਰੀ ਲਈ ਫੋਨ ਨੰਬਰ 916-320-9444 ਜਾਂ 916-240-6969 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਅਤਿਵਾਦੀਆਂ ਨਾਲ ਟੱਕਰ ਲੈਣ ਮੋਦੀ ਦੇ ਗਊ ਰਾਖੇ : ਸ਼ਿਵ ਸੈਨਾ

## *‘ਜੰਮੂ-ਕਸ਼ਮੀਰ ਨੂੰ 56 ਇੰਚ ਦੀ ਛਾਤੀ ਵਾਲੀ ਸਰਕਾਰ ਦੀ ਲੋੜ’*

**ਮੁੰਬਈ/ਬਿਊਰੋ ਨਿਊਜ਼ :** ਅਮਰਨਾਥ ਯਾਤਰੀਆਂ ਉਤੇ ਅਤਿਵਾਦੀ ਹਮਲੇ ਲਈ ਪ੍ਰਧਾਨ ਮੰਤਰੀ ਅਤੇ ਭਾਜਪਾ ਦੀ ਖਿੱਲੀ ਉਡਾਉਂਦਿਆਂ ਸ਼ਿਵ ਸੈਨਾ ਨੇ ਕਿਹਾ ਕਿ ਉਸ ਦੀ ਇਹ ਸੀਨੀਅਰ ਸਹਿਯੋਗੀ ਪਾਰਟੀ ਵਾਦੀ ਵਿੱਚ ਅਤਿਵਾਦੀਆਂ ਨਾਲ ਲੜਨ ਲਈ ‘ਗਊ ਰੱਖਿਅਕਾਂ’ ਨੂੰ ਭੇਜੇ। ਐਨਡੀਏ ਗਠਜੋੜ ਵਿੱਚ ਭਾਈਵਾਲ ਸ਼ਿਵ ਸੈਨਾ ਨੇ ਕਿਹਾ ਕਿ ਕੇਂਦਰ ਸਰਕਾਰ ਅਤਿਵਾਦੀਆਂ ਨੂੰ ਫੜਨ ਦੀ ਬਜਾਏ ਸਿਰਫ਼ ਕਾਗਜ਼ਾਂ ਉਤੇ ਅਜਿਹੇ ਘਿਨਾਉਣੇ ਹਮਲਿਆਂ ਦੀ ਨਿਖੇਧੀ ਕਰਦੀ ਹੈ। ਪਾਰਟੀ ਨੇ ਕਿਹਾ ਕਿ ਸਰਕਾਰ ਨੂੰ ਪਾਕਿਸਤਾਨ ਨਾਲ ਸਿੱਝਣ ਲਈ ‘56 ਇੰਚ ਦੀ ਛਾਤੀ’ ਦਿਖਾਉਣ ਦੀ ਲੋੜ ਹੈ। ਸ਼ਿਵ ਸੈਨਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਚੋਣ ਪ੍ਰਚਾਰ ਦੌਰਾਨ ਕੀਤੀਆਂ ਉਨ੍ਹਾਂ ਟਿੱਪਣੀਆਂ ਦੀ ਖਿੱਲੀ ਉਡਾ ਰਹੀ ਸੀ, ਜਿਨ੍ਹਾਂ ਵਿੱਚ ਉਨ੍ਹਾਂ ਕਿਹਾ ਸੀ ਕਿ ਪਾਕਿਸਤਾਨ ਨਾਲ ਸਿੱਝਣ ਲਈ 56 ਇੰਚ ਦੀ ਛਾਤੀ ਦੀ ਲੋੜ ਹੈ। ਸ਼ਿਵ ਸੈਨਾ ਦੇ ਪਰਚੇ ‘ਸਾਮਨਾ’ ਦੇ ਸੰਪਾਦਕੀ ਵਿੱਚ ਕਿਹਾ ਗਿਆ ਕਿ ਕੇਂਦਰ ਸਰਕਾਰ ਕੋਲ ਇਸ ਘਿਨਾਉਣੇ ਹਮਲੇ ਦਾ ਇਕੋ ਇਕ ਜਵਾਬ ਸੋਸ਼ਲ ਨੈੱਟਵਰਕਿੰਗ ਵੈੱਬਸਾਈਟ ਟਵਿੱਟਰ ਉਤੇ ਨਿਖੇਧੀ ਕਰਨਾ ਹੈ। ਪਾਰਟੀ ਨੇ ਸਵਾਲ ਕੀਤਾ ਕਿ ਹੁਣ ਇਨ੍ਹਾਂ ਅਣਮਨੁੱਖੀ ਹਮਲਿਆਂ ਨੂੰ ਰੋਕਣ ਦਾ ਹੌਸਲਾ ਕਿਸ ਵਿੱਚ ਹੈ ? ਇਨ੍ਹਾਂ ਹਮਲਿਆਂ ਦੀ ਸਿਰਫ਼ ਕਾਗਜ਼ ਉਤੇ ਨਿਖੇਧੀ ਜਾਂ ਪੀੜਤਾਂ ਨਾਲ ਹਮਦਰਦੀ ਪ੍ਰਗਟਾਉਣ ਨਾਲ ਤੁਸੀਂ ਅਤਿਵਾਦੀਆਂ ਨਾਲ ਕਿਵੇਂ ਲੜੋਗੇ ? ਕਸ਼ਮੀਰ ਵਿੱਚ ਸਰਕਾਰੀ ਮਸ਼ੀਨਰੀ ਬਿਲਕੁਲ ਖ਼ਤਮ ਹੋ ਚੁੱਕੀ ਹੈ ਅਤੇ ਵਾਦੀ ਦੀ ਮੌਜੂਦਾ ਸਥਿਤੀ ਦੇਸ਼ ਦੀ ਏਕਤਾ ਲਈ ਖ਼ਤਰਨਾਕ ਹੈ। ਸੰਪਾਦਕੀ ਵਿੱਚ ਕਿਹਾ ਗਿਆ ਕਿ ਜੰਮੂ ਕਸ਼ਮੀਰ ਵਿੱਚ ਸਿਰਫ਼ ਅਤਿਵਾਦੀਆਂ ਦਾ ਰਾਜ ਹੈ। ਅਤਿਵਾਦੀਆਂ ਦੇ ਖ਼ਾਤਮੇ ਲਈ ਵਾਦੀ ਨੂੰ 56 ਇੰਚ ਦੀ ਛਾਤੀ ਵਾਲੀ ਸਰਕਾਰ ਦੀ ਲੋੜ ਹੈ। ਪਾਰਟੀ ਨੇ ਕਿਹਾ ਕਿ ਜੇ ਪਾਕਿਸਤਾਨ ਤੇ ਅਤਿਵਾਦੀਆਂ ਨੂੰ ਸਖ਼ਤ ਸੰਦੇਸ਼ ਦੇਣਾ ਹੈ ਤਾਂ ਇਕ ਹਫ਼ਤੇ ਵਿੱਚ ਸੰਵਿਧਾਨ ਦੀ ਧਾਰਾ 370 ਖ਼ਤਮ ਕੀਤੀ ਜਾਵੇ ਅਤੇ ਵਿਸ਼ਵ ਨੂੰ ਦਿਖਾਇਆ ਜਾਵੇ ਕਿ ਜੰਮੂ ਕਸ਼ਮੀਰ ਭਾਰਤ ਦਾ ਅਨਿੱਖੜ ਅੰਗ ਹੈ।



# ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਮੁਲਾਜ਼ਮਾਂ ਨੂੰ 58 ਸਾਲ ਦੀ ਉਮਰ ਵਿਚ ਹੀ ਸੇਵਾਮੁਕਤ ਕਰੇਗੀ ਕੈਪਟਨ ਸਰਕਾਰ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਸਰਕਾਰ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਸਰਕਾਰੀ ਮੁਲਾਜ਼ਮਾਂ ਨੂੰ 58 ਸਾਲ ਦੀ ਉਮਰ ਵਿੱਚ ਸੇਵਾਮੁਕਤ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਬਾਰੇ ਨੋਟੀਫਿਕੇਸ਼ਨ ਦੋ ਹਫ਼ਤਿਆਂ ਵਿੱਚ ਜਾਰੀ ਕਰ ਦਿੱਤਾ ਜਾਵੇਗਾ। ਮਾਲੀਏ ਤੇ ਖਰਚ ਵਿਚਾਲੇ ਵਧਿਆ ਪਾੜਾ ਘਟਾਉਣ ਲਈ ਪੰਜਾਬ ਸਰਕਾਰ ਨੂੰ ਸਾਧਨ ਜੁਟਾਉਣੇ ਪੈਣਗੇ, ਇਸ ਲਈ ਕੁਝ ਟੈਕਸ ਲਾਉਣ ਬਾਰੇ ਵੀ ਵਿਚਾਰ ਕੀਤਾ ਜਾ ਰਿਹਾ ਹੈ ਤੇ ਇਸ ਬਾਰੇ 25 ਜੁਲਾਈ ਨੂੰ ਹੋ ਰਹੀ ਵਜ਼ਾਰਤ ਦੀ ਮੀਟਿੰਗ ਵਿੱਚ ਵੀ ਚਰਚਾ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਟਰੱਕ ਯੂਨੀਅਨਾਂ ਤੋੜਨ ਦਾ ਫ਼ੈਸਲਾ ਵਾਪਸ ਨਹੀਂ ਲਿਆ ਜਾਵੇਗਾ।

ਇੱਥੇ ਰਾਸ਼ਟਰਪਤੀ ਦੀ ਚੋਣ ਲਈ ਵੋਟ ਪਾਉਣ ਤੋਂ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਮੁਲਾਜ਼ਮਾਂ ਦੀ ਸੇਵਾਮੁਕਤੀ ਦੀ ਉਮਰ 60 ਤੋਂ ਘਟਾ ਕੇ 58 ਸਾਲ ਕਰਨ ਲਈ ਵਿਚਾਰ ਕੀਤਾ ਜਾ ਰਿਹਾ ਹੈ। ਇਸ ਤਜਵੀਜ਼ ਨਾਲ ਦੋ ਸਾਲ ਦੀ ਐਕਸਟੈਨਸ਼ਨ ’ਤੇ ਚੱਲ ਰਹੇ ਮੁਲਾਜ਼ਮਾਂ ਦੇ ਸਿਰ ’ਤੇ ਤਲਵਾਰ ਲਟਕ ਗਈ ਹੈ। ਇਹ ਫ਼ੈਸਲਾ ਲਾਗੂ ਕਰ ਕੇ ਸਰਕਾਰ ਆਪਣੇ ਖਰਚੇ ਘਟਾਉਣਾ ਚਾਹੁੰਦੀ ਹੈ ਪਰ ਉਸ ਨੂੰ ਸੇਵਾਮੁਕਤ ਹੋਣ ਵਾਲੇ ਮੁਲਾਜ਼ਮਾਂ ਨੂੰ ਬਕਾਏ ਦੇਣ ਲਈ ਲਗਭਗ 1700 ਕਰੋੜ ਰੁਪਏ ਦਾ ਪ੍ਰਬੰਧ ਕਰਨਾ ਪਵੇਗਾ।

## ਟਰੱਕ ਯੂਨੀਅਨਾਂ ਬਾਰੇ ਫ਼ੈਸਲਾ ਵਾਪਸ ਨਹੀਂ ਹੋਵੇਗਾ

ਮੁੱਖ ਮੰਤਰੀ ਕੈਪਟਨ ਨੇ ਟਰੱਕ ਯੂਨੀਅਨਾਂ ’ਤੇ ਪਾਬੰਦੀ ਲਾਉਣ ਦਾ ਫ਼ੈਸਲਾ ਵਾਪਸ ਲੈਣ ਤੋਂ ਇਨਕਾਰ ਕਰਦਿਆਂ ਕਿਹਾ ਹੈ ਕਿ ਇਸ ਬਾਰੇ ਨੋਟੀਫਿਕੇਸ਼ਨ ਜਾਰੀ ਕਰਨ ਤੋਂ ਪਹਿਲਾਂ ਸਬੰਧਤ ਧਿਰਾਂ ਦੇ ਵਿਚਾਰ ਸੁਣੇ ਜਾਣਗੇ। ਟਰੱਕਾਂ ਵਾਲਿਆਂ ਦੇ ਹਿੱਤ ਸੁਰੱਖਿਅਤ ਕੀਤੇ ਜਾਣਗੇ ਅਤੇ ਭਾੜਾ ਤੇ ਹੋਰ ਦਰਾਂ ਨਿਰਧਾਰਿਤ ਕਰਨ ਤੋਂ ਪਹਿਲਾਂ ਯੂਨੀਅਨਾਂ ਦੇ ਵਿਚਾਰ ਲਏ ਜਾਣਗੇ।




CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates


Kuldeep Singh Kang


Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524



PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

# ਸਬੂਤ ਮਿਲ ਜਾਣ ਦੇ ਬਾਵਜੂਦ ਲਾਪਤਾ ਹੋਏ ਹੇਮਕੁੰਟ ਸਾਹਿਬ ਯਾਤਰੀਆਂ ਦੇ ਪਰਿਵਾਰਕ ਮੈਂਬਰਾਂ ਵਿੱਚ ਵਾਪਰੇ ਹਾਦਸੇ ਬਾਰੇ ਵੱਖ ਵੱਖ ਰਾਵਾਂ



ਲਾਪਤਾ ਹੋਏ ਸ਼ਰਧਾਲੂਆਂ ਵਲੋਂ ਰਸਤੇ 'ਚ ਖਿੱਚੀ ਇਕ ਯਾਦਗਾਰੀ ਤਸਵੀਰ



ਟੈਕਸੀ ਡਰਾਈਵਰ ਮਹਿੰਗਾ ਸਿੰਘ ਦੇ ਪਰਿਵਾਰਕ ਮੈਂਬਰ

**ਅੰਮ੍ਰਿਤਸਰ/ਬਿਊਰੋ ਨਿਊਜ਼:**
ਹੇਮਕੁੰਟ ਸਾਹਿਬ ਯਾਤਰਾ ਦੌਰਾਨ ਲਾਪਤਾ ਹੋਏ ਯਾਤਰੂਆਂ ਨਾਲ ਹਾਦਸਾ' ਵਾਪਰਨ ਸਬੰਧੀ ਭਾਵੇਂ ਕਈ ਸੁਰਾਗ ਮਿਲ ਗਏ ਹਨ ਪਰ ਇਨ੍ਹਾਂ ਯਾਤਰੀਆਂ ਦੀ ਭਾਲ ਲਈ ਗਏ ਵਿਅਕਤੀ ਇਸ ਸਬੰਧੀ ਇੱਕ ਮਤ ਨਹੀਂ ਹਨ। ਕੁਝ ਵਿਅਕਤੀ ਹਾਦਸੇ ਦੀ ਗੱਲ ਕਬੂਲ ਕਰ ਰਹੇ ਹਨ ਤੇ ਕੁਝ ਦਾ ਮਤ ਹੈ ਕਿ ਯਾਤਰੀ ਠੀਕ-ਠਾਕ ਹਨ। ਯਾਤਰੀਆਂ ਦੀ ਭਾਲ ਲਈ ਗਿਆ 10 ਮੈਂਬਰੀ ਜਥਾ ਸ਼ਨਿਚਰਵਾਰ ਰਾਤੀਂ ਹੀ ਪਰਤਿਆ ਹੈ।

ਜਥੇ ਵਿੱਚ ਲਾਪਤਾ ਹੋਏ ਯਾਤਰੀਆਂ ਦੇ ਪਰਿਵਾਰਕ ਮੈਂਬਰ ਅਤੇ ਲਾਪਤਾ ਹੋਏ ਟੈਕਸੀ ਡਰਾਈਵਰ ਦੇ ਕੁਝ ਸਾਥੀ ਸ਼ਾਮਲ ਸਨ। ਸਾਹਿਬ ਸਿੰਘ, ਜਿਸ ਦੇ ਤਿੰਨ ਰਿਸ਼ਤੇਦਾਰ ਕ੍ਰਿਪਾਲ ਸਿੰਘ, ਜਸਬੀਰ ਸਿੰਘ ਅਤੇ ਕੁਲਬੀਰ ਸਿੰਘ ਲਾਪਤਾ ਹੋਏ ਹਨ, ਨੇ ਆਖਿਆ ਕਿ ਅਜਿਹਾ ਕੋਈ ਵੀ ਠੋਸ ਸਬੂਤ ਨਹੀਂ ਮਿਲਿਆ ਹੈ ਜਿਸ ਤੋਂ ਇਹ ਸਾਬਤ ਹੋਵੇ ਕਿ ਇਹ ਯਾਤਰੀ ਕਿਸੇ ਹਾਦਸੇ ਦਾ ਸ਼ਿਕਾਰ ਹੋਏ ਹਨ।

ਮਹਿਤਾ ਟੈਕਸੀ ਯੂਨੀਅਨ ਦੇ ਮੈਂਬਰ ਜਸਬੀਰ ਸਿੰਘ ਨੇ ਆਖਿਆ ਕਿ ਵੱਖ-ਵੱਖ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੇਖੀ ਗਈ ਹੈ ਪਰ ਫੁਟੇਜ ਵਿੱਚ ਡਰਾਈਵਰ ਮਹਿੰਗਾ ਸਿੰਘ ਦੀ ਇਨੋਵਾ ਕਾਰ (ਪੀਬੀ 06 ਏ.ਬੀ. 5472) ਨੂੰ ਛੇ ਜੁਲਾਈ ਨੂੰ 12:00 ਵਜੇ ਤੋਂ 4:00 ਵਜੇ ਦਰਮਿਆਨ ਜੋਸ਼ੀ ਮੱਠ ਤੋਂ ਲੰਘਦਿਆਂ ਨਹੀਂ ਦੇਖਿਆ ਗਿਆ। ਜਦਕਿ ਗੋਬਿੰਦਘਾਟ ਤੋਂ ਹੇਠਾਂ ਛੇ ਕਿਲੋਮੀਟਰ ਦੇ ਰਸਤੇ ਵਿੱਚ ਇੱਕ ਥਾਂ ਟਾਇਰਾਂ ਦੀ ਰਗੜ ਦੇ ਨਿਸ਼ਾਨ ਮਿਲੇ ਹਨ। ਉਸ ਨੇ ਆਖਿਆ ਕਿ ਹੋ ਸਕਦਾ ਹੈ ਕਿ ਇਸ ਥਾਂ ਤੋਂ ਗੱਡੀ ਅਲਕ ਨੰਦਾ ਨਦੀ ਵਿੱਚ ਡਿੱਗ ਗਈ ਕੇ ਪਾਣੀ 'ਚ ਰੁੜ੍ਹ ਗਈ ਹੋਵੇ। ਡਰਾਈਵਰ ਮਹਿੰਗਾ ਸਿੰਘ ਦਾ ਸ਼ਨਾਖ਼ਤੀ ਕਾਰਡ ਵੀ 250 ਕਿਲੋਮੀਟਰ ਦੂਰ ਰਿਸ਼ੀਕੇਸ਼ ਨੇੜਿਓਂ ਮਿਲਿਆ ਹੈ। ਇਹ ਸਬੂਤ ਸੰਕੇਤ ਕਰਦੇ ਹਨ ਕਿ ਯਾਤਰੀਆਂ ਨਾਲ ਮੰਦਭਾਗੀ ਘਟਨਾ ਵਾਪਰੀ ਹੈ।

ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਖ਼ਾਲਸਾ ਨੇ ਪੀੜਤ ਪਰਿਵਾਰਾਂ ਦੇ ਘਰ ਜਾ ਹਮਦਰਦੀ ਪ੍ਰਗਟਾਈ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕ੍ਰਿਪਾਲ ਸਿੰਘ ਬਡੂੰਗਰ ਨੇ ਆਖਿਆ ਕਿ ਉਤਰਾਖੰਡ ਸਰਕਾਰ ਨੂੰ ਸੰਜੀਦਗੀ ਨਾਲ ਲਾਪਤਾ ਯਾਤਰੀਆਂ ਦੀ ਭਾਲ ਕਰਨੀ ਚਾਹੀਦੀ ਹੈ।

## ਅਲਕਨੰਦਾ ਨਦੀ 'ਚੋਂ ਇਨੋਵਾ ਦੇ ਪੁਰਜ਼ੇ ਤੇ ਹੋਰ ਸਬੂਤ ਮਿਲੇ

**ਦੇਹਰਾਦੂਨ/ਬਿਊਰੋ ਨਿਊਜ਼ :** ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕਰਕੇ ਪਰਤ ਰਹੇ ਪੰਜਾਬ ਦੇ ਲਾਪਤਾ ਯਾਤਰੀਆਂ ਦੀ ਭਾਲ ਵਿਚ ਵੱਡੇ ਪੱਧਰ 'ਤੇ ਤਲਾਸ਼ੀ ਅਭਿਆਨ ਸ਼ੁਰੂ ਕੀਤਾ ਗਿਆ। ਤਲਾਸ਼ੀ ਅਭਿਆਨ ਦੌਰਾਨ ਇਸ ਗੱਲ ਦੇ ਪੁਖਤਾ ਸਬੂਤ ਮਿਲ ਰਹੇ ਹਨ ਕਿ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਤੋਂ ਪਰਤਣ ਸਮੇਂ ਭੇਤਭਰੇ ਢੰਗ ਨਾਲ ਲਾਪਤਾ ਹੋਏ ਪੰਜਾਬ ਦੇ 8 ਯਾਤਰੀਆਂ ਨਾਲ ਕੋਈ ਅਣਹੋਣੀ ਹੋ ਗਈ ਹੈ। ਮੌਕੇ ਤੋਂ ਇਨੋਵਾ ਗੱਡੀ ਦੇ ਕੁਝ ਪੁਰਜ਼ੇ, ਪੱਗਾਂ ਵਰਗੇ ਕੱਪੜੇ ਮਿਲਣ ਤੋਂ ਬਾਅਦ ਪੁਲੀਸ ਇਹ ਮੰਨ ਕੇ ਚੱਲ ਰਹੀ ਹੈ ਕਿ ਸਾਰੇ ਯਾਤਰੀ ਹਾਦਸੇ ਦਾ ਸ਼ਿਕਾਰ ਹੋਈ ਇਨੋਵਾ ਸਮੇਤ ਅਲਕਨੰਦਾ ਦੇ ਤੇਜ਼ ਵਹਾਅ ਵਿਚ ਡੁੱਬ ਗਏ ਹਨ। ਅਲਕਨੰਦਾ ਵਿਚ ਜ਼ਿਆਦਾ ਪਾਣੀ ਤੇ ਤੇਜ਼ ਵਹਾਅ ਕਾਰਨ ਪੁਲੀਸ ਤੇ ਐਸ.ਡੀ.ਆਰ.ਐਫ. ਨੇ ਤਲਾਸ਼ੀ ਅਭਿਆਨ ਵਿਚ ਮਦਦ ਲਈ ਆਈ.ਟੀ.ਬੀ.ਪੀ. ਨੂੰ ਵੀ ਮੌਕੇ 'ਤੇ ਬੁਲਾ ਲਿਆ ਹੈ। ਜ਼ਿਕਰਯੋਗ ਹੈ ਕਿ ਬੀਤੀ 1 ਜੁਲਾਈ ਨੂੰ ਮਹਿਤਾ ਚੌਕ (ਅੰਮ੍ਰਿਤਸਰ) ਤੇ ਗੁਰਦਾਸਪੁਰ ਤੋਂ ਡਰਾਈਵਰ ਸਮੇਤ 8 ਯਾਤਰੀਆਂ ਦਾ ਜਥਾ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਆਇਆ ਸੀ। ਇਹ ਜਥਾ ਇਨੋਵਾ ਗੱਡੀ 'ਚ ਸਵਾਰ ਹੋ ਕੇ 3 ਜੁਲਾਈ ਨੂੰ ਗੋਬਿੰਦ ਘਾਟ ਪਹੁੰਚਿਆ ਤੇ ਅਗਲੇ ਦਿਨ ਗੋਬਿੰਦ ਘਾਟ ਤੋਂ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਰਵਾਨਾ ਹੋ ਗਿਆ। ਦੱਸਿਆ ਜਾਂਦਾ ਹੈ ਕਿ 6 ਜੁਲਾਈ ਨੂੰ ਇਨ੍ਹਾਂ ਯਾਤਰੀਆਂ ਨੇ ਗੋਬਿੰਦ ਘਾਟ ਤੋਂ ਅੰਮ੍ਰਿਤਸਰ ਲਈ ਵਾਪਸੀ ਕੀਤੀ, ਜਿਸ ਦੀ ਜਾਣਕਾਰੀ ਗੱਡੀ ਦੇ ਡਰਾਈਵਰ ਮਹਿੰਗਾ ਸਿੰਘ ਉਰਫ ਮਿੱਠੂ ਨਿਵਾਸੀ ਮਹਿਤਾ ਚੌਕ ਨੇ ਜੋਸ਼ੀਮੱਠ ਤੋਂ ਆਪਣੇ ਪਰਿਵਾਰ ਨੂੰ ਦਿੱਤੀ ਸੀ। ਦੋ ਦਿਨ ਬਾਅਦ ਵੀ ਜਦੋਂ ਡਰਾਈਵਰ ਤੇ ਹੋਰ ਯਾਤਰੀ ਆਪਣੇ ਘਰ ਨਾ ਪਹੁੰਚੇ ਤਾਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ, ਪਰ ਕਾਫੀ ਭਾਲ ਤੋਂ ਬਾਅਦ ਵੀ ਨਾ ਗੱਡੀ ਤੇ ਨਾ ਹੀ ਉਸ ਵਿਚ ਸਵਾਰ ਲੋਕਾਂ ਦਾ ਕੋਈ ਪਤਾ ਲੱਗਾ। ਸਾਰਿਆਂ ਦੇ ਮੋਬਾਈਲ ਵੀ ਬੰਦ ਹੀ ਮਿਲ ਰਹੇ ਹਨ। ਇਨ੍ਹਾਂ ਯਾਤਰੀਆਂ ਨੂੰ ਭਾਲਦੇ ਹੋਏ ਪਰਿਵਾਰਕ ਮੈਂਬਰ 11 ਜੁਲਾਈ ਨੂੰ ਚਮੌਲੀ ਪਹੁੰਚੇ ਤੇ ਗੋਪੇਸ਼ਵਰ ਵਿਚ ਪੁਲੀਸ ਨਾਲ ਗੱਲਬਾਤ ਕਰਕੇ ਸਾਰੇ ਯਾਤਰੀਆਂ ਦੀ ਗੁੰਮਸ਼ੁਦਗੀ ਦੀ ਰਿਪੋਰਟ ਦਰਜ ਕਰਵਾਈ। ਚਮੌਲੀ ਪੁਲੀਸ ਰੁਦ੍ਰਪਰਿਆਗ, ਟਿਹਰੀ, ਪੌੜੀ ਜ਼ਿਲ੍ਹਿਆਂ ਦੀ ਪੁਲੀਸ ਕੋਲੋਂ ਮਦਦ ਲੈ ਰਹੀ ਹੈ। ਲਾਪਤਾ ਯਾਤਰੀਆਂ ਵਿਚ ਅਮਰੀਕਾ ਤੋਂ ਆਏ ਪਰਮਜੀਤ ਸਿੰਘ ਤੇ ਹਰਕੇਵਲ ਸਿੰਘ , ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਡੱਲਾ ਦੇ ਰਹਿਣ ਵਾਲੇ ਡਾ. ਹਰਪਾਲ ਸਿੰਘ ਉਨ੍ਹਾਂ ਦਾ ਭਤੀਜਾ ਵਰਿੰਦਰ ਸਿੰਘ, ਕੁਲਬੀਰ ਸਿੰਘ, ਕਿਰਪਾਲ ਸਿੰਘ, ਜਸਵੀਰ ਸਿੰਘ ਤੇ ਇਨੋਵਾ ਗੱਡੀ ਦਾ ਡਰਾਈਵਰ ਮਹਿੰਗਾ ਸਿੰਘ ਵਾਸੀ ਮਹਿਤਾ ਚੌਕ ਸ਼ਾਮਲ ਹਨ।

## ਦਿੱਲੀ ਕਮੇਟੀ ਨੇ ਝੂਠੇ ਪੁਲੀਸ ਮੁਕਾਬਲਿਆਂ 'ਚ ਮਾਰੇ ਗਏ ਸਿੱਖਾਂ ਸਬੰਧੀ ਜਾਣਕਾਰੀ ਮੰਗੀ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਵਿਚ ਝੂਠੇ ਪੁਲੀਸ ਮੁਕਾਬਲਿਆਂ ਵਿਚ ਮਾਰੇ ਗਏ ਜਾਂ ਲਾਪਤਾ ਹੋਏ ਸਿੱਖਾਂ ਨਾਲ ਸੰਬੰਧਤ ਤੱਥਾਂ ਨੂੰ ਇਕੱਠਾ ਕਰਨ ਦੀ ਪਹਿਲ ਕੀਤੀ ਹੈ ਅਤੇ ਅਜਿਹੇ ਮਾਮਲਿਆਂ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਦਿੱਲੀ ਕਮੇਟੀ ਦੇ ਕਾਨੂੰਨੀ ਵਿਭਾਗ ਕੋਲ ਪਹੁੰਚਾਉਣ ਦੀ ਅਪੀਲ ਜਾਰੀ ਕੀਤੀ ਗਈ ਹੈ। ਕਮੇਟੀ ਦੇ ਕਾਨੂੰਨੀ ਵਿਭਾਗ ਦੇ ਚੇਅਰਮੈਨ ਜਸਵਿੰਦਰ ਸਿੰਘ ਜੌਲੀ ਨੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵਿਚ ਪੰਜਾਬ ਸਰਕਾਰ ਦੇ ਖਿਲਾਫ ਕਮੇਟੀ ਵੱਲੋਂ ਦਾਇਰ ਕੀਤੇ ਗਏ ਕੇਸ ਦਾ ਹਵਾਲਾ ਦਿੰਦੇ ਹੋਏ ਪੀੜਤ ਪਰਿਵਾਰਾਂ ਨੂੰ ਕਮੇਟੀ ਵੱਲੋਂ ਪੂਰਣ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਹੈ। ਜੌਲੀ ਨੇ ਦੱਸਿਆ ਕਿ ਪੁਲੀਸ ਦੀ ਜ਼ਿਆਦਤੀ ਸਦਕਾ ਲਗਭਗ 1 ਲੱਖ ਨੌਜਵਾਨਾਂ ਦੇ ਕਤਲ ਦੇ ਅਣ-ਅਧਿਕਾਰਤ ਅੰਕੜਿਆਂ ਦਾ ਅਕਸਰ ਜ਼ਿਕਰ ਹੁੰਦਾ ਹੈ ਪਰ ਜਦੋਂ ਅਸੀਂ ਤਫ਼ਤੀਸ਼ ਕਰਦੇ ਹੋਏ ਤੱਥਾਂ ਦੀ ਪੜਚੋਲ ਕਰਦੇ ਹਾਂ ਤਾਂ ਗਿਣਤੀ ਵਿਚ ਸਿਰਫ ਕੁਝ ਕੁ ਮਾਮਲੇ ਹੀ ਸਾਹਮਣੇ ਆਉਂਦੇ ਹਨ। ਜਿਸ ਵਿਚ ਸੂਬੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ 21 ਸਿੱਖ ਨੌਜਵਾਨਾਂ ਦੇ ਹਵਾਲਗੀ ਕਤਲ ਦਾ ਕੀਤਾ ਗਿਆ ਕਬੂਲਨਾਮਾ ਵੀ ਸ਼ਾਮਲ ਹੈ। ਮਨੁੱਖੀ ਅਧਿਕਾਰ ਕਾਰਕੂਨ ਜਸਵੰਤ ਸਿੰਘ ਖਾਲੜਾ ਵੱਲੋਂ ਝੂਠੇ ਪੁਲੀਸ ਮੁਕਾਬਲਿਆਂ ਤੋਂ ਬਾਅਦ ਅੰਮ੍ਰਿਤਸਰ ਅਤੇ ਤਰਨਤਾਰਨ ਜ਼ਿਲ੍ਹੇ ਦੇ ਸ਼ਮਸਾਨ ਘਾਟਾਂ ਵਿਚ ਲਵਾਰਿਸ਼ ਲਾਸ਼ਾਂ ਦੱਸ ਕੇ ਸਾੜੇ ਗਏ ਸਿੱਖ ਨੌਜਵਾਨਾਂ ਦੇ ਇਕੱਤਰ ਕੀਤੇ ਗਏ ਅੰਕੜਿਆਂ ਦਾ ਜ਼ਿਕਰ ਕਰਦੇ ਹੋਏ ਜੌਲੀ ਨੇ ਕਿਹਾ ਕਿ ਉਕਤ ਅੰਕੜੇ ਗਵਾਹੀ ਭਰਦੇ ਹਨ ਕਿ ਉਸ ਵੇਲੇ ਪੰਜਾਬ ਪੁਲੀਸ ਵੱਲੋਂ ਅੱਤਵਾਦ ਦੇ ਨਾਂਅ 'ਤੇ ਨਿਰਦੋਸ਼ ਸਿੱਖਾਂ ਨੂੰ ਘਰੋਂ ਚੁੱਕ ਕੇ ਝੂਠੇ ਪੁਲੀਸ ਮੁਕਾਬਲਿਆਂ ਰਾਹੀਂ ਮਾਰ ਮੁਕਾਇਆ ਗਿਆ ਸੀ ਅਤੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਜਾਂ ਤੇ ਦਰਿਆਵਾਂ ਵਿਚ ਵਹਾ ਦਿੱਤਾ ਗਿਆ ਜਾਂ ਲਾਵਾਰਿਸ਼ ਲਾਸ਼ ਦੱਸ ਕੇ ਸ਼ਮਸ਼ਾਨਾਂ ਵਿਚ ਫੂਕ ਦਿੱਤਾ ਗਿਆ ਸੀ।

## ਅਮਰਨਾਥ ਯਾਰਤਾ ਵਾਲੀ ਬੱਸ ਖੱਡ 'ਚ ਡੱਗਣ ਨਾਲ 17 ਸ਼ਰਧਾਲੂਆਂ ਦੀ ਮੌਤ

### *29 ਜ਼ਖ਼ਮੀ; 19 ਦੀ ਹਾਲਤ ਗੰਭੀਰ, ਮ੍ਰਿਤਕਾਂ ਵਿੱਚ ਦੋ ਔਰਤਾਂ ਵੀ ਸ਼ਾਮਲ*

**ਰਾਮਬਨ/ਜੰਮੂ:ਬਿਊਰੋ ਨਿਊਜ਼:**
ਅਮਰਨਾਥ ਦੀ ਪਵਿੱਤਰ ਗੁਫ਼ਾ ਦੇ ਦਰਸ਼ਨਾਂ ਨੂੰ ਜਾ ਰਹੇ ਸ਼ਰਧਾਲੂਆਂ ਨਾਲ ਭਰੀ ਬੱਸ ਐਤਵਾਰ ਨੂੰ ਬਾਅਦ ਦੁਪਹਿਰ ਜੰਮੂ-ਸ੍ਰੀਨਗਰ ਮਾਰਗ ਉੱਤੇ ਰਾਮਬਨ ਨੇੜੇ ਖੱਡ ਵਿੱਚ ਡਿਗਣ ਨਾਲ 16 ਸ਼ਰਧਾਲੂਆਂ ਦੀ ਮੌਕੇ ਉੱਤੇ ਹੀ ਮੌਤ ਹੋ ਗਈ ਅਤੇ 31 ਸ਼ਰਧਾਲੂ ਜ਼ਖ਼ਮੀ ਹੋ ਗਏ। ਇਨ੍ਹਾਂ ਵਿੱਚੋਂ 19 ਸ਼ਰਧਾਲੂਆਂ ਦੀ ਹਾਲਤ ਗੰਭੀਰ ਹੈ। ਪੀੜਤ ਸ਼ਰਧਾਲੂ ਉੱਤਰ ਪ੍ਰਦੇਸ਼, ਬਿਹਾਰ, ਅਸਾਮ, ਹਰਿਆਣਾ ਅਤੇ ਮੱਧ ਪ੍ਰਦੇਸ਼ ਨਾਲ ਸਬੰਧਤ ਹਨ। ਮ੍ਰਿਤਕਾਂ ਵਿੱਚ ਦੋ ਔਰਤਾਂ ਵੀ ਸ਼ਾਮਲ ਹਨ।

ਬਾਅਦ ਦੁਪਹਿਰ ਰਾਮਬਨ ਨੇੜੇ ਨਚਲਾਨਾ ਇਲਾਕੇ ਵਿੱਚ ਜੰਮੂ-ਸ੍ਰੀਨਗਰ ਮਾਰਗ ਉੱਤੇ ਬੱਸ ਬੇਕਾਬੂ ਹੋ ਕੇ ਬਾਜ਼ੀਆਂ ਖਾਂਦੀ ਹੋਈ ਇੱਕ ਨਾਲੇ ਵਿੱਚ ਜਾ ਡਿਗੀ। ਇਹ ਜਾਣਕਾਰੀ ਰਾਮਬਨ ਦੇ ਸੀਨੀਅਰ ਸੁਪਰਡੈਂਟ ਪੁਲੀਸ ਮੋਹਨ ਲਾਲ ਨੇ ਦਿੱਤੀ।

ਹਾਦਸਾਗ੍ਰਸਤ ਬੱਸ ਜੋ ਕਿ ਜੰਮੂ ਕਸ਼ਮੀਰ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀ ਸੀ, ਜੰਮੂ ਤੋਂ ਅਮਰਨਾਥ ਦੀ ਯਾਤਰਾ ਲਈ ਰਵਾਨਾ ਹੋਏ 3603 ਸ਼ਰਧਾਲੂਆਂ ਦੇ ਕਾਫਲੇ ਦਾ ਹਿੱਸਾ ਸੀ। 19 ਗੰਭੀਰ ਜ਼ਖ਼ਮੀਆਂ ਨੂੰ ਹੈਲੀਕਾਪਟਰਾਂ ਰਾਹੀਂ ਜੰਮੂ ਦੇ ਹਸਪਤਾਲ ਵਿੱਚ ਭਾਰਤੀ ਕਰਵਾਇਆ ਗਿਆ ਹੈ। ਅੱਠ ਜ਼ਖ਼ਮੀਆਂ ਨੂੰ ਰਾਮਬਨ ਦੇ ਜ਼ਿਲ੍ਹਾ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ।

ਜ਼ਖ਼ਮੀਆਂ ਨੂੰ ਅਤੇ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਡੂੰਘੀ ਖੱਡ ਵਿੱਚੋਂ ਕੱਢਣ ਵਿੱਚ ਫ਼ੌਜ, ਸੀਮਾ ਸੁਰੱਖਿਆ ਬਲ ਦੇ ਜਵਾਨਾਂ ਅਤੇ ਸਥਾਨਕ ਲੋਕਾਂ ਨੇ ਸਹਾਇਤਾ ਕੀਤੀ। ਪ੍ਰਾਪਤ ਜਾਣਕਾਰੀ ਅਨੁਸਾਰ ਗੰਭੀਰ ਜ਼ਖ਼ਮੀਆਂ ਵਿੱਚ ਸ਼ਾਮਲ ਇੱਕ ਔਰਤ ਲਲਿਤਾ ਦੀ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਸ੍ਰੀਨਗਰ ਦੇ ਹਸਪਤਾਲ ਵਿੱਚ ਮੌਤ ਹੋ ਗਈ ਹੈ। ਇਸ ਦੇ ਨਾਲ ਹੀ ਪਹਿਲਾਂ ਬੱਸ ਹਾਦਸੇ ਵਿੱਚ ਮ੍ਰਿਤਕਾਂ ਦੀ ਗਿਣਤੀ 27 ਦੱਸੀ ਗਈ ਸੀ ਜੋ ਬਾਅਦ ਵਿੱਚ ਪ੍ਰਾਪਤ ਰਿਪੋਰਟਾਂ ਦੇ ਅਨੁਸਾਰ ਵਧ ਕੇ 31 ਹੋ ਗਈ ਹੈ। ਇਸੇ ਦੌਰਾਨ ਜੰਮੂ-ਕਸ਼ਮੀਰ ਸਟੇਟ ਟਰਾਂਸਪੋਰਟ ਕਾਰਪੋਰੇਸ਼ਨ ਨੇ ਅਮਰਨਾਥ ਸ਼ਰਧਾਲੂਆਂ ਦੀ ਬੱਸ ਨੂੰ ਆਏ ਹਾਦਸੇ ਦੀ ਜਾਂਚ ਦੇ ਅਦੇਸ਼ ਦਿੱਤੇ ਹਨ। ਜੰਮੂ- ਕਸ਼ਮੀਰ ਸਟੇਟ ਟਰਾਂਸਪੋਰਟ ਕਾਰਪੋਰੇਸ਼ਨ ਦੇ ਜਨਰਲ ਮੈਨੇਜਰ ਮੀਰ ਅਫਰੋਜ਼ ਅਹਿਮਦ ਅਨੁਸਾਰ ਸੜਕ ਹਾਦਸੇ ਦੀ ਜਾਂ ਕਮੇਟੀ ਦਾ ਗਠਿਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਮੇਟੀ ਦੋ ਦਿਨ ਦੇ ਵਿੱਚ ਆਪਣੀ ਰਿਪੋਰਟ ਦੇਵੇਗੀ।



ਅਮਰਨਾਥ ਯਾਤਰੀਆਂ ਵਾਲੀ ਬੱਸ ਦੇ ਖੱਡ ਵਿੱਚ ਡਿੱਗਣ ਬਾਅਦ ਬਚਾਅ ਕਾਰਜਾਂ ਵਿੱਚ ਜੁਟੇ ਸੁਰੱਖਿਆ ਬਲਾਂ ਦੇ ਜਵਾਨ।

# ਸ਼ੋਮਣੀ ਕਮੇਟੀ ਵਲੋਂ ਸ਼ਹੀਦ ਸਿੰਘ ਦੀ ਪਤਨੀ ਨਾਲ ਵਿਤਕਰਾ ਕਰਨ ਦੇ ਦੋਸ਼

### *ਸ਼ਹੀਦ ਪਰਿਵਾਰਾਂ ਦਾ ਅਪਮਾਨ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ -ਯੂਨਾਈਟਿਡ ਖਾਲਸਾ ਦਲ ਯੂ ਕੇ*

**ਲੰਡਨ/ਬਿਊਰੋ ਨਿਊਜ਼:** ਯੂਨਾਈਟਿਡ ਖਾਲਸਾ ਦਲ ਯੂ ਕੇ ਵਲੋਂ ਸ੍ਰ੍ਰਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਸੰਘਰਸ਼ ਦੌਰਾਨ ਜੂਝ ਕੇ ਸ਼ਹੀਦ ਹੋਏ ਭਾਈ ਗੁਰਪ੍ਰੀਤ ਸਿੰਘ ਵਿਰਕ ਦੀ ਧਰਮ ਸੁਪਤਨੀ ਨਾਲ ਭਾਰੀ ਵਿਤਕਰੇ ਦਾ ਦੋਸ਼ ਲਗਾਇਆ ਗਿਆ ਹੈ । ਦਲ ਦੇ ਜਨਰਲ ਸਕੱਤਰ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਸ੍ਰਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਇਸ ਕਾਰੇ ਮੁੱਖ ਦੋਸ਼ੀ ਕਰਾਰ ਦਿੱਤਾ ਗਿਆ ਹੈ । ਪ੍ਰੈੱਸ ਨੂੰ ਭੇਜੀ ਜਾਣਕਾਰੀ ਅਨੁਸਾਰ ਬੀਬੀ ਪ੍ਰਮਿੰਦਰਪਾਲ ਕੌਰ ਵਿਰਕ ਸ੍ਰਗੁਰਦੁਆਾਰਾ ਪ੍ਰਬੰਧਕ ਕਮੇਟੀ ਵਲੋਂ ਚਲਾਏ ਜਾ ਰਹੇ ਨਨਕਾਣਾ ਸਾਹਿਬ ਪਬਲਿਕ ਸਕੂਲ ਲੁਧਿਆਣਾ ਵਿੱਚ ਡੇਢ ਦਹਾਕੇ ਤੋਂ ਬਤੌਰ ਅਧਿਆਪਕ ਕੰਮ ਕਰ ਰਹੀ ਸੀ ਜਿਸ ਨੇ ਪੂਰੀ ਲਗਨ ਅਤੇ ਮਿਹਨਤ ਨਾਲ ਸਕੂਲ ਦੇ ਮਿਆਰ ਨੂੰ ਬੁਲੰਦੀਆਂ ਤੱਕ ਪਹੁੰਚਾਇਆ ਅਤੇ ਬੱਚਿਆਂ ਨੂੰ ਸਿੱਖੀ ਨਾਲ ਜੋੜਿਆ । ਉਸ ਨੇ ਸਕੂਲ ਵਿੱਚ ਹੋ ਰਹੀਆਂ ਬੇਨਿਯਮੀਆਂ ਅਤੇ ਸਿੱਖ ਵਿਰੋਧੀ ਕਾਰਵਾਈਆਂ ਖਿਲਾਫ ਅਵਾਜ ਬੁਲੰਦ ਕੀਤੀ ਤਾਂ ਤੱਤਕਾਲੀ ਪ੍ਰਧਾਨ ਅਵਤਾਰ ਮੱਕੜ ਨੇ ਆਪਣੀ ਨਜ਼ਦੀਕੀ ਸਕੂਲ ਦੀ ਪਿੰਸੀਪਲ ਦੇ ਕਹਿਣ ਤੇ ਉਸ ਨੂੰ ਬਰਤਰਫ ਕਰ ਦਿੱਤਾ । ਕਈ ਸਾਲ ਬਤੀਤ ਹੋ ਗਏ ਤਾਂ ਅਖੀਰ ਉਸ ਨੇ ਹਾਈਕੋਰਟ ਦਾ ਦਰਵਾਜਾ ਖੜਕਾਇਆਂ ਤਾਂ ਲੰਬੇ ਲੰਬੇ ਸਮੇਂ ਦੀਆਂ ਤਰੀਕਾਂ ਪੈਣ ਮਗਰੋਂ ਆਖਰ ਸੱਚਾਈ ਦੀ ਜਿੱਤ ਹੋਈ ਅਤੇ ਮੱਕੜ ਐਂਡ ਪਾਰਟੀ ਵਲੋਂ ਉਸ ਦੀ ਬਰਤਰਫੀ ਨੂੰ ਗੈਰ ਕਨੂੰਨੀ ਕਰਾਰ ਦਿੰਦਿਆਂ ਉਸਦੀ ਤਨਖਾਹ ਦਾ ਭੁਗਤਾਨ ਕਰਨ ਅਤੇ ਮੁੜ ਬਹਾਲੀ ਦਾ ਹੁਕਮ ਸੁਣਾਇਆ ਗਿਆ । ਪਿਛਲੇ ਸਾਲ ਦਸੰਬਰ ਮਹੀਨੇ ਵਿੱਚ ਬੀਬੀ ਵਿਰਕ ਨੂੰ ਮੁੜ ਬਹਾਲ ਕਰ ਲਿਆ ਗਿਆ ਪਰ ਅਜੇ ਤੱਕ ਨਾ ਉਸ ਨੂੰ ਤਨਖਾਹ ਨਹੀਂ ਦਿੱਤੀ ਜਾ ਰਹੀ । ਜਿੱਥੇ ਉਹ ਦਸੰਬਰ ਮਹੀਨੇ ਤੋਂ ਮੁਫਤ ਕੰਮ ਕਰ ਰਹੀ ਹੈ ਉੱਥੇ 17 ਲੱਖ ਰੁਪਏ ਦੇ ਕਰੀਬ ਉਸ ਦੀ ਤਨਖਾਹ ਦਾ ਬਕਾਇਆ ਹੈ ਜੋ ਕਿ ਉਸ ਦੀ ਗੈਰ ਵਿਧਾਨਕ ਅਤੇ ਬੇਬੁਨਿਆਦ ਬਰਤਰਫੀ ਦਾ ਬਣਦਾ ਹੈ ਜਿਸਦਾ ਭੁਗਤਾਨ ਕਰਨਾ ਸ੍ਰਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਜਿੰਮੇਵਾਰੀ ਹੈ । ਯੁਨਾਈਟਿਡ ਖਾਲਸਾ ਦਲ ਯੂ ਕੇ ਵਲੋਂ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੂੰ ਅਵਤਾਰ ਸਿੰਘ ਮੱਕੜ ਦੀਆਂ ਲੀਹਾਂ ਤੇ ਚੱਲਣ ਤੋਂ ਬਾਜ਼ ਆਉਣ ਦੀ ਨਸੀਹਤ ਦਿੰਦਿਆਂ ਹਾਈ ਕੋਰਟ ਦੇ ਹੁਕਮ ਅਨੁਸਾਰ ਸ਼ਹੀਦ ਸਿੰਘ ਦੀ ਧਰਮ ਸੁਪਤਨੀ ਦੀ ਬਣਦੀ ਤਨਖਾਹ ਦਾ ਤੁਰੰਤ ਭੁਗਤਾਨ ਕਰਨ ਲਈ ਆਖਿਆ ਗਿਆ । ਗੁਰਦੁਆਰਾ ਸਹਿਬਾਨ ਤੇ ਕਾਬਜ਼ ਵਿਆਕਤੀਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਜਦੋਂ ਅਕਾਲ ਪੁਰਖ ਦੀ ਡਾਂਗ ਵੱਜਦੀ ਹੈ ਤਾਂ ਉਸ ਦੀ ਅਵਾਜ਼ ਵੀ ਨਹੀਂ ਆਉਂਦੀ ਪਰ ਦਿਨੇ ਤਾਰੇ ਜਰੂਰ ਦਿਖਾ ਦਿੰਦੀ ਹੈ , ਜਿਸਦਾ ਪ੍ਰਤੱਖ ਸਬੂਤ ਅਵਤਾਰ ਮੱਕੜ ਦੇ ਜਹਾਨੋ ਤੁਰ ਗਏ ਦੋ ਪੁੱਤਰ ਹਨ ,ਜਿਹਨਾਂ ਦੇ ਵਿਛੋੜੇ ਵਿੱਚ ਉਹ ਨੀਮ ਪਾਗਲਾਂ ਵਾਲੀ ਸਥਿਤੀ ਵਿੱਚ ਹੈ । ਭਾਈ ਗੁਰਪ੍ਰੀਤ ਸਿੰਘ ਵਿਰਕ ਵਰਗੇ ਖਾਲਿਸਤਾਨ ਦੀ ਜੰਗੇ ਅਜਾਦੀ ਦੇ ਯੋਧੇ ਸਮੁੱਚੀ ਕੌਮ ਦੇ ਸ਼ਹੀਦ ਹਨ ਜਿਹਨਾਂ ਤੇ ਕੌਮ ਨੂੰ ਸਦਾ ਮਾਣ ਰਹੇਗਾ ਅਤੇ ਇਹਨਾਂ ਨੂੰ ਅਗਰ ਕੋਈ ਅਦਾਰਾ ਜਾਂ ਵਿਆਕਤੀ ਵਿਸ਼ੇਸ਼ ਤੰਗ ਪ੍ਰੇਸਾਕਰੇਗਾ ਤਾਂ ਉਸ ਨੂੰ ਸਿੱਖ ਦੁਸ਼ਮਣਾਂ ਦੀ ਕਤਾਰ ਵਿੱਚ ਸਮਝਿਆ ਜਾਵੇਗਾ ਅਤੇ ਵਕਤ ਆਉਣ ਤੇ ਖਾਲਸਾ ਪੰਥ ਸਿੱਖ ਰਵਾਇਤਾਂ ਅਨੁਸਾਰ ਹਿਸਾਬ ਜਰੂਰ ਲੇਵੇਗਾ ।

# ਅਕਾਲੀ ਦਲ ਨੂੰ ਪੰਜਾਬ 'ਚ ਅਮਨ-ਕਾਨੂੰਨ ਦੇ ਵਿਗੜ ਰਹੇ ਹਾਲਾਤ ਦਾ ਫ਼ਿਕਰ

**ਚੰਡੀਗੜ੍ਹ/ਬਿਊਰੋ ਨਿਊਜ਼:** ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਪੰਜਾਬ 'ਚ ਅਮਨ-ਕਾਨੂੰਨ ਦੇ ਵਿਗੜ ਰਹੇ ਹਾਲਾਤ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਪਾਰਟੀ ਵਿਧਾਇਕ ਦਲ ਦੀ ਐਤਵਾਰ ਨੂੰ ਇੱਥੇ ਹੋਈ ਬੈਠਕ 'ਚ ਪੰਜਾਬ 'ਚ ਅਮਨ-ਕਾਨੂੰਨ ਦੀ ਵਿਗੜੀ



ਹੋਈ ਸਥਿਤੀ 'ਤੇ ਗਹਿਰੀ ਚਿੰਤਾ ਪ੍ਰਗਟਾਈ ਗਈ ਗ਼ ਪਾਰਟੀ ਸਰਪ੍ਰਸਤ ਤੇ ਸਾਬਕਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ 'ਚ ਪਿਛਲੀ ਰਾਤ ਲੁਧਿਆਣਾ ਵਿਖੇ ਇਕ ਚਰਚ ਦੇ ਪਾਦਰੀ ਸੁਲਤਾਨ ਸ਼ਾਹ ਦੇ ਕਤਲ 'ਤੇ ਦੁੱਖ ਪ੍ਰਗਟ ਕੀਤਾ ਗਿਆ। ਸ. ਬਾਦਲ ਨੇ ਕਿਹਾ ਕਿ ਸੂਬਾਈ ਪ੍ਰਸ਼ਾਸਨ, ਉਸ ਸ਼ਾਤੀ ਤੇ ਭਾਈਚਾਰਕ ਸਾਝ ਵਾਲੇ ਮਾਹੌਲ ਨੂੰ ਬਰਕਰਾਰ ਰੱਖਣ 'ਚ ਨਾਕਾਮ ਸਾਬਿਤ ਹੋ ਰਿਹਾ ਹੈ, ਜਿਹੜਾ ਮਾਹੌਲ ਇਸ ਸਾਲ ਮਾਰਚ 'ਚ ਪਿਛਲੀ ਅਕਾਲੀ-ਭਾਜਪਾ ਸਰਕਾਰ ਵੱਲੋਂ ਕਾਗਰਸ ਸਰਕਾਰ ਨੂੰ ਸੌਂਪਿਆ ਗਿਆ ਸੀ। ਉਨ੍ਹਾਂ ਜਲੰਧਰ ਦੇ ਬਿਸ਼ਪ ਡਾ. ਫਰੈਂਕੋ ਮੁਲੱਕਲ ਨਾਲ ਵੀ ਗੱਲਬਾਤ ਕੀਤੀ।

ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿਚ ਅਮਨ ਤੇ ਕਾਨੂੰਨ ਦੀ ਹਾਲਤ ਵਿਚ ਆਏ ਅਚਾਨਕ ਨਿਗਾਰ ਦੀ ਮੁੱਖ ਵਜ੍ਹਾ ਹਾਕਮਾਂ ਦਾ ਜਨਤਕ ਸੇਵਾ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਦੀ ਥਾਂ ਫਾਲਤੂ ਦੇ ਕੰਮਾਂ ਵਿਚ ਰੁੱਝੇ ਹੋਣਾ ਹੈ। ਇੰਝ ਲੱਗਦਾ ਹੈ ਕਿ ਸਰਕਾਰ ਹਰ ਪਾਸੇ ਗੈਰ-ਹਾਜ਼ਰ ਹੈ ਤੇ ਲੋਕਾਂ ਅਤੇ ਸਰਕਾਰ ਵਿਚਕਾਰ ਇਕ ਬਹੁਤ ਵੱਡਾ ਪਾੜਾ ਹੈ। ਲੋਕਾਂ ਸਾਹਮਣੇ ਆਪਣੀਆਂ ਮੁਸ਼ਕਲਾਂ ਦੇ ਹੱਲ ਵਾਸਤੇ ਸਰਕਾਰੇ ਦਰਬਾਰੇ ਕੋਈ ਬਾਹ ਫੜ੍ਹਣ ਵਾਲਾ ਨਹੀਂ ਹੈ ਤੇ ਉਹ ਇਸ ਸਥਿਤੀ ਤੋਂ ਦੁਖੀ ਹੋ ਰਹੇ ਹਨ ਗ਼ ਬਾਦਲ ਨੇ ਕਿਹਾ ਕਿ ਜਿਹੜੇ ਸਰਕਾਰ ਚਲਾ ਰਹੇ ਹਨ, ਉਨ੍ਹਾਂ ਨੂੰ ਲੋਕਾਂ ਦੀ ਸੇਵਾ ਨੂੰ ਇਕ ਪਾਰਟ ਟਾਈਮ ਸ਼ੌਕ ਨਹੀਂ ਸਗੋਂ ਇਕ ਫੁੱਲ ਟਾਈਮ ਮਿਸ਼ਨ ਮੰਨਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਵਿਚ ਅਮਨ-ਕਾਨੂੰਨ ਦੀ ਹਾਲਤ ਵਿਚ ਵੱਡਾ ਨਿਘਾਰ ਆਇਆ ਹੈ ਤੇ ਇਹ ਗੱਲ ਪੰਜਾਬ ਆ ਕੇ ਰਹਿਣ ਜਾ ਇੱਥੇ ਨਿਵੇਸ਼ ਕਰਨ ਦੇ ਚਾਹਵਾਨ ਲੋਕਾ ਦਾ ਹਾਸਲਾ ਵਧਾਉਣ ਵਾਲੀ ਨਹੀਂ ਹੈ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਵੇਲੇ ਦੇਸ਼ ਦੇ ਵੱਡੇ ਕਾਰੋਬਾਰੀ ਤੇ ਵਪਾਰਕ ਘਰਾਣੇ ਪੰਜਾਬ 'ਚ ਬਹੁਤ ਦਿਲਚਸਪੀ ਰੱਖਦੇ ਸਨ। ਸਾਰੇ ਕਾਰੋਬਾਰੀ ਤੇ ਵਪਾਰੀ ਇੱਕਲੇ ਤੌਰ 'ਤੇ ਵੀ ਅਤੇ ਸਾਝੇ ਤੌਰ 'ਤੇ ਵੀ ਪੰਜਾਬ ਨਿਵੇਸ਼ ਸੰਮੇਲਨਾਂ ਵਿਚ ਆਉਂਦੇ ਰਹਿੰਦੇ ਸਨ। ਹੁਣ ਇਸ ਫਰੰਟ ਉੱਤੇ ਕੋਈ ਗਤੀਵਿਧੀ ਨਜ਼ਰ ਨਹੀਂ ਆਉਂਦੀ, ਜਿਸ ਦੇ ਪਿੱਛੇ ਬਾਕੀ ਪੱਖਾਂ ਤੋਂ ਇਲਾਵਾ ਅਮਨ ਤੇ ਕਾਨੂੰਨ ਦੀ ਹਾਲਤ ਵੀ ਜ਼ਿੰਮੇਵਾਰ ਹੈ। ਸੂਬੇ ਅੰਦਰ ਕਤਲਾਂ ਸਮੇਤ ਵੱਖ-ਵੱਖ ਗੈਰ-ਕਾਨੂੰਨੀ ਗਤੀਵਿਧੀਆਂ ਵਿਚ ਹੋਏ ਵਾਧੇ 'ਤੇ ਚਿੰਤਾ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸਥਿਤੀ ਬਹੁਤ ਹੀ ਚਿੰਤਾਜਨਕ ਹੈ, ਇਸ ਵਾਸਤੇ ਤੁਰੰਤ ਪ੍ਰਸਾਸ਼ਨ ਨੂੰ ਮੁਸਤੈਦ ਕੀਤੇ ਜਾਣ ਦੀ ਲੋੜ ਹੈ ਕਿ ਉਹ ਸੋਸ਼ਣ, ਧੱਕੇਸ਼ਾਹੀ ਤੇ ਕਿੜਾ ਕੱਢਣ ਦੀ ਥਾਂ ਵਧੀਆ ਕਾਰਗੁਜ਼ਾਰੀ ਵੱਲ ਧਿਆਨ ਦੇਵੇ। ਮੀਟਿੰਗ ਦੌਰਾਨ ਅਮਰਨਾਥ ਯਾਤਰੀਆਂ ਦੀ ਹੋਈ ਮੌਤ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ ਤੇ ਸ੍ਰੀ ਹੇਮਕੁਟ ਸਾਹਿਬ ਦੇ ਦਰਸ਼ਨਾਂ ਲਈ ਜਾਂਦਿਆਂ ਲਾਪਤਾ ਹੋਏ 8 ਪੰਜਾਬੀ ਸ਼ਰਧਾਲੂਆਂ ਬਾਰੇ ਵੀ ਚਿੰਤਾ ਪ੍ਰਗਟ ਕੀਤੀ ਗਈ।

***ਸਿੱਖ ਨਸਲਕੁਸ਼ੀ***

# ਦੋਸ਼ੀ ਕੈਪਟਨ ਭਾਗਮਲ ਨੂੰ ਆਤਮ ਸਮਰਪਣ ਦੇ ਹੁਕਮ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਹਾਈ ਕੋਰਟ ਨੇ '84 ਸਿੱਖ ਨਸਲਕੁਸ਼ੀ ਦੇ ਦੋਸ਼ੀ ਜਲ ਸੈਨਾ ਦੇ ਸੇਵਾ ਮੁਕਤ ਅਧਿਕਾਰੀ ਕੈਪਟਨ ਭਾਗਮਲ ਨੂੰ ਸੋਮਵਾਰ ਤੱਕ ਆਤਮ ਸਮਰਪਣ ਕਰਨ ਦਾ



ਆਦੇਸ਼ ਦਿੱਤਾ ਹੈ। ਕੈਪਟਨ ਭਾਗਮਲ 'ਤੇ ਨਵੰਬਰ '84 ਦੌਰਾਨ ਦਿੱਲੀ ਕੈਂਟ ਦੇ ਰਾਜਨਗਰ ਇਲਾਕੇ ਵਿਚ ਇਕੋ ਪਰਿਵਾਰ ਦੇ 5 ਮੈਂਬਰਾਂ ਦੀ ਹੱਤਿਆ ਦਾ ਦੋਸ਼ ਹੈ ਅਤੇ ਉਹ ਉਸ ਮਾਮਲੇ ਵਿਚ ਦੋਸ਼ੀ ਕਰਾਰ ਦਿੱਤੇ ਜਾ ਚੁੱਕੇ ਹਨ। ਦਰਅਸਲ ਜਸਟਿਸ ਮਨਮੋਹਨ ਅਤੇ ਜਸਟਿਸ ਯੋਗੇਸ਼ ਖੰਨਾ ਦੀ ਬੈਂਚ ਵਲੋਂ 89 ਸਾਲ ਦੇ ਭਾਗਮਲ ਨੂੰ ਸਿਹਤ ਕਾਰਨਾਂ ਕਰਕੇ ਜ਼ਮਾਨਤ ਦਿੱਤੀ ਹੋਈ ਸੀ। ਦੱਸਣਯੋਗ ਹੈ ਕਿ ਭਾਗਮਲ ਦੀ ਸਰਜਰੀ ਵਾਸਤੇ ਹਾਈ ਕੋਰਟ ਨੇ ਜ਼ਮਾਨਤ ਦਿੱਤੀ ਸੀ ਅਤੇ ਉਸ ਦੀ ਸਜ਼ਾ ਮੁਅੱਤਲ ਰੱਖਣ ਦਾ ਆਦੇਸ਼ ਵੀ ਦਿੱਤਾ ਸੀ, ਜਿਸ ਤੋਂ ਬਾਅਦ ਭਾਗਮਲ ਪਿਛਲੇ 24 ਮਾਰਚ ਤੋਂ 4 ਜੁਲਾਈ ਤੱਕ ਅੰਤ੍ਰਿਮ ਜ਼ਮਾਨਤ 'ਤੇ ਸਨ ਅਤੇ ਬਾਅਦ ਵਿਚ ਇਸ ਨੂੰ ਵਧਾ ਕੇ 13 ਜੁਲਾਈ ਤੱਕ ਕਰ ਦਿੱਤਾ ਗਿਆ। ਪਰ ਭਾਗਮਲ ਦੀ ਜ਼ਮਾਨਤ ਰੱਦ ਕਰ ਦਿੱਤੀ ਗਈ ਅਤੇ ਉਸ ਨੂੰ ਸੋਮਵਾਰ ਤੱਕ ਆਤਮ ਸਮਰਪਣ ਕਰਨ ਦੇ ਆਦੇਸ਼ ਦਿੱਤੇ ਗਏ ਹਨ।

# 'ਬਾਦਲਾਂ ਖਿਲਾਫ਼ ਕਾਰਵਾਈ ਤੋਂ ਟਾਲਾ ਵਟਦਾ ਲਗਦੈ ਮਨਪ੍ਰੀਤ'

## ਖ਼ਾਸ ਵਿਅਕਤੀ ਵਿਰੁਧ ਖ਼ਿਲਾਫ਼ ਜਾਂਚ ਨਹੀਂ : ਖਜ਼ਾਨਾ ਮੰਤਰੀ

### ਆਡਿਟ ਰਿਪੋਰਟ ਮਗਰੋਂ ਹੀ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇਗੀ

**ਬਠਿੰਡਾ/ਚਰਨਜੀਤ ਭੁੱਲਰ:**
ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਹੁਣ'ਬਾਦਲ ਪਰਿਵਾਰ' ਖ਼ਿਲਾਫ਼ ਜਾਂਚ ਦੇ ਮਾਮਲੇ ਵਿੱਚ ਸੁਰ ਮੱਠੀ ਕਰ ਲਈ ਹੈ। ਖਜ਼ਾਨਾ ਮੰਤਰੀ ਦਾ ਕਹਿਣਾ ਹੈ ਕਿ ਵਿਅਕਤੀ ਵਿਸ਼ੇਸ਼' ਖ਼ਿਲਾਫ਼ ਕਿਸੇ ਕਿਸਮ ਦੀ ਜਾਂਚ ਨਹੀਂ ਹੋਵੇਗੀ ਅਤੇ ਨਾ ਹੀ ਉਹ ਸ਼ਰੀਕੇ ਦੀ ਤਰ੍ਹਾਂ ਲੜਾਈ ਲੜਨਗੇ। ਚੇਤੇ ਰਹੇ ਕਿ ਵਿਧਾਨ ਸਭਾ ਚੋਣਾਂ ਮੌਕੇ ਮਨਪ੍ਰੀਤ ਬਾਦਲ ਨੇ ਆਪਣੇ ਤਾਏ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪਰਿਵਾਰ ਦੀ ਅਮਰਵੇਲ ਵਾਂਗ ਵਧੀ ਜਾਇਦਾਦ ਤੇ ਬੱਸਾਂ ਦੇ ਕਾਰੋਬਾਰ ਨੂੰ ਹਰ ਮੰਚ ਤੋਂ ਉਛਾਲਿਆ ਸੀ।
ਵਿੱਤ ਮੰਤਰੀ ਮਨਪ੍ਰੀਤ ਬਾਦਲ ਨੇ ਐਤਵਾਰ ਨੂੰ ਇੱਥੇ ਕਿਹਾ ਕਿ ਉਹ ਕਾਨੂੰਨ ਅਨੁਸਾਰ ਚੱਲਣਗੇ ਅਤੇ ਨਾ ਕਿਸੇ ਨਾਲ ਰਿਆਇਤ ਹੋਵੇਗੀ ਤੇ ਨਾ ਹੀ ਬਦਲਾਖੋਰੀ ਦੀ ਸਿਆਸਤ ਕੀਤੀ ਜਾਵੇਗੀ। ਉਨ੍ਹਾਂ



ਕਿਹਾ ਕਿ ਪੰਜਾਬ 'ਚ ਲੰਘੇ ਦਹਾਕੇ ਦੌਰਾਨ ਹੋਈਆਂ ਬੇਨੇਮੀਆਂ ਦਾ ਆਡਿਟ ਚੱਲ ਰਿਹਾ ਹੈ ਜਿਸ ਦੀ ਰਿਪੋਰਟ ਮਗਰੋਂ ਕਸੂਰਵਾਰਾਂ ਨੂੰ ਸਜ਼ਾ ਦਿੱਤੀ ਜਾਵੇਗੀ। ਬਾਦਲ ਪਰਿਵਾਰ ਖ਼ਿਲਾਫ਼ ਜਾਂਚ ਵਿੱਢਣ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਏਨਾ ਹੀ ਕਿਹਾ ਕਿਸੇ 'ਵਿਅਕਤੀ ਵਿਸ਼ੇਸ਼' ਖ਼ਿਲਾਫ਼ ਜਾਂਚ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਗੱਠਜੋੜ ਸਰਕਾਰ ਨੇ ਹਜ਼ਾਰ ਕਰੋੜ ਦੀ ਸਰਕਾਰੀ ਸੰਪਤੀ ਵੇਚ ਕੇ ਸਾਰਾ ਪੈਸਾ ਜਲਾਲਾਬਾਦ ਤੇ ਲੰਬੀ ਹਲਕੇ ਵਿੱਚ ਖਰਚ ਦਿੱਤਾ ਹੈ।
ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ 'ਚੋਂ ਗ਼ੈਰਹਾਜ਼ਰੀ ਬਾਰੇ ਸਫਾਈ ਦਿੰਦਿਆਂ ਉਨ੍ਹਾਂ ਕਿਹਾ ਕਿ ਕੈਪਟਨ ਚੰਡੀਗੜ੍ਹ 'ਚ ਲੋਕ ਭਲਾਈ ਦੇ ਕੰਮਾਂ ਵਿੱਚ ਰੁੱਝੇ ਹੋਏ ਹਨ। ਉਨ੍ਹਾਂ ਦਾਅਵਾ ਕੀਤਾ ਕਿ ਕਾਂਗਰਸ ਸਰਕਾਰ ਨੇ ਚੋਣ ਮੈਨੀਫੈਸਟੋ 'ਚ ਕੀਤੇ 429 'ਚੋਂ 240 ਚੋਣ ਵਾਅਦੇ ਪੂਰੇ ਕਰ ਦਿੱਤੇ ਹਨ ਜਦੋਂ ਕਿ ਪੰਜ ਸਾਲ ਦਾ ਵਕਤ ਬਾਕੀ ਪਿਆ ਹੈ। ਮੰਤਰੀ ਨੇ ਸਪੱਸ਼ਟ ਕੀਤਾ ਕਿ ਕੇਂਦਰ ਸਰਕਾਰ ਨੇ ਪੰਜਾਬ ਦੀ ਬਾਂਹ ਫੜ੍ਹਨ ਤੋਂ ਪਾਸਾ ਵੱਟ ਲਿਆ ਹੈ ਅਤੇ ਕਰਜ਼ਾ ਮੁਆਫ਼ੀ ਦੇ ਮਾਮਲੇ 'ਤੇ ਕੇਂਦਰ ਨੇ ਕੋਈ ਹੁੰਗਾਰਾ ਨਹੀਂ ਭਰਿਆ। ਉਨ੍ਹਾਂ ਕਿਹਾ ਕਿ ਕਰਜ਼ਾ ਮੁਆਫ਼ੀ ਨੂੰ ਅਮਲ 'ਚ ਲਿਆਉਣ ਲਈ ਰੋਡ ਮੈਪ ਤਿਆਰ ਕੀਤਾ ਜਾ ਰਿਹਾ ਹੈ ਅਤੇ ਜਲਦੀ ਇਸ ਸਬੰਧੀ ਬੈਂਕਰਜ਼ ਕਮੇਟੀ ਨਾਲ ਮੀਟਿੰਗ ਕੀਤੀ ਜਾਵੇਗੀ। ਉਨ੍ਹਾਂ ਬਠਿੰਡਾ ਨਾਲ ਸਬੰਧਤ ਕਾਂਗਰਸੀ ਆਗੂਆਂ ਦੇ ਘਰਾਂ ਦਾ ਗੇੜਾ ਵੀ ਲਾਇਆ।

# ਆਮ ਆਦਮੀ ਪਾਰਟੀ ਪੰਜਾਬ ਦੇ ਪੁਨਰਗਠਨ ਦੀ ਕਵਾਇਦ ਸ਼ੁਰੂ

## ਸੂਬਾਈ ਅਹੁਦੇਦਾਰਾਂ ਦੀ ਪਹਿਲੀ ਸੂਚੀ 'ਚ ਔਰਤਾਂ ਦੀ ਪ੍ਰਤੀਨਿਧਤਾ ਘੱਟ

### ਐਨ ਆਰ ਆਈ ਕੁਲਦੀਪ ਧਾਲੀਵਾਲ ਨੂੰ 7 ਮੀਤ ਪ੍ਰਧਾਨਾਂ 'ਚ ਸ਼ਾਮਲ ਕੀਤਾ

**ਚੰਡੀਗੜ੍ਹ/ਬਿਊਰੋ ਨਿਊਜ਼:** ਆਮ ਆਦਮੀ ਪਾਰਟੀ ਪੰਜਾਬ ਨੇ ਸੂਬਾ ਅਹੁਦੇਦਾਰਾਂ ਦੀ ਪਲੇਠੀ ਸੂਚੀ ਜਾਰੀ ਕਰ ਦਿੱਤੀ ਹੈ। ਇਸ ਤੋਂ ਬਿਨਾਂ ਜ਼ੋਨ ਪ੍ਰਧਾਨਾਂ ਅਤੇ ਅਨੁਸ਼ਾਸਨੀ ਕਮੇਟੀ ਦੇ ਨਾਵਾਂ ਦਾ ਵੀ ਐਲਾਨ ਕਰ ਦਿੱਤਾ ਗਿਆ ਹੈ। ਸੂਚੀ 'ਚ ਔਰਤਾਂ ਨੂੰ ਨਾਂਮਾਤਰ ਪ੍ਰਤੀਨਿਧਤਾ ਦਿੰਦਿਆਂ ਕੇਵਲ ਦੋ ਮਹਿਲਾਵਾਂ ਹੀ ਸ਼ਾਮਲ ਕੀਤੀਆਂ ਗਈਆਂ ਹਨ ਜਦਕਿ ਅਸੈਂਬਲੀ ਚੋਣ ਹਾਰਨ ਵਾਲੇ ਵੱਡੀ ਗਿਣਤੀ ਪਾਰਟੀ ਅਹੁਦੇਦਾਰਾਂ ਨੂੰ ਐਡਜਸਟ ਕੀਤਾ ਗਿਆ ਹੈ। 'ਆਪ ਪੰਜਾਬ ਦੇ ਉਪ ਪ੍ਰਧਾਨ ਅਮਨ ਅਰੋੜਾ ਨੇ ਦਾਅਵਾ ਕੀਤਾ ਹੈ ਕਿ ਅਹੁਦੇਦਾਰਾਂ ਦੀ ਚੋਣ ਆਮ ਵਰਕਰਾਂ ਦੇ ਸਲਾਹ ਮਸ਼ਵਰੇ ਤੋਂ ਬਾਅਦ ਕੀਤੀ ਗਈ ਹੈ। ਸੰਸਦ ਮੈਂਬਰ ਭਗਵੰਤ ਮਾਨ ਨੂੰ 'ਆਪ' ਪੰਜਾਬ ਦੀ ਕਮਾਨ ਸੰਭਾਲੇ ਜਾਣ ਤੋਂ ਬਾਅਦ ਜਥੇਬੰਦਕ ਢਾਂਚੇ ਦਾ ਪੁਨਰਗਠਨ ਸ਼ੁਰੂ ਹੋ ਗਿਆ ਹੈ। ਪਾਰਟੀ ਵੱਲੋਂ ਅਗਲੇ ਦਿਨੀਂ ਦੂਜੀ ਸੂਚੀ ਵੀ ਜਾਰੀ ਕੀਤੀ ਜਾਵੇਗੀ।
ਪਾਰਟੀ ਵੱਲੋਂ ਪੰਜਾਬ ਨੂੰ ਤਿੰਨ ਜ਼ੋਨਾਂ ਵਿੱਚ ਵੰਡਿਆ ਗਿਆ ਹੈ। ਮਾਲਵੇ ਖੇਤਰ ਦੀ ਕਮਾਨ ਤਿੰਨ ਜਰਨੈਲਾਂ ਨੂੰ ਸੌਂਪੀ ਗਈ ਹੈ। ਮਾਝਾ ਜ਼ੋਨ ਦਾ ਪ੍ਰਧਾਨ ਕੰਵਰਪ੍ਰੀਤ ਕਾਕੀ ਨੂੰ ਨਿਯੁਕਤ ਕੀਤਾ ਗਿਆ ਹੈ। ਮਾਝੇ ਵਿੱਚ ਅੰਮ੍ਰਿਤਸਰ, ਪਠਾਨਕੋਟ, ਗੁਰਦਾਸਪੁਰ ਅਤੇ ਤਰਨ ਤਾਰਨ ਜ਼ਿਲ੍ਹੇ ਸ਼ਾਮਲ ਕੀਤੇ ਗਏ ਹਨ। ਦੋਆਬਾ ਖੇਤਰ ਦੇ ਚਾਰ ਜ਼ਿਲ੍ਹਿਆਂ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ ਅਤੇ ਸ਼ਹੀਦ ਭਗਤ ਸਿੰਘ ਨਗਰ ਦੀ ਪ੍ਰਧਾਨਗੀ ਪਰਮਜੀਤ ਸਚਦੇਵਾ ਨੂੰ ਦਿੱਤੀ




ਗਈ ਹੈ। ਮਾਲਵਾ ਜ਼ੋਨ ਇੱਕ ਵਿੱਚ ਫ਼ਿਰੋਜ਼ਪੁਰ, ਫਾਜ਼ਿਲਕਾ, ਮੁਕਤਸਰ, ਬਠਿੰਡਾ ਅਤੇ ਮਾਨਸਾ ਨੂੰ ਸ਼ਾਮਲ ਕਰ ਕੇ ਅਨਿਲ ਠਾਕੁਰ ਨੂੰ ਪ੍ਰਧਾਨ ਲਾਇਆ ਗਿਆ ਹੈ ਜਦੋਂ ਕਿ ਜ਼ੋਨ ਦੋ ਵਿੱਚ ਫ਼ਰੀਦਕੋਟ, ਮੋਗਾ, ਲੁਧਿਆਣਾ ਅਤੇ ਫ਼ਤਹਿਗੜ੍ਹ ਸਾਹਿਬ ਨੂੰ ਰੱਖ ਕੇ ਪ੍ਰਧਾਨ ਦੀ ਜ਼ਿੰਮੇਵਾਰੀ ਗੁਰਦਿੱਤ ਸੇਖੋਂ ਨੂੰ ਸੌਂਪੀ ਗਈ ਹੈ। ਬਰਨਾਲਾ, ਸੰਗਰੂਰ, ਪਟਿਆਲਾ, ਰੋਪੜ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਮਾਲਵਾ ਜ਼ੋਨ ਤਿੰਨ ਵਿੱਚ ਸ਼ਾਮਲ ਕੀਤਾ ਗਿਆ ਹੈ। ਦਲਬੀਰ ਢਿੱਲੋਂ ਨੂੰ ਇਸ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਅਨੁਸ਼ਾਸਨੀ ਕਮੇਟੀ ਵਿੱਚ ਡਾ. ਇੰਦਰਬੀਰ ਨਿੱਝਰ, ਜਸਬੀਰ ਸਿੰਘ ਬੀਰ, ਕਰਨਲ ਭਲਿੰਦਰ ਸਿੰਘ, ਬ੍ਰਿਗੇਡੀਅਰ ਰਾਜ ਕੁਮਾਰ ਅਤੇ ਰਾਜ ਲਾਲੀ ਗਿੱਲ ਨੂੰ ਲਿਆ ਗਿਆ ਹੈ। ਸਾਰੇ ਸੰਸਦ ਮੈਂਬਰ ਅਤੇ ਵਿਧਾਇਕ ਸੂਬਾ ਕਾਰਜਕਾਰਨੀ ਦੇ ਮੈਂਬਰ ਹੋਣਗੇ।
ਸੂਬਾ ਬਾਡੀ ਵਿੱਚ ਸਕੱਤਰ ਦੀ ਜ਼ਿੰਮੇਵਾਰੀ ਗੁਲਸ਼ਨ ਛਾਬੜਾ ਨੂੰ ਸੌਂਪੀ ਗਈ ਹੈ। ਆਰਗੇਨਾਈਜ਼ੇਸ਼ਨ ਬਿਲਡਿੰਗ ਟੀਮ ਇੰਚਾਰਜ ਦਾ ਅਹੁਦਾ ਨਵਾਂ ਰਚਿਆ ਗਿਆ ਹੈ ਅਤੇ ਇਸ 'ਤੇ ਗੈਰੀ ਬੜਿੰਗ ਨੂੰ ਨਿਯੁਕਤ ਕੀਤਾ ਗਿਆ ਹੈ। ਸੁਖਵਿੰਦਰ ਸਿੰਘ ਖ਼ਜ਼ਾਨਚੀ ਲਾਏ ਗਏ ਹਨ। ਸੀਨੀਅਰ ਮੀਤ ਪ੍ਰਧਾਨ ਦਾ ਅਹੁਦਾ ਹਾਲ ਦੀ ਘੜੀ ਖ਼ਾਲੀ ਛੱਡ ਦਿੱਤਾ ਗਿਆ ਹੈ। ਸੱਤ ਮੀਤ ਪ੍ਰਧਾਨਾਂ ਵਿੱਚ ਡਾਕਟਰ ਬਲਬੀਰ ਸਿੰਘ, ਚਰਨਜੀਤ ਸਿੰਘ, ਬਲਦੇਵ ਸਿੰਘ ਆਜ਼ਾਦ, ਆਸ਼ੂਤੋਸ਼ ਟੰਡਨ, ਕੁਲਦੀਪ ਧਾਲੀਵਾਲ, ਕਰਨਬੀਰ ਟਿਵਾਣਾ ਅਤੇ ਹਰੀ ਸਿੰਘ ਟੌਹੜਾ ਦੇ ਨਾਂ ਸ਼ਾਮਲ ਹਨ।

# 'ਆਪ' ਦੇ ਕੁਮਾਰ ਤੋਂ ਪਰਵਾਸੀਆਂ ਦਾ ਉੱਠਿਆ ਵਿਸ਼ਵਾਸ

**ਸਰੀ/ਬਿਊਰੋ ਨਿਊਜ਼:**
ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਕੁਮਾਰ ਵਿਸ਼ਵਾਸ ਦਾ ਕਈ ਕਾਰਕੁਨਾਂ ਨੇ ਰੋਸ ਮੁਜ਼ਾਹਰਿਆਂ ਨਾਲ ਸਵਾਗਤ ਕੀਤਾ। ਪ੍ਰਦਰਸ਼ਨਕਾਰੀਆਂ ਵਿੱਚ 'ਆਪ' ਸਮਰਥਕਾਂ ਤੋਂ ਇਲਾਵਾ ਸਿੱਖ ਤੇ ਖੱਬੇਪੱਖੀ ਕਾਰਕੁਨ ਸ਼ਾਮਲ ਸਨ। 'ਆਪ' ਦੇ ਸਥਾਨਕ ਸਮਰਥਕ ਸ੍ਰੀ ਵਿਸ਼ਵਾਸ ਦੀ 'ਸੱਜੇਪੱਖੀ' ਸਿਆਸਤ ਤੋਂ ਪ੍ਰੇਸ਼ਾਨ ਹਨ। ਪ੍ਰਦਰਸ਼ਨਕਾਰੀ ਉਸ ਵੱਲੋਂ ਸਿੱਖ ਤੇ ਮੁਸਲਮਾਨਾਂ ਉਤੇ ਫਿਕਰੇ ਕੱਸੇ ਜਾਣ ਤੋਂ ਭਖੇ ਹੋਏ ਸਨ। ਖਾਸ ਤੌਰ 'ਤੇ ਸਿੱਖ ਕਾਰਕੁਨ ਇਸ 'ਆਪ' ਆਗੂ ਦੇ '12 ਵਜੇ' ਵਾਲੇ ਮਜ਼ਾਕ ਤੋਂ ਖਿੱਝੇ ਹੋਏ ਹਨ ਜਦੋਂ ਕਿ ਬਾਕੀ ਉਸ ਦੀਆਂ ਔਰਤਾਂ ਬਾਰੇ ਟਿੱਪਣੀਆਂ ਤੋਂ ਗੁੱਸੇ ਵਿੱਚ ਸਨ। ਇਸ ਤੋਂ ਪਹਿਲਾਂ ਇੰਡੀਆ ਮਹਿਲਾ ਐਸੋਸੀਏਸ਼ਨ ਆਗੂ ਰਮਿੰਦਰ ਦੋਸਾਂਝ ਵੱਲੋਂ ਕੁਮਾਰ ਵਿਸ਼ਵਾਸ ਦੀ ਆਲੋਚਨਾ ਕੀਤੀ ਗਈ ਸੀ ਪਰ ਉਹ ਪ੍ਰਦਰਸ਼ਨਕਾਰੀਆਂ ਵਿੱਚ ਸ਼ਾਮਲ ਨਹੀਂ ਸਨ।
ਪ੍ਰਦਰਸ਼ਨਕਾਰੀਆਂ ਵੱਲੋਂ ਬੈੱਲ ਸੈਂਟਰ, ਜਿਥੇ ਕਾਮੇਡੀਅਨ ਕੁਮਾਰ ਵਿਸ਼ਵਾਸ ਨੇ ਪੇਸ਼ਕਾਰੀ ਦੇਣੀ ਸੀ, ਬਾਹਰ ਨਾਅਰੇਬਾਜ਼ੀ ਕੀਤੀ ਗਈ। ਇਸ ਪ੍ਰੋਗਰਾਮ ਦੇ ਪ੍ਰਬੰਧਕਾਂ ਨੇ ਪੁਲੀਸ ਬੁਲਾ ਲਈ, ਜਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਪ੍ਰੋਗਰਾਮ ਵਾਲੇ ਸਥਾਨ ਦੇ ਮੁੱਖ ਦਾਖ਼ਲੇ ਤੋਂ ਪਿੱਛੇ ਹਟਾ ਦਿੱਤਾ। ਸਿੱਖ ਕਾਰਕੁਨ ਗੁਰਦੀਪ ਸਿੰਘ ਕੰਦੋਲਾ ਨੇ ਕਿਹਾ ਕਿ ਸਿੱਖ ਭਾਈਚਾਰੇ ਸਮੇਤ ਹੋਰ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾ ਕੇ ਕੁਮਾਰ ਵਿਸ਼ਵਾਸ ਆਰਐਸਐਸ ਦੀ ਬੋਲੀ ਬੋਲ ਰਿਹਾ ਹੈ। 'ਆਪ' ਸਮਰਥਕਾਂ ਗੁਰਮੁੱਖ ਸਿੰਘ ਦਿਓਲ ਤੇ ਤਰਲੋਚਨ ਸਿੰਘ ਨੇ ਕਿਹਾ ਕਿ ਭਾਜਪਾ ਦੇ ਰਾਜ ਵਾਲੇ ਭਾਰਤ ਵਿੱਚ ਧਾਰਮਿਕ ਘੱਟਗਿਣਤੀਆਂ ਉਤੇ ਹੋ ਰਹੇ ਹਮਲਿਆਂ ਤੋਂ ਅੱਖਾਂ ਮੁੰਦਣ ਕਾਰਨ ਉਹ ਸਟੇਟ ਦੇ ਜਬਰ ਨੂੰ ਜਾਇਜ਼ ਠਹਿਰਾ ਰਹੇ ਹਨ।
ਰੈਡੀਕਲ ਦੇਸੀ ਗਰੁੱਪ ਦੇ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਉਹ ਪ੍ਰਦਰਸ਼ਨ ਵਿੱਚ ਔਰਤਾਂ ਵੱਲੋਂ ਗਏ ਸਨ, ਜਿਨ੍ਹਾਂ ਦਾ ਵਿਸ਼ਵਾਸ ਵੱਲੋਂ ਆਪਣੀਆਂ ਭੱਦੀਆਂ ਟਿੱਪਣੀਆਂ ਨਾਲ ਲਗਾਤਾਰ ਅਪਮਾਨ ਕੀਤਾ ਜਾ ਰਿਹਾ ਹੈ। ਲਿਬਰਲ ਐਮਪੀ ਸੁੱਖ ਧਾਲੀਵਾਲ, ਜੋ




**ਸਰੀ ਵਿੱਚ ਆਪ' ਆਗੂ ਕੁਮਾਰ ਵਿਸ਼ਵਾਸ ਖ਼ਿਲਾਫ਼ ਪ੍ਰਦਰਸ਼ਨ ਕਰਦੇ ਹੋਏ ਲੋਕ।**

ਕੁਮਾਰ ਵਿਸ਼ਵਾਸ ਦੀ ਪੇਸ਼ਕਾਰੀ ਦੇਖਣ ਆਏ ਸਨ, ਨੇ ਪ੍ਰਦਰਸ਼ਨਕਾਰੀਆਂ ਦਾ ਪੱਖ ਸੁਣਿਆ ਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੇ ਪੱਖ ਨੂੰ ਉਹ ਪ੍ਰਬੰਧਕਾਂ ਕੋਲ ਉਠਾਉਣਗੇ। ਬਾਅਦ ਵਿੱਚ ਸ਼ਾਮ ਨੂੰ ਕੁਮਾਰ ਵਿਸ਼ਵਾਸ ਦੇ ਸਮਰਥਕਾਂ ਵੱਲੋਂ ਕਰਾਏ ਵੱਖਰੇ ਸਮਾਗਮ ਵਿੱਚ ਇਕ ਸਿੱਖ ਕਾਰਕੁਨ ਧਰਮ ਸਿੰਘ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਕਿਉਂਕਿ ਉਹ ਕੁਮਾਰ ਵਿਸ਼ਵਾਸ ਨੂੰ ਨਿੱਜੀ ਤੌਰ 'ਤੇ ਮਿਲ ਕੇ ਮੁਆਫ਼ੀ ਮੰਗਵਾਉਣ ਲਈ ਅੜਿਆ ਹੋਇਆ ਸੀ।

ਅੰਮ੍ਰਿਤਸਰ ਟਾਈਮਜ਼ AMRITSAR TIMES
19 ਜੁਲਾਈ 2017 ਤੋਂ 25 ਜੁਲਾਈ 2017

# ਮੋਦੀ ਦੀਆਂ ਮੋਮੋਠਗਨੀਆਂ

## *ਗਊ ਭਗਤਾਂ ਨੂੰ ਮਿੱਠੀ ਝਿੜਕ ਬਾਅਦ ਗੱਲ ਰਾਜ ਸਰਕਾਰਾਂ ਦੇ ਗਲ ਪਾਈ*

ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਅਤੇ ਘੱਟ ਗਿਣਤੀਆਂ ਦਾ ਮੂੰਹ ਬੰਦ ਕਰਨ ਖ਼ਾਸ ਕਰ ਮੁਸਲਮਾਨਾਂ ਨੂੰ ਜ਼ਲੀਲ ਕਰਨ ਉੱਤੇ ਤੁੱਲੇ ਹਿੰਦੂਤਵੀਆਂ ਦੇ ਸਰਬਰਾਹ ਨਰਿੰਦਰ ਮੋਦੀ ਨੂੰ ਆਖ਼ਰ 'ਗਊ ਰੱਖਿਆ' ਦੇ ਨਾਂਅ ਹੇਠ ਸਰਗਰਮ ਕੱਟੜਵਾਦੀ ਹਿੰਦੂ ਗੁੰਡਾ ਅਨਸਰਾਂ ਵਿਰੁਧ ਮੂੰਹ ਖੋਲਣ ਲਈ ਮਜਬੂਰ ਹੋਣਾ ਪਿਆ ਹੈ। ਉਂਜ ਪ੍ਰਧਾਨ ਮੰਤਰੀ ਨੇ ਮਸਲੇ ਨੂੰ ਅਪਣੇ ਗਲੋਂ ਲਾਹ ਕੇ ਹੋਰਨਾਂ ਦੇ ਗੱਲ ਪਾਉਣ ਦੀ ਜਿਹੜੀ ਚਾਲ ਚੱਲੀ ਹੈ, ਉਹ ਕਿਸੇ ਤੋਂ ਲੁਕੀ ਛਿਪੀ ਨਹੀਂ। ਇਸ ਲਈ ਪਾਰਲੀਮੈਂਟ ਦੇ ਮੌਨਸੂਨ ਸ਼ੈਸ਼ਨ ਤੋਂ ਪਹਿਲੀ ਸ਼ਾਮ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨਾਲ ਮੀਟਿੰਗ ਮੌਕੇ ਮੋਦੀ ਵਲੋਂ ਹਿੰਦੂ ਕੱਟੜਵਾਦੀਆਂ ਵਲੋਂ ਗਊ ਰੱਖਿਆ ਦੇ ਨਾਂਅ ਉੱਤੇ ਸ਼ਰੇਆਮ ਕੀਤੇ ਜਾ ਰਹੇ ਕਤਲਾਂ ਨੂੰ ਅਮਨ ਕਾਨੂੰਨ ਦੀ ਸਮੱਸਿਆ ਨਾਲ ਜੋੜ ਕੇ ਕੀਤੀ ਗੱਲ ਜੇ ਗੈਰ-ਜ਼ਿੰਮੇਵਾਰਾਨਾ ਨਹੀਂ ਤਾਂ ਪ੍ਰਧਾਨ ਮੰਤਰੀ ਦੇ ਅਹੁਦੇ ਉੱਤੇ ਬਿਰਾਜਮਾਨ ਵਿਅਕਤੀ ਦਾ ਅਜਿਹਾ ਰਵੱਈਆ ਸੰਜੀਦਾ ਵੀ ਨਹੀਂ ਕਿਹਾ ਜਾ ਸਕਦਾ। ਪ੍ਰਧਾਨ ਮੰਤਰੀ ਦਾ ਇਹ ਕਹਿਣਾ ਕਿ 'ਰਾਜ ਸਰਕਾਰਾਂ ਨੂੰ ਅਜਿਹੇ ਮਾਮਲਿਆਂ ਵਿੱਚ ਕਾਰਵਾਈ ਕਰਨੀ ਚਾਹੀਦੀ ਹੈ' ਪੰਜਾਬੀ ਕਹਾਵਤ 'ਗੋਂਗਲੂਆਂ ਤੋਂ ਮਿੱਟੀ ਝਾੜਣ' ਵਾਲੀ ਗੱਲ ਹੈ। ਵੈਸੇ ਪ੍ਰਧਾਨ ਮੰਤਰੀ ਦੇ ਬਿਆਨ ਦਾ ਮਕਸਦ ਗਊ ਭਗਤਾਂ ਨੂੰ ਡਰਾਉਣਾ ਹਰਗਿਜ਼ ਨਹੀਂ ਬਲਕਿ ਮੌਨਸੂਨ ਸ਼ੈਸ਼ਨ ਵਿੱਚ ਇਸ ਭਖਦੇ ਅਤੇ ਬੇਹੱਦ ਨਾਜ਼ੁਕ ਮਸਲੇ ਉਤੇ ਸਰਕਾਰ ਨੂੰ ਘੇਰਾ ਪਾਏ ਜਾਣ ਦੀ ਵਿਰੋਧੀ ਧਿਰ ਦੀ ਤਿਆਰੀ ਦੀ ਫੂਕ ਕੱਢਣਾ ਹੈ।

ਗਊ ਨੂੰ 'ਮਾਤਾ' ਦਾ ਦਰਜਾ ਦੇਣ ਅਤੇ ਇਸ ਦੀ ਹੱਤਿਆ ਬੰਦ ਕਰਨ ਦੀ ਗੱਲ ਨਵੀਂ ਨਹੀਂ। ਕਾਂਗਰਸ ਸਰਕਾਰ ਵੇਲੇ ਵੀ ਇਸ ਮਸਲੇ ਉੱਤੇ ਸੱਤਾਧਾਰੀਆਂ ਵਲੋਂ ਇਸ ਮੁਹਿੰਮ ਦੇ ਚਾਲਕਾਂ ਨੂੰ ਰਾਜਸੀ, ਸਮਾਜਿਕ ਅਤੇ ਕਾਨੂੰਨੀ ਹਮਾਇਤ ਮਿਲਦੀ ਰਹੀ ਹੈ। ਗਊ ਹੱਤਿਆ ਉੱਤੇ ਰੋਕ ਦਾ ਕਾਨੂੰਨ ਵੀ ਇਸੇ ਸੰਦਰਭ ਵਿੱਚ ਅਮਲੀ ਸ਼ਕਲ ਧਾਰਨ ਕਰਨ ਵਲ ਵਧਿਆ। ਖ਼ੈਰ ਕਿਸੇ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਬਾਰੇ ਸਰਕਾਰਾਂ ਨੂੰ ਅਪਣੀ ਨੀਤੀ ਰੱਖਣ ਤੇ ਲਾਗੂ ਕਰਨ ਦੀ ਖੁਲ੍ਹ ਬਾਰੇ ਵੱਖ ਵੱਖ ਰਾਵਾਂ ਹੋ ਸਕਦੀਆਂ। ਪਰ ਨਾਲ ਹੀ ਇਹ ਖ਼ਿਆਲ ਰੱਖਿਆ ਜਾਣਾ ਵੀ ਜ਼ਰੂਰੀ ਹੈ ਕਿ ਕਿਸੇ ਇਕ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਦੀ ਆੜ ਵਿੱਚ ਕਿਸੇ ਦੂਸਰੇ ਭਾਈਚਾਰੇ ਦੇ ਮੈਂਬਰਾਂ ਅਤੇ ਧਰਮ ਦੇ ਪੈਰੋਕਾਰਾਂ ਦੇ ਹਿਤਾਂ ਨੂੰ ਠੇਸ ਨਾ ਪਹੁੰਚੇ। ਬਦਕਿਸਮਤੀ ਨਾਲ ਪਿਛਲੇ ਕਈ ਵਰ੍ਹਿਆਂ ਤੋਂ ਭਾਰਤ ਵਿੱਚ ਬਹੁਗਿਣਤੀ ਭਾਈਚਾਰੇ ਦੇ ਦਬਾਅ ਹੇਠ ਸਰਕਾਰਾਂ ਵਲੋਂ ਅਜਿਹੇ ਫੈਸਲੇ ਲਏ ਤੇ ਕਾਰਵਾਈਆਂ ਕੀਤੀਆਂ ਜਾਣ ਲੱਗੀਆਂ ਹਨ ਜਿਸ ਨਾਲ ਘੱਟ ਗਿਣਤੀਆਂ ਨੂੰ ਆਪਣਾ ਭਵਿੱਖ ਅਨਿਸਚਿਤ ਨਜ਼ਰ ਆਉਣ ਲੱਗਾ ਹੈ। ਸਰਕਾਰੀ ਸੰਸਥਾਵਾਂ ਸਭ ਦੀਆਂ ਸਾਂਝੀਆਂ ਹੋਣ ਦੀ ਥਾਂ ਪੱਖਪਾਤੀ ਅਤੇ ਇਕਪਾਸੜ ਹੁੰਦੀਆਂ ਜਾ ਰਹੀਆਂ ਹਨ। ਸਭ ਤੋਂ ਵੱਧ ਸੰਕਟ ਮੁਸਲਿਮ ਭਾਈਚਾਰੇ ਲਈ ਹੈ। ਵੈਸੇ ਈਸਾਈ, ਦਲਿਤ ਤੇ ਕਬਾਇਲੀ ਭਾਈਚਾਰੇ ਵੀ ਲਗਾਤਾਰ ਜ਼ੁਲਮਾਂ ਦਾ ਸ਼ਿਕਾਰ ਹੋ ਰਹੇ ਹਨ। ਸਿੱਖ ਭਾਵੇਂ ਆਪਣੇ ਆਪ ਨੂੰ ਅਜੇ ਅਸੁਰੱਖਿਅਤ ਨਹੀਂ ਮਹਿਸੂਸ ਕਰ ਰਹੇ, ਪਰ ਉਨ੍ਹਾਂ ਨੂੰ ਵੀ ਇਸ ਬਾਰੇ ਕਿਸੇ ਕਿਸਮ ਦਾ ਭਰਮ-ਭੁਲੇਖਾ ਨਹੀਂ ਹੋਣਾ ਚਾਹੀਦਾ ਕਿ ਜੂਨ '84 ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਫੌਜੀ ਹਮਲੇ ਅਤੇ ਫਿਰ ਨਵੰਬਰ '84 ਦਾ ਸਿੱਖ ਕਤਲੇਆਮ ਕਰਨ ਵਾਲੇ ਸਿਰਫ਼ ਕਾਂਗਰਸੀ ਨਹੀਂ ਸਨ। ਇਸ ਸਾਰੇ ਕੁਝ ਨੂੰ ਕਰਨ/ਕਰਾਉਣ ਪਿੱਛੇ ਜਿਹੜੀ ਹਿੰਦੂ ਲਾਬੀ/ਮਾਨਸਿਕਤਾ ਉਸ ਵੇਲੇ ਕੰਮ ਕਰ ਰਹੀ ਸੀ, ਮੌਜੂਦਾ ਸੱਤਾਧਾਰੀ ਉਸੇ ਦਾ ਹਿੱਸਾ/ਰੂਪ ਹਨ।

ਚਿੰਤਾ ਵਾਲੀ ਗੱਲ ਇਹ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੇ ਨੈਸ਼ਨਲ ਡੈਮੋਕਰੇਟਿਕ ਅਲਾਇੰਸ (ਐਨਡੀਏ) ਦੀ ਸਰਕਾਰ ਦੇ ਤਿੰਨ ਕੁ ਸਾਲ ਪਹਿਲਾਂ ਸੱਤਾ ਸੰਭਾਲਣ ਬਾਅਦ ਭਾਰਤ ਦੇ ਸਮਾਜਿਕ ਅਤੇ ਭਾਈਚਾਰਕ ਤਾਣੇ-ਬਾਣੇ ਵਿੱਚ ਜਿਹੜਾ ਤਣਾਅ ਆਇਆ ਹੈ, ਉਹ ਪਹਿਲਾਂ ਕਦੇ ਵੀ ਇਸ ਕਦਰ ਚਿੰਤਾਜਨਕ ਨਹੀਂ ਸੀ। ਇਸ ਦੇ ਕਈ ਕਾਰਨ ਕਹੇ ਜਾ ਸਕਦੇ ਹਨ ਪਰ ਮੁੱਖ ਮਸਲਾ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਸੁਪਨੇ ਨੂੰ ਹਰ ਹੀਲੇ ਸਾਕਾਰ ਕਰਨ ਲਈ ਰਾਸ਼ਟਰੀ ਸੋਇਮ ਸੇਵਕ ਸੰਘ (ਆਰਐਸਐਸ), ਭਾਜਪਾ ਅਤੇ ਭਾਈਵਾਲ ਜਥੇਬੰਦੀਆਂ ਵਲੋਂ ਵਰ੍ਹਿਆਂ ਤੋਂ ਉਲੀਕੀ ਯੋਜਨਾ ਨੂੰ ਅਮਲੀ ਜਾਮਾ ਪਹਿਨਾਉਣਾ ਹੈ।

ਗਊ ਭਗਤਾਂ ਦੀ ਹੁੱਲੜਬਾਜ਼ੀ ਦੇ ਗੁੰਡਾਗਰਦੀ ਵਿੱਚ ਬਦਲ ਜਾਣ ਦਾ ਮਾਮਲਾ ਨਵਾਂ ਨਹੀਂ। ਇਹ ਰੁਝਾਣ ਬਹੁਤ ਪਹਿਲਾਂ ਦਾ ਸ਼ੁਰੂ ਹੋਇਆ ਅਤੇ ਇਸ ਦੇ ਦਿਨੋਂ ਦਿਨ ਵਧਦੇ ਜਾਣ ਦਾ ਕਾਰਨ ਸੱਤਾਧਾਰੀਆਂ ਦੀ ਅੰਦਰਖ਼ਾਤੇ ਅਸਹਿਮਤੀ ਅਤੇ ਹੱਲਾਸ਼ੇਰੀ ਹੈ।

ਵੈਸੇ ਹਿੰਸਕ ਗਊ ਭਗਤਾਂ ਦੀਆਂ ਭੜਕਾਊ ਹਰਕਤਾਂ ਬਾਰੇ ਪ੍ਰਧਾਨ ਮੰਤਰੀ ਨੇ ਪਿਛਲੇ ਮਹੀਨੇ ਵੀ ਸਾਬਰਮਤੀ ਆਸ਼ਰਮ ਵਿੱਚ ਬੋਲਦਿਆਂ ਗੋਲ ਮੋਲ ਜਿਹੀ ਟਿੱਪਣੀ ਕੀਤੀ ਸੀ। ਭਾਰਤ ਵਿੱਚ ਹੀ ਨਹੀਂ ਦੁਨੀਆ ਭਰ ਵਿੱਚ ਸਹੀ ਸੋਚਣੀ ਵਾਲੇ ਲੋਕ ਗਊ ਰੱਖਿਆ ਦੇ ਨਾਂਅ ਉੱਤੇ ਕੀਤੀਆਂ ਜਾ ਰਹੀਆਂ ਹਤਿਆਵਾਂ ਤੋਂ ਚਿੰਤਤ ਹੋਣ ਦੇ ਨਾਲ ਨਾਲ ਗੁੱਸੇ ਵਿੱਚ ਹਨ। ਦੱਸਿਆ ਜਾਂਦਾ ਹੈ ਕਿ ਨਰਿੰਦਰ ਮੋਦੀ ਨੇ ਆਪਣੇ ਹਾਲੀਆ ਅਮਰੀਕਾ ਦੌਰੇ ਦੌਰਾਨ ਜਦੋਂ ਭਾਰਤ ਵਿੱਚ ਪੂੰਜੀ ਨਿਵੇਸ਼ ਲਈ ਮੀਟਿੰਗ ਦੌਰਾਨ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਦੀ ਗੱਲ ਰੋੜ੍ਹਨੀ ਚਾਹੀ ਤਾਂ ਵੱਡੇ ਉਦਯੋਗਪਤੀਆਂ ਨੇ ਪਹਿਲਾਂ 'ਗਊ ਭਗਤਾਂ' ਨੂੰ ਨੱਥ ਪਾਉਣ ਦਾ ਮਸਲਾ ਉਠਾਇਆ।

ਇਸ ਲਈ ਆਪਣੇ ਭਗਤਾਂ ਨੂੰ ਪਿਛਲੇ ਮਹੀਨੇ 'ਮਿੱਠੀ ਝਿੜਕ' ਬਾਅਦ ਹੁਣ ਰਾਜ ਸਰਕਾਰਾਂ ਨੂੰ ਕਾਰਵਾਈ ਕਰਨ ਲਈ ਮੋਦੀ ਨੂੰ ਅਪਣਾ ਬਿਆਨ ਰਾਜਸੀ ਨਾਲੋਂ ਆਰਥਿਕ ਹਿਤਾਂ ਨੂੰ ਮੂਹਰੇ ਰੱਖ ਕੇ ਦੇਣਾ ਪਿਆ ਹੈ। ਜੇ ਕੇਂਦਰ ਸਰਕਾਰ ਅਜਿਹੇ ਹੁਲੜਬਾਜ਼ਾਂ ਨੂੰ ਸੱਚਮੁੱਚ ਨੱਥ ਪਾਉਣਾ ਚਾਹੁੰਦੀ ਹੋਵੇ ਤਾਂ ਰਾਜ ਸਰਕਾਰਾਂ ਕੌਣ ਹੁੰਦੀਆਂ ਹਨ 'ਚੂੰ-ਚਰਾਂ' ਕਰਨ ਵਾਲੀਆਂ। ਵੈਸੇ ਤੱਥ ਗਵਾਹ ਹਨ ਕਿ ਭੂਤਰੇ ਹੋਏ ਗਊ ਭਗਤਾਂ ਦੇ ਬਹੁਤੇ ਕਾਰਨਾਮੇ ਰਾਜਸਥਾਨ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਝਾਰਖੰਡ, ਮਹਾਰਾਸ਼ਟਰ ਸਮੇਤ ਜਿਹੜੇ ਰਾਜਾਂ ਵਿੱਚ ਹਨ, ਉੱਥੇ ਮੋਦੀ ਦੀ ਆਪਣੀ ਪਾਰਟੀ ਭਾਜਪਾ ਦੀਆਂ ਹੀ ਸਰਕਾਰਾਂ ਹਨ। ਸਮਾਂ ਆ ਗਿਆ ਹੈ ਕਿ ਮੋਦੀ ਸਰਕਾਰ ਉਪਦੇਸ਼, ਬਿਆਨਬਾਜ਼ੀ ਤੇ ਹੋਰਾਂ ਸਿਰ ਦੋਸ਼ ਮੜ੍ਹਣ ਦੀ ਬਜਾਏ ਦੇਸ਼ ਦੇ ਕਾਨੂੰਨ ਨੂੰ ਅਮਲੀ ਜਾਮਾ ਪਹਿਣਾਉਣ ਵਲ ਮੁੜੇ।

# *ਮੋਦੀ ਰਾਜ:* ਕੇਂਦਰ 'ਚ ਵਿਗੜਿਆ ਸੰਸਥਾਗਤ ਸੰਤੁਲਨ

**ਹਰੀਸ਼ ਖਰੇ**




ਚਿੱਤਰ: ਸੰਦੀਪ ਜੋਸ਼ੀ

ਚੁੱਪ-ਚਾਪ ਅਤੇ ਸ਼ਾਇਦ ਬਿਨ੍ਹਾਂ ਕੋਈ ਸ਼ੱਕ ਕੀਤਿਆਂ ਅਸੀਂ ਕੌਮੀ ਰਾਜਨੀਤੀ ਦੇ ਇੱਕ ਸੰਭਾਵੀ ਖ਼ਤਰਨਾਕ ਦੌਰ ਵਿੱਚ ਦਾਖ਼ਲ ਹੋਣ ਜਾ ਰਹੇ ਹਾਂ। ਖ਼ਤਰਨਾਕ ਇਸ ਲਈ ਨਹੀਂ ਕਿ ਦੇਸ਼ ਦੀਆਂ ਸਰਹੱਦਾਂ ਉੱਤੇ ਖ਼ਤਰੇ ਵਾਲਾ ਮਾਹੌਲ ਹੈ, ਜਾਂ ਇਸ ਲਈ ਨਹੀਂ ਕਿ ਬਾਹਰੀ ਦੁਨੀਆਂ ਦਾ ਵਾਤਾਵਰਨ ਸਾਡੇ ਲਈ ਨੁਕਸਾਨਦੇਹ ਨਿਘਾਰ ਵੱਲ ਵਧ ਰਿਹਾ ਹੈ ਸਗੋਂ ਇਸ ਕਰਕੇ ਕਿ ਸਾਡੇ ਦੇਸ਼ ਅੰਦਰਲੇ ਸੰਸਥਾਈ ਤਵਾਜ਼ਨ ਇਸ ਢੰਗ ਨਾਲ ਬਦਲਦੇ ਜਾ ਰਹੇ ਹਨ ਕਿ ਇਹ ਜਮਹੂਰੀ ਸਿਆਸਤ ਦਾ ਸਮਤੋਲ ਹੀ ਗੜਬੜਾਉਂਦਾ ਜਾ ਰਿਹਾ ਹੈ।

ਸਭ ਤੋਂ ਪਹਿਲੀ ਗੱਲ, ਅਗਲੇ ਛੇ ਦਿਨਾਂ ਬਾਅਦ ਅਸੀਂ ਜਾਣ ਜਾਵਾਂਗੇ ਕਿ ਸਾਡੇ ਗਣਤੰਤਰ ਦਾ ਅਗਲਾ ਮੁਖੀ ਕੌਣ ਹੋਵੇਗਾ। ਐਨ ਆਖ਼ਰੀ ਮੌਕੇ ਬਹੁਤ ਵੱਡੇ ਪੈਮਾਨੇ 'ਤੇ ਉਲਟਫੇਰ ਦੀ ਸੰਭਾਵਨਾ ਨੂੰ ਛੱਡ ਕੇ, ਸਾਨੂੰ ਸਭਨਾਂ ਨੂੰ ਪਤਾ ਹੈ ਕਿ ਰਾਮ ਨਾਥ ਕੋਵਿੰਦ ਹੀ ਰਾਇਸੀਨਾ ਹਿੱਲ ਉੱਪਰ ਉਸਰੀ ਵਿਸ਼ਾਲ ਤੇ ਸ਼ਾਹਾਨਾ ਅਸਟੇਟ ਦੇ ਨਵੇਂ ਨਿਵਾਸੀ ਹੋਣਗੇ। ਇਸ ਤਬਦੀਲੀ ਨਾਲ ਕਈ ਹੋਰ ਤਬਦੀਲੀਆਂ ਆਉਣਗੀਆਂ। ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਦਰਮਿਆਨ ਰਿਸ਼ਤੇ ਵਿੱਚ ਸਮੇਂ ਸਮੇਂ ਵਿੱਚ ਬਦਲਾਉ ਤੇ ਤਰਮੀਮਾਂ ਚੱਲਦੀਆਂ ਰਹਿੰਦੀਆਂ ਹਨ। ਭਾਵੇਂ ਰਾਸ਼ਟਰਪਤੀ ਭਵਨ, ਸੱਤਾ ਦਾ ਇੱਕ ਵਿਰੋਧੀ ਕੇਂਦਰ ਨਹੀਂ ਹੁੰਦਾ, ਫਿਰ ਵੀ ਇਸ ਦਾ ਨਿਵਾਸੀ, ਚਾਹੇ ਉਹ ਕੋਈ ਵੀ ਹੋਵੇ, ਕਿਸੇ ਵੀ ਪ੍ਰਧਾਨ ਮੰਤਰੀ ਲਈ ਖਿੱਝ, ਚਿੜ ਤੇ ਕੁੰਠਾ ਦੀ ਵਜ੍ਹਾ ਤਾਂ ਬਣ ਹੀ ਸਕਦਾ ਹੈ। ਇਸੇ ਲਈ ਅਗਲੇ ਹਫ਼ਤੇ ਹੋਣ ਵਾਲੀ ਰਾਸ਼ਟਰਪਤੀ ਚੋਣ ਦੀ ਪ੍ਰਧਾਨ ਮੰਤਰੀ ਦੇ ਕੰਟਰੋਲ ਅਤੇ ਦਿੱਲੀ ਦੀ ਸਲਤਨਤ ਉੱਤੇ ਪਕੜ ਦੇ ਲਿਹਾਜ਼ ਨਾਲ ਅਤਿਅੰਤ ਅਹਿਮੀਅਤ ਹੈ।

ਨਵੀਂ ਦਿੱਲੀ ਦੀ ਰਾਜਸੀ ਬਿਰਾਦਰੀ ਵਿੱਚ ਇਹ ਆਮ ਹੀ ਮੰਨਿਆ ਜਾਂਦਾ ਹੈ ਕਿ ਰਾਮ ਨਾਥ ਕੋਵਿੰਦ ਪ੍ਰਧਾਨ ਮੰਤਰੀ ਦੀ ਨਿੱਜੀ ਪਸੰਦ ਹਨ; ਇਸ ਤੋਂ ਵੀ ਅਹਿਮ ਪੱਖ ਹੈ ਕਿ ਕੋਵਿੰਦ ਨੂੰ ਉਮੀਦਵਾਰ ਬਣਾਉਣ ਸਮੇਂ ਪ੍ਰਧਾਨ ਮੰਤਰੀ ਨੇ ਆਰਐੱਸਐੱਸ ਦੇ ਸੰਚਾਲਕਾਂ, ਜਿਨ੍ਹਾਂ ਦੀ ਰਾਇ ਤੇ ਸੋਚ ਵੱਖਰੀ ਸੀ, ਦੀ ਪਰਵਾਹ ਤਕ ਨਹੀਂ ਕੀਤੀ। ਇਸੇ ਲਈ ਆਰਐੱਸਐੱਸ ਤੇ ਨਰਿੰਦਰ ਮੋਦੀ ਦੇ ਰਿਸ਼ਤੇ ਦੀ ਸਮੀਖਿਆ ਹੋਣੀ ਯਕੀਨੀ ਹੈ।

ਅਟਲ ਬਿਹਾਰੀ ਵਾਜਪਾਈ ਵਾਂਗ ਮੋਦੀ ਨੇ ਵੀ ਸਰਪ੍ਰਸਤ-ਮੁਵੱਕਿਲ ਵਾਲੇ ਉਸ ਰਿਸ਼ਤੇ ਵਿੱਚ ਆਪਣਾ ਹੱਥ ਉੱਚਾ ਰੱਖਣ ਦੀ ਕੋਸ਼ਿਸ਼ ਕੀਤੀ ਹੈ ਜਿਹੜਾ ਆਰਐੱਸਐੱਸ-ਭਾਰਤੀ ਜਨਤਾ ਪਾਰਟੀ ਦੇ ਸਹਿਜੀਵਨ ਨੂੰ ਪਰਿਭਾਸ਼ਤ ਕਰਦਾ ਹੈ। ਅਸਲੀਅਤ ਤਾਂ ਇਹ ਹੈ ਕਿ ਪ੍ਰਧਾਨ ਮੰਤਰੀ ਦੀਆਂ ਸੰਵਿਧਾਨਕ ਜ਼ਿੰਮੇਵਾਰੀਆਂ ਅਤੇ ਨਾਗਪੁਰ ਵਿਚਲੇ ਹੈੱਡਕੁਆਰਟਰ ਵਾਲੀ 'ਸਭਿਆਚਾਰਕ ਸੰਸਥਾ' ਪ੍ਰਤੀ ਸਵੈਮਸੇਵਕ ਵਾਲੀ ਵਫ਼ਾਦਾਰੀ ਦਰਮਿਆਨ ਟਕਰਾਅ ਇੱਕ ਸੁਭਾਵਿਕ ਅਮਲ ਹੈ। ਪ੍ਰਧਾਨ ਮੰਤਰੀ ਵਾਜਪਾਈ ਨੇ ਮੁੱਢ ਤੋਂ ਹੀ ਸਪਸ਼ਟ ਕਰ ਦਿੱਤਾ ਸੀ ਕਿ ਉਨ੍ਹਾਂ ਦੇ ਸੰਵਿਧਾਨਿਕ ਫ਼ਰਜ਼ ਤੇ ਜ਼ਿੰਮੇਵਾਰੀਆਂ ਨੂੰ ਆਰਐੈੱਸਐੈੱਸ ਦੀਆਂ ਉਮੀਦਾਂ ਤੇ ਮੰਗਾਂ ਉੱਪਰ ਹਮੇਸ਼ਾਂ ਤਰਜੀਹ ਮਿਲੇਗੀ। ਅਜਿਹੀ ਬੇਬਾਕੀ ਅਤੇ ਦ੍ਰਿੜ੍ਹਤਾ ਦੀ ਉਨ੍ਹਾਂ ਨੂੰ ਕੁਝ ਕੀਮਤ ਵੀ ਤਾਰਨੀ ਪਈ। ਮੋਦੀ ਨੇ ਇਸ ਰਿਸ਼ਤੇ ਸਬੰਧੀ ਜਾਣ-ਬੁੱਝ ਕੇ ਅਸਪਸ਼ਟਤਾ ਬਣਾਈ ਰੱਖੀ ਹੈ; ਉਹ ਵਿੱਚੋਂ ਵਿੱਚੋਂ ਆਰਐੈੱਸਐੈੱਸ ਨੂੰ ਵੀ ਲਡਾਉਂਦੇ ਰਹਿੰਦੇ ਹਨ। ਪਰ ਉਨ੍ਹਾਂ ਦੇ ਅਹੁਦੇ ਦਾ ਸੁਭਾਅ ਤੇ ਮਿਜ਼ਾਜ ਹੀ ਅਜਿਹਾ ਹੈ ਕਿ ਦੇਰ-ਸਵੇਰ ਉਨ੍ਹਾਂ ਨੂੰ ਆਪਣੇ ਤੇ ਨਾਗਪੁਰੀ ਸੰਚਾਲਕਾਂ ਦਰਮਿਆਨ ਲਕੀਰ ਖਿੱਚਣੀ ਹੀ ਪੈਣੀ ਸੀ।

ਕੋਵਿੰਦ ਦੀ ਚੋਣ ਕਰਕੇ ਮੋਦੀ ਨੇ ਇਹ ਲਕੀਰ ਖਿੱਚ ਦਿੱਤੀ ਹੈ। ਇਹ ਕਾਰਵਾਈ ਸੰਘ ਸੰਚਾਲਕਾਂ ਨੂੰ ਵੀ ਸਮਝ ਆ ਗਈ ਹੈ ਅਤੇ ਉਨ੍ਹਾਂ ਅੰਦਰ ਇਸ ਤੋਂ ਗੁੱਸਾ ਵੀ ਹੈ। ਕਿਸੇ ਵੀ ਭਾਜਪਾਈ ਪ੍ਰਧਾਨ ਮੰਤਰੀ ਲਈ ਆਰਐੱਸਐੱਸ, ਕਮਰੇ 'ਚ ਪਸਰੇ ਹਾਥੀ ਵਰਗੀ ਸਮੱਸਿਆ ਰਹੀ ਹੈ ਜਿਸਦੀ ਉਹ ਅਣਦੇਖੀ ਨਹੀਂ ਕਰ ਸਕਦਾ। ਦੂਜੇ ਪਾਸੇ ਇੱਕ ਵੱਖਰੇ ਪਰਿਪੇਖ ਵਿੱਚ ਇਹ ਵੀ ਇੱਕ ਵਿਰੋਧਾਭਾਸ ਹੈ ਕਿ ਆਰਐੱਸਐੱਸ ਵਰਗੀ ਸੰਸਥਾ ਤੋਂ ਤਵੱਕੋ ਵੀ ਕੀਤੀ ਜਾਂਦੀ ਹੈ ਕਿ ਉਹ ਮਨਆਈਆਂ ਕਰਨ ਵਾਲੇ ਪ੍ਰਧਾਨ ਮੰਤਰੀ ਉੱਤੇ ਕੁੰਡੇ ਦਾ ਕੰਮ ਕਰੇ।

20 ਜੁਲਾਈ 2017 ਨੂੰ ਮੋਦੀ ਨੂੰ ਆਪਣਾ ਰਾਸ਼ਟਰਪਤੀ ਮਿਲ ਜਾਵੇਗਾ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਕੋਲ ਆਪਣੇ ਦੋਸਤਾਂ ਅਤੇ ਦੁਸ਼ਮਣਾਂ ਨਾਲ ਸਿੱਝਣ ਲਈ ਮੌਜੂਦ ਵਿਕਲਪਾਂ ਵਿੱਚ ਗੁਣਾਤਮਿਕ ਪਰਿਵਰਤਨ ਆ ਜਾਣਗੇ। ਹਾਲਾਂਕਿ ਪ੍ਰਣਬ ਮੁਖਰਜੀ ਸਖ਼ਤ ਰਾਸ਼ਟਰਪਤੀ ਚਾਹੇ ਨਾ ਸਾਬਿਤ ਹੋਏ ਹੋਣ, ਪਰ ਉਨ੍ਹਾਂ ਨੂੰ ਕੋਈ ਰਬੜ ਦੀ ਮੋਹਰ ਨਹੀਂ ਕਹਿ ਸਕਦਾ ਸੀ। ਪ੍ਰਧਾਨ ਮੰਤਰੀ ਮੋਦੀ ਅਤੇ ਉਨ੍ਹਾਂ ਦੇ ਸਲਾਹਕਾਰ ਰਾਸ਼ਟਰਪਤੀ ਮੁਖਰਜੀ ਨੂੰ ਕਦੇ ਵੀ ਇਉਂ ਹੀ ਨਜ਼ਰਅੰਦਾਜ਼ ਨਹੀਂ ਕਰ ਸਕਦੇ ਸਨ; ਹੁਣ ਉਨ੍ਹਾਂ ਲਈ ਇਹ ਵਿਕਲਪ ਖੁੱਲ੍ਹ ਜਾਵੇਗਾ। ਰਾਸ਼ਟਰੀ ਸੱਤਾ ਦਾ ਤਵਾਜ਼ਨ ਹੁਣ ਪ੍ਰਧਾਨ ਮੰਤਰੀ ਵੱਲ ਝੁਕ ਜਾਵੇਗਾ।

ਪ੍ਰਧਾਨ ਮੰਤਰੀ ਕੋਲ ਅਗਲੇ ਮਹੀਨੇ ਤੋਂ ਆਪਣੇ ਰਾਸ਼ਟਰਪਤੀ ਤੋਂ ਇਲਾਵਾ ਆਪਣਾ ਉਪ-ਰਾਸ਼ਟਰਪਤੀ ਚੁਣਨ ਦਾ ਵਿਕਲਪ ਵੀ ਮੌਜੂਦ ਹੈ। ਵਿਰੋਧੀ ਧਿਰ ਲਈ ਰਾਜ ਸਭਾ ਵਿੱਚ ਜੋ ਸਥਾਨ ਹਾਲੇ ਤਕ ਸੀ, ਉਹ ਵੀ ਬਹੁਤ ਹੱਦ ਤਕ ਸੁੰਗੜ ਜਾਵੇਗਾ। ਚਾਹੇ ਕੁਝ ਵੀ ਆਖੋ, ਹਾਮਿਦ ਅਨਸਾਰੀ ਨੇ ਖ਼ੁਦ ਨੂੰ ਇੱਕ ਵੱਖਰੇ ਮੁਕਾਮ ਉੱਤੇ ਰੱਖਿਆ ਅਤੇ ਗਣਤੰਤਰੀ ਕਦਰਾਂ ਅਤੇ ਜਮਹੂਰੀ ਸੰਵੇਦਨਾਵਾਂ ਲਈ ਖੁੱਲ੍ਹ ਕੇ ਬੋਲਣ ਤੋਂ ਉਨ੍ਹਾਂ ਨੇ ਆਪਣੇ ਆਪ ਨੂੰ ਵਾਂਝਾ ਨਹੀਂ ਕੀਤਾ। ਦਿਮਾਗ਼ ਨੂੰ ਕਸ਼ਟ ਦੇਣ ਵਾਲੀ ਇਹ ਰੁਕਾਵਟ ਵੀ ਇੱਕ ਮਹੀਨੇ ਦੇ ਅੰਦਰ ਖ਼ਤਮ ਹੋ ਜਾਵੇਗੀ।

ਇਸ ਮਗਰੋਂ ਅਗਸਤ ਵਿੱਚ ਸੁਪਰੀਮ ਕੋਰਟ ਵਿੱਚ ਬਦਲਾਅ ਹੋਣ ਵਾਲੇ ਹਨ। ਇਤਫ਼ਾਕਵੱਸ, ਨਿਆਂਪਾਲਿਕਾ ਸੱਤਾ ਦਾ ਇੱਕੋ ਇੱਕ ਅਜਿਹਾ ਥੰਮ੍ਹ ਹੈ ਜੋ ਸਰਕਾਰ ਸਾਹਮਣੇ ਲਿਫ਼ਦਾ ਨਹੀਂ। ਪਰ ਪਿਛਲੇ ਇੱਕ ਅਰਸੇ ਤੋਂ ਨਿਆਂਪਾਲਿਕਾ ਦੀ ਆਵਾਜ਼ ਵਿੱਚ ਇੱਕ ਤਰ੍ਹਾਂ ਦੀ ਖ਼ਾਮੋਸ਼ੀ ਘਰ ਕਰਨ ਲੱਗ ਪਈ ਹੈ। ਕਿਸੇ ਵੀ ਹੋਰ ਸੰਸਥਾ ਵਾਂਗੂੰ ਹੀ ਨਿਆਂਪਾਲਿਕਾ ਦਾ ਮਿਜ਼ਾਜ ਵੀ ਬੈਂਚ ਵਿੱਚ ਸ਼ਾਮਲ ਵਿਅਕਤੀ ਉੱਤੇ ਨਿਰਭਰ ਕਰਦਾ ਹੈ। ਇਸ ਮਾਮਲੇ ਵਿੱਚ ਕੁਝ ਅਫ਼ਵਾਹਾਂ ਉੱਡ ਰਹੀਆਂ ਹਨ। ਜਿਹੜੇ ਲੋਕ ਮਜ਼ਬੂਤ ਅਤੇ ਜੋਸ਼ੀਲੀ ਨਿਆਂਪਾਲਿਕਾ ਵਿੱਚ ਵਿਸ਼ਵਾਸ ਰੱਖਦੇ ਹਨ, ਉਹ ਖ਼ੁਦ ਨੂੰ ਸੁਖਾਲੀ ਸਥਿਤੀ ਵਿੱਚ ਮਹਿਸੂਸ ਨਹੀਂ ਕਰ ਰਹੇ। ਸੱਤਾਧਾਰੀ ਖੇਮੇ ਨੂੰ ਹੁਣ ਨਿਆਂਪਾਲਿਕਾ ਦੀ ਅਸਹਿਮਤੀ ਜਾਂ ਫਿਟਕਾਰ ਬਾਰੇ ਘੱਟ ਤੋਂ ਘੱਟ ਚਿੰਤਾ ਕਰਨੀ ਪਵੇਗੀ।

ਹੁਣ ਕੇਂਦਰ ਵਿੱਚ ਹੁਕਮਰਾਨ ਪਾਰਟੀ ਹੀ ਛਾਈ ਹੋਈ ਹੈ। ਆਧੁਨਿਕ ਸਿਆਸੀ ਪਾਰਟੀ ਵਾਲੀ ਦਿੱਖ ਦੇ ਬਾਵਜੂਦ ਭਾਜਪਾ ਵਿੱਚ ਹਾਲੇ ਵੀ ਖੁੱਲ੍ਹਾਪਣ ਦਿਖਾਈ ਨਹੀਂ ਦਿੰਦਾ। ਜਦੋਂ ਤੋਂ ਨਰਿੰਦਰ ਮੋਦੀ ਨੇ 2013 ਵਿੱਚ ਭਾਜਪਾ ਉੱਤੇ ਦਬਦਬਾ ਕਾਇਮ ਕੀਤਾ ਅਤੇ 2014 ਵਿੱਚ ਲੋਕ ਸਭਾ ਚੋਣਾਂ ਜਿੱਤ ਕੇ ਆਪਣੀ ਲੀਡਰਸ਼ਿਪ ਉੱਤੇ ਲੋਕਤੰਤਰੀ ਮੋਹਰ ਵੀ ਲਗਵਾ ਲਈ, ਉਦੋਂ ਤੋਂ ਪਾਰਟੀ ਨੇ ਖ਼ੁਦ ਨੂੰ ਦੋਇਮ ਭੂਮਿਕਾ ਵਿੱਚ ਸਵੀਕਾਰ ਕਰ ਲਿਆ ਹੈ। ਪ੍ਰਧਾਨ ਮੰਤਰੀ ਮੋਦੀ ਦੇ ਪਰਛਾਵੇਂ ਤੋਂ ਬਾਹਰ ਭਾਜਪਾ ਪ੍ਰਧਾਨ ਦਾ ਕੋਈ ਸਿਆਸੀ ਰੁਤਬਾ ਨਹੀਂ ਹੈ। ਅਜਿਹਾ ਕੋਈ ਆਗੂ ਨਹੀਂ ਬਚਿਆ ਜਿਸ ਨੂੰ ਪ੍ਰਧਾਨ ਮੰਤਰੀ ਮੋਦੀ ਦੀ ਸਰਦਾਰੀ ਲਈ ਜ਼ਰਾ ਜਿੰਨੀ ਵੀ ਚੁਣੌਤੀ ਸਮਝਿਆ ਜਾ ਸਕੇ। ਵਾਜਪਾਈ ਜਾਂ ਲਾਲ ਕ੍ਰਿਸ਼ਨ ਅਡਵਾਨੀ ਦਾ ਭਾਜਪਾ ਉੱਤੇ ਇੰਨਾ ਦਬਦਬਾ ਕਦੇ ਨਹੀਂ ਸੀ। ਉਨ੍ਹਾਂ ਦੀ ਲੀਡਰਸ਼ਿਪ, ਪਾਰਟੀ ਉੱਤੇ ਨਿਰਭਰ ਸੀ ਅਤੇ ਉਨ੍ਹਾਂ ਦੇ ਅਧਿਕਾਰ ਸੀਮਿਤ ਸਨ। ਨਰਿੰਦਰ ਮੋਦੀ ਦੀ ਅਜਿਹੀ ਕੋਈ ਲਾਚਾਰੀ ਨਹੀਂ ਹੈ।

ਤਿੰਨ ਹੋਰ ਜਮਹੂਰੀ ਸੰਸਥਾਵਾਂ - ਕੈਬਨਿਟ, ਅਫ਼ਸਰਸ਼ਾਹੀ ਤੇ ਮੀਡੀਆ - ਆਪਣੀ ਖ਼ੁਸ਼ੀ ਨਾਲ ਨਿਤਾਣੀਆਂ ਹੋ ਗਈਆਂ ਹਨ। ਇਨ੍ਹਾਂ ਤਿੰਨਾਂ ਸੰਸਥਾਵਾਂ ਵਿੱਚ ਜੋ ਕਾਇਰਤਾ ਅਤੇ ਮੌਕਾਪ੍ਰਸਤੀ ਹੁਣ ਦੇਖਣ ਨੂੰ ਮਿਲਦੀ ਹੈ, ਉਹ ਪਹਿਲਾਂ ਕਦੇ ਵੀ ਨਹੀਂ ਸੀ। ਇਨ੍ਹਾਂ ਵਿੱਚ ਪ੍ਰਧਾਨ ਮੰਤਰੀ ਦਾ ਪਿੱਛਲੱਗ ਬਣਨ ਦੀ ਹੋੜ ਜਿਹੀ ਲੱਗੀ ਹੋਈ ਹੈ।

ਕੁੱਲ ਮਿਲਾ ਕੇ ਇਹ ਸੰਸਥਾਗਤ ਸਮੀਕਰਣ ਅਜਿਹਾ ਹੈ ਜਿਸ ਵਿੱਚ ਦਬਦਬਾ ਕਾਇਮ ਕਰਨ ਲਈ ਲਾਲਚ ਪੈਦਾ ਹੋ ਸਕਦਾ ਹੈ। ਮੋਦੀ ਸਰਕਾਰ ਅਜਿਹੇ ਮੁਸ਼ਕਿਲ ਦੌਰ ਵਿੱਚ ਪ੍ਰਵੇਸ਼ ਕਰ ਰਹੀ ਹੈ ਜਿਸ ਵਿੱਚ ਸਾਰੇ ਵਾਅਦੇ ਅਤੇ ਬਹਾਨੇ ਉਨ੍ਹਾਂ ਦੇ ਹਿਸਾਬ ਨਾਲ ਤੈਅ ਨਹੀਂ ਹੋਣਗੇ। ਆਰਥਿਕ ਪੱਖ ਤੋਂ ਰੁਜ਼ਗਾਰ ਦੇ ਮੌਕਿਆਂ ਵਿੱਚ ਆਉਣ ਵਾਲੀ ਕਮੀ ਨਿਕਟ ਭਵਿੱਖ ਵਿੱਚ ਚੋਣ ਲਾਭ ਨਹੀਂ ਦੇਵੇਗੀ। ਪੂਰਾ ਕਾਰੋਬਾਰੀ ਭਾਈਚਾਰਾ- ਕਾਰਪੋਰੇਟ, ਵਪਾਰੀ, ਦੁਕਾਨਦਾਰ ਅਤੇ ਉਪਭੋਗਤਾ- ਹਾਲੇ ਦੂਹਰੀ ਮਾਰ ਤੋਂ ਉੱਭਰ ਨਹੀਂ ਸਕਿਆ। ਨੋਟਬੰਦੀ ਮਗਰੋਂ ਉਸ ਉੱਤੇ ਜੀਐੱਸਟੀ ਦੀ ਮਾਰ ਪਈ ਹੈ। ਸਿਆਸੀ ਪੱਖ ਤੋਂ ਮੋਦੀ ਸਰਕਾਰ ਨੇ ਆਪਣੇ ਆਪ ਨੂੰ ਬੇਹੱਦ ਸਮਰੱਥ ਅਤੇ ਘਾਗ਼ ਸਾਬਿਤ ਕੀਤਾ ਹੈ। ਇਹ ਸਮਝਦੀ ਹੈ ਕਿ ਇਸ ਨੇ ਗਾਂਧੀਆਂ ਅਤੇ ਕਾਂਗਰਸ ਨੂੰ ਹੀ ਨਹੀਂ ਸਗੋਂ ਬਾਕੀ ਵਿਰੋਧੀ ਪਾਰਟੀਆਂ ਨੂੰ ਵੀ ਪ੍ਰਭਾਵਹੀਣ ਗੱਠਜੋੜ ਬਣਾ ਦਿੱਤਾ ਹੈ। ਵੋਟਰਾਂ ਨਾਲ ਨੋਟਬੰਦੀ ਦਾ ਮਖੌਲ ਸਫਲਤਾਪੂਰਬਕ ਕਰਕੇ

**ਬਾਕੀ ਸਫ਼ਾ 32 'ਤੇ**

# ਦਲਿਤਾਂ ਨੂੰ ਖ਼ੁਦ ਲੜਨੀ ਪਵੇਗੀ ਆਪਣੀ ਲੜਾਈ



## ਮਾਰਟਿਨ ਮੈਕਵਾ

ਕੀ ਦੇਸ਼ ਦੇ ਸਾਰੇ ਨਾਗਰਿਕਾਂ ਨਾਲ ਇਕੋ ਜਿਹਾ ਵਿਹਾਰ ਕਰਨ ਦੇ ਮਾਮਲੇ ਵਿਚ ਭਾਰਤ 70 ਵਰਿਆਂ ਵਿਚ ਕੁਝ ਬਿਹਤਰ ਹੋ ਸਕਿਆ ਹੈ ਜਾਂ ਫਿਰ ਹਾਲਾਤ ਪਹਿਲਾਂ ਵਰਗੇ ਹੀ ਹਨ ?

ਬਹਿਸ-ਮੁਬਾਹਸਾ ਕਰਨ ਵਾਲੇ ਬੁੱਧੀਜੀਵੀਆਂ ਲਈ ਰਾਸ਼ਟਰ ਆਪਣੇ-ਆਪ ਵਿਚ ਮਿਥ ਹੋ ਸਕਦਾ ਹੈ ਤੇ ਇਹ ਆਮ ਲੋਕਾਂ ਦੀ ਧਾਰਨਾ ਵੀ ਹੋ ਸਕਦੀ ਹੈ। ਇਹ ਇਕ ਵਰਗੀ ਢਾਂਚੇ ਨਾਲੋਂ ਬਿਲਕੁਲ ਘੱਟ ਨਹੀਂ ਹੈ ਤੇ ਉਪਰੀ ਤੌਰ 'ਤੇ ਇਹ ਬਣਾਵਟੀ ਢਾਂਚੇ ਦੀ ਤਸਵੀਰ ਪੇਸ਼ ਕਰਦੀ ਹੈ। ਇਸ ਲਈ ਕਿਸੇ ਖ਼ਾਸ ਸਥਿਤੀ ਵਿਚ ਇਸ ਦੀ ਕਾਰਵਾਈ ਪੱਖਪਾਤੀ ਹੋ ਸਕਦੀ ਹੈ।

**ਊਨਾ ਦੀ ਘਟਨਾ :**

ਵਾਕਿਆ ਵਿਚ ਦਲਿਤ ਅਜਿਹਾ ਹੀ ਮਹਿਸੂਸ ਕਰਦੇ ਹਨ, ਇਸ ਲਈ ਊਨਾ ਦੀ ਘਟਨਾ ਦੇਸ਼ ਦੀ ਚੇਤਨਾ ਨੂੰ ਨਹੀਂ ਬਦਲ ਸਕਦੀ। ਬਦਲਾਵਾਂ ਲਈ ਦਲਿਤਾਂ ਅਤੇ ਉਨਾਂ ਦੇ ਦਰਦ ਨਾਲ ਜੁੜਨਾ ਜ਼ਰੂਰੀ ਹੁੰਦਾ ਹੈ। ਜਾਤੀ ਵਿਵਸਥਾ ਖ਼ਤਮ ਕਰਨ 'ਤੇ ਸਿਆਸੀ ਇੱਛਾ ਸ਼ਕਤੀ ਅਤੇ ਉਤਸ਼ਾਹ ਦੀ ਕਮੀ ਦਿਖਾਈ ਦਿੰਦੀ ਹੈ ਕਿਉਂਕਿ ਕਥਿਤ ਉਚੀਆਂ ਜਾਤੀਆਂ ਦੀਆਂ ਨਵੀਂਆਂ ਪੀੜੀਆਂ ਨੇ ਇਸ ਵਿਵਸਥਾ ਤੋਂ ਲਾਹਾ ਖੱਟਿਆ ਹੈ।

ਦਲਿਤ ਜੇਕਰ ਬਰਾਬਰ ਦੇ ਨਾਗਰਿਕ ਬਣ ਗਏ ਤਾਂ ਉਨਾਂ ਨੂੰ ਕੀ ਲਾਭ ਹੋਵੇਗਾ ? ਗੁਜਰਾਤ ਦੇ ਊਨਾ ਵਿਚ ਗਾਂ ਮਾਰਨ ਦੇ ਦੋਸ਼ ਵਿਚ ਕਥਿਤ ਗਊ ਰੱਖਿਅਕਾਂ ਨੇ ਦਲਿਤਾਂ ਦੀ ਘੰਟਿਆਂਬੱਧੀ ਕੁੱਟਮਾਰ ਕੀਤੀ ਸੀ। ਇਸ ਘਟਨਾ ਨੂੰ ਇਕ ਸਾਲ ਪੂਰਾ ਹੋ ਚੁੱਕਾ ਹੈ। ਉਸ ਵਕਤ ਊਨਾ ਦੀ ਘਟਨਾ ਮਗਰੋਂ ਬਹਿਸ ਲਈ ਸੰਸਦ ਦੇ ਸੱਦੇ ਗਏ ਵਿਸ਼ੇਸ਼ ਇਜਲਾਸ ਵਿਚ ਵੱਡੇ ਪੱਧਰ 'ਤੇ ਸੀਟਾਂ ਖਾਲੀ ਰਹਿ ਗਈਆਂ ਸਨ। ਇਹ ਸਭ ਉਦੋਂ ਵਾਪਰਿਆ, ਜਦੋਂ ਮੌਜੂਦਾ ਐਨ.ਡੀ.ਏ. ਕੋਲ ਯੂ.ਪੀ.ਏ. ਦੇ ਮੁਕਾਬਲੇ ਵੱਧ ਸੰਸਦ ਮੈਂਬਰ ਹਨ ਤੇ ਦਲਿਤਾਂ ਦੀ ਗੱਲ ਸੰਸਦ ਵਿਚ ਰੱਖਣ ਲਈ ਦਲਿਤ ਖ਼ੁਦ ਉਥੇ ਮੌਜੂਦ ਹਨ।

**ਭਾਰਤ ਵਿਚ ਛੂਆਛੂਤ :**

ਇਹ ਸਾਰੇ ਦਲਿਤ ਸੰਸਦ ਮੈਂਬਰ ਇਹ ਦੱਸਣ ਵਿਚ 'ਮਾਣ ਮਹਿਸੂਸ' ਕਰਦੇ ਰਹੇ ਕਿ ਉਨਾਂ ਦੀ ਸਰਕਾਰ ਨੇ ਇਸ ਘਟਨਾ ਮਗਰੋਂ ਪੀੜਤਾਂ ਨੂੰ ਕਿੰਨੀ ਮੈਡੀਕਲ ਸਹਾਇਤਾ ਅਤੇ ਹਰ ਤਰਾਂ ਦੀ ਮਦਦ ਮੁਹੱਈਆ ਕਰਵਾਈ।

ਯੂ.ਪੀ.ਏ. ਸਮੇਂ ਦਲਿਤਾਂ 'ਤੇ ਜ਼ਿਆਦਾ ਜ਼ੁਲਮ ਹੋਏ, ਇਸ ਗੱਲ ਨੂੰ ਸਿੱਧ ਕਰਨ ਲਈ ਉਨਾਂ ਕੋਲ ਆਪਣੇ ਹੀ ਸਬੂਤ ਹਨ। ਦੁੱਖ ਦੀ ਗੱਲ ਤਾਂ ਇਹ ਹੈ ਕਿ ਕੋਈ ਇਹ ਸਵਾਲ ਨਹੀਂ ਪੁੱਛਦਾ ਕਿ ਹਾਲੇ ਤਕ ਭਾਰਤ ਵਿਚ ਛੂਆ-ਛੂਤ ਏਨੇ ਵੱਡੇ ਪੱਧਰ 'ਤੇ ਕਿਉਂ ਹੈ ?

ਊਨਾ ਤੋਂ ਬਾਅਦ ਹਰ ਕੋਈ ਗਊ ਰੱਖਿਅਕਾਂ ਦੇ ਨਾਜਾਇਜ਼ ਤਰੀਕਿਆਂ ਬਾਰੇ ਗੱਲ ਕਰ ਰਿਹਾ ਸੀ। ਪ੍ਰਧਾਨ ਮੰਤਰੀ ਨੇ ਵੀ ਆਪਣੀ 'ਪੀੜਾ' ਭਰੇ ਸ਼ਬਦ ਅਗਲੇ ਦਿਨ ਬਿਆਨ ਕੀਤੇ। ਉਨਾਂ ਨੂੰ ਪਤਾ ਸੀ ਕਿ ਗਾਂ ਦੀ ਸਿਆਸਤ ਉਨਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਵੋਟ ਦਿਵਾ ਸਕਦੀ ਹੈ। ਭਾਜਪਾ ਦੀ ਸੂਬਾ ਸਰਕਾਰ ਇਸ ਤੋਂ ਬਾਅਦ ਅਜਿਹੇ ਸਖ਼ਤ ਕਾਨੂੰਨ ਲੈ ਆਈ, ਜਿਸ ਨਾਲ ਗਾਵਾਂ ਦੀ ਸੁਰੱਖਿਆ ਘੱਟ ਤੇ ਗਊ ਰਾਖਿਆਂ ਦੀ ਸੁਰੱਖਿਆ ਜ਼ਿਆਦਾ ਹੋਵੇ।

ਊਨਾ ਦੀ ਘਟਨਾ ਨੇ ਹਰ ਕਿਸੇ ਨੂੰ ਪ੍ਰੇਸ਼ਾਨ ਕੀਤਾ ਕਿਉਂਕਿ ਸਾਰਿਆਂ ਨੇ ਟੀਵੀ ਅਤੇ ਮੋਬਾਈਲ ਫੋਨ 'ਤੇ ਦਲਿਤਾਂ ਨਾਲ ਹੋਣ ਵਾਲੀ ਕਰੂਰਤਾ ਦੇਖੀ। ਪਰ ਗੈਰ ਸਰਕਾਰੀ ਸੰਗਠਨ ਨਵਸਰਜਨ ਟਰੱਸਟ ਨੇ ਸਾਲ 2010 ਦੇ ਸਰਵੇਖਣ ਵਿਚ ਭਿਆਨਕ ਤਸਵੀਰ ਸਾਹਮਣੇ ਲਿਆਂਦੀ ਹੈ। ਇਹ ਉਸੇ ਗੁਜਰਾਤ ਦੀ ਤਸਵੀਰ ਹੈ, ਜਿੱਥੇ ਊਨਾ ਦੀ ਘਟਨਾ ਵਾਪਰੀ ਹੈ। ਜੇਕਰ ਸਵਾਲ ਉਠਦਾ ਹੈ, ਗੁਜਰਾਤ ਹੀ ਕਿਉਂ ? ਤਾਂ ਇਸ ਲਈ ਕਿਉਂਕਿ ਇਸ ਨੂੰ ਇਕ ਮਾਡਲ ਸਟੇਟ ਵਜੋਂ ਪੇਸ਼ ਕੀਤਾ ਗਿਆ ਹੈ।

ਪਿੰਡਾਂ ਵਿਚ ਰਹਿਣ ਵਾਲੇ 90.2 ਫੀਸਦੀ ਦਲਿਤ ਹਿੰਦੂ ਹੁੰਦਿਆਂ ਹੋਇਆਂ ਵੀ ਮੰਦਿਰਾਂ ਵਿਚ ਦਾਖ਼ਲ ਨਹੀਂ ਕਰ ਸਕਦੇ। 64 ਫ਼ੀਸਦੀ ਪੰਚਾਇਤ ਆਪਣੇ ਚੁਣੇ ਦਲਿਤ ਮੈਂਬਰਾਂ ਨਾਲ ਭੇਦਭਾਵ ਕਰਦੀ ਹੈ। 54 ਫ਼ੀਸਦੀ ਪ੍ਰਾਇਮਰੀ ਸਕੂਲਾਂ ਵਿਚ ਦਲਿਤ ਬੱਚਿਆਂ ਲਈ ਮਿਡ ਡੇਅ ਮੀਲ ਵੇਲੇ ਵੱਖਰੇ ਤੌਰ 'ਤੇ ਲਾਈਨ ਲਗਾਈ ਜਾਂਦੀ ਹੈ।

**ਸਿਆਸੀ ਚੌਖਟਾ :**

ਇਹ 1569 ਪਿੰਡਾਂ ਅਤੇ 98,000 ਲੋਕਾਂ ਦੀਆਂ ਪ੍ਰਤੀਕਿਰਿਆਵਾਂ ਦੇ ਆਧਾਰ 'ਤੇ ਤਿਆਰ ਕੀਤੀ ਗਈ ਰਿਪੋਰਟ ਦੇ ਕੁਝ ਠੋਸ ਤੱਥ ਹਨ- ਨਵਸਰਜਨ ਟਰੱਸਟ ਨੂੰ ਸੌਰਾਸ਼ਟਰ ਦੇ ਇਲਾਕੇ ਵਿਚ ਉਨਾਂ 1500 ਤੋਂ ਜ਼ਿਆਦਾ ਬੱਚਿਆਂ ਬਾਰੇ ਪਤਾ ਚੱਲਿਆ, ਜਿਨਾਂ ਨੂੰ ਉਨਾਂ ਦੇ ਅਧਿਆਪਕ ਸਕੂਲ ਦੇ ਪਖਾਨੇ ਸਾਫ਼ ਕਰਨ ਲਈ ਵੱਖਰੇ ਤੌਰ 'ਤੇ ਛਾਂਟ ਕੇ ਰੱਖਦੇ ਸਨ। ਇਹ ਮਿਹਤਰ (ਸਾਫ਼-ਸਫ਼ਾਈ ਕਰਨ ਵਾਲੇ) ਦੇ ਬੱਚੇ ਸਨ। ਇਹ ਕੁਝ ਅਜਿਹੀਆਂ ਤਲਖ਼ ਹਕੀਕਤਾਂ ਹਨ ਜੋ ਸਾਨੂੰ ਟੀਵੀ ਜਾਂ ਮੋਬਾਈਲ ਸਕਰੀਨ 'ਤੇ ਦਿਖਾਈ ਨਹੀਂ ਦਿੰਦੀਆਂ ਪਰ ਹੁੰਦੀਆਂ ਰੋਜ਼ ਹਨ। ਹਾਲਾਂਕਿ ਊਨਾ ਦੀ ਘਟਨਾ ਨੇ ਸਿਆਸੀ ਚੌਖਟੇ ਵਿਚ ਬਹੁਤ ਅਸਰ ਕੀਤਾ ਹੈ। ਦਲਿਤਾਂ ਵਿਚਾਲੇ ਸਾਲ 1980 ਵਿਚ ਗੁਜਰਾਤ ਦੇ ਪਿੰਡਾਂ ਵਿਚ ਕੰਮ ਕਰਦੇ ਹੋਏ ਮੈਂ ਦੇਖਿਆ ਸੀ ਕਿ ਦਲਿਤਾਂ ਨੂੰ ਵੋਟਿੰਗ ਕੇਂਦਰਾਂ ਤਕ ਆਮ ਤੌਰ 'ਤੇ ਪਹੁੰਚਣ ਨਹੀਂ ਦਿੱਤਾ ਜਾਂਦਾ ਸੀ।

ਮੈਨੂੰ ਉਥੇ ਦਲਿਤਾਂ ਉਪਰ ਸਰੀਰਕ ਹਿੰਸਾ ਦੇ ਨਾਲ ਨਾਲ ਉਨਾਂ ਦੀ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਦੀਆਂ ਘਟਨਾਵਾਂ ਵੀ ਦੇਖਣ ਨੂੰ ਮਿਲੀਆਂ। ਅਤੇ ਅਜਿਹਾ ਸਿਰਫ਼ ਇਸ ਲਈ ਕਿਉਂਕਿ ਉਹ ਉਚੀ ਜਾਤੀਆਂ ਦੇ ਵੋਟ ਨਾ ਪਾਉਣ ਦੇ ਫਰਮਾਨ ਨੂੰ ਨਾ ਮੰਨਣ ਦੀ ਹਿੰਮਤ ਕਰਦੇ ਸਨ। ਇਹ ਹਾਲੇ ਵੀ ਆਨੰਦ ਜ਼ਿਲੇ ਦੇ ਧਰਮਾਜ ਵਰਗੇ ਪਿੰਡਾਂ ਵਿਚ ਅਜਿਹਾ ਹੀ ਹੁੰਦਾ ਹੈ। ਇਹ ਪਿੰਡ ਪ੍ਰਭਾਵਸ਼ਾਲੀ ਗੈਰ ਪਰਵਾਸੀ ਭਾਰਤੀਆਂ ਅਤੇ ਬੈਂਕ ਵਿਚੋਂ ਸੌ ਕਰੋੜ ਤੋਂ ਵੱਧ ਰਕਮ ਜਮਾ ਕਰਨ ਲਈ ਜਾਣਿਆ ਜਾਂਦਾ ਹੈ।

ਊਨਾ ਅਤੇ ਸਹਾਰਨਪੁਰ ਦੀ ਘਟਨਾ ਤੋਂ ਬਾਅਦ ਸਿਆਸੀ ਦਲ ਇਸ ਗੱਲ ਨੂੰ ਲੈ ਕੇ ਚਿੰਤਤ ਹਨ ਕਿ ਜੋ ਦਲਿਤ ਵੋਟ ਬੈਂਕ ਪਹਿਲਾਂ ਉਪ ਜਾਤੀਆਂ ਵਿਚ ਵੰਡਿਆ ਹੋਇਆ ਸੀ, ਉਹ ਹੁਣ ਦਲਿਤ ਪਛਾਣ ਦੇ ਨਾਂ 'ਤੇ ਇਕਜੁਟ ਹੋ ਜਾਵੇਗਾ।

**ਐਨ.ਡੀ.ਏ. ਦੀ ਦਿਖ ਨੂੰ ਨੁਕਸਾਨ :**

ਸਾਰੇ ਸਿਆਸੀ ਦਲ ਇਹ ਗੱਲ ਬਾਖ਼ੂਬੀ ਸਮਝਦੇ ਹਨ ਕਿ ਦਲਿਤ ਭਾਵੇਂ ਹੀ 'ਅਛੂਤ' ਹੋ ਸਕਦੇ ਹਨ, ਪਰ ਉਨਾਂ ਦੀਆਂ ਵੋਟਾਂ ਤਾਂ ਕੰਮ ਦੀਆਂ ਹਨ। 16.6 ਫ਼ੀਸਦੀ ਦਲਿਤ ਵੋਟ ਦੇ ਬਿਨਾਂ ਕੋਈ ਵੀ ਸਿਆਸੀ ਦਲ ਬਹੁਮਤ ਹਾਸਲ ਨਹੀਂ ਕਰ ਸਕਦਾ। ਇਸ ਲਈ ਐਨ.ਡੀ.ਏ. ਨੇ ਪਹਿਲੀ ਵਾਰ ਬੋਧ ਭਿਖੂਆਂ ਨੂੰ ਦਲਿਤਾਂ ਸਮਝਾਉਣ ਦੇ ਕੰਮ 'ਤੇ ਲਾਇਆ ਹੈ। ਊਨਾ ਦੀ ਘਟਨਾ ਮਗਰੋਂ ਐਨ.ਡੀ.ਏ. ਦੀ ਦਿਖ ਨੂੰ ਨੁਕਸਾਨ ਪਹੁੰਚਿਆ ਹੈ। ਗੁਜਰਾਤ ਵਿਚ ਦਲਿਤਾਂ ਦੀ ਆਬਾਦੀ ਮਹਿਜ਼ 7.01 ਫ਼ੀਸਦੀ ਹੈ। ਉਹ ਇਕੱਲੇ ਆਪਣੇ ਦਮ 'ਤੇ ਕਿਸੇ ਵੀ ਵੱਡੇ ਦਲ ਦੀ ਕਿਸਮਤ ਬਦਲਣ ਦੀ ਸਥਿਤੀ ਵਿਚ ਨਹੀਂ ਹੈ। ਪਰ ਸੱਤਾ ਧਿਰ ਭਾਜਪਾ ਗੁਜਰਾਤ ਨੂੰ ਲੈ ਕੇ ਦੁਚਿਤੀ ਵਿਚ ਹੈ ਕਿਉਂਕਿ ਇਹ ਕਦੇ ਉਸ ਦੀ ਪ੍ਰਯੋਗਸ਼ਾਲਾ ਰਹੀ ਹੈ। ਹਾਲ ਹੀ ਵਿਚ ਗੈਰ-ਦਲਿਤ ਵੋਟ ਵਿਚ ਵੱਖਰਤਾ ਦੇਖੀ ਗਈ ਹੈ।

ਸੰਵਿਧਾਨ ਨਾਲੋਂ ਵੱਧ... :

ਹਿੰਦੂ ਰਾਸ਼ਟਰ ਦਾ ਵਿਚਾਰ ਲੋਕਾਂ ਦੀਆਂ ਭਾਵਨਾਵਾਂ ਨੂੰ ਛੂਹਣ ਵਿਚ ਕਾਮਯਾਬ ਹੁੰਦਾ ਨਹੀਂ ਦਿਖ ਰਿਹਾ। ਜਾਟ, ਪਟੇਲ ਤੇ ਮਰਾਠਾ ਵਰਗੀਆਂ ਕਥਿਤ ਉਚੀਆਂ ਜਾਤੀਆਂ ਹਨ, ਉਹ ਆਪਣੇ ਰਾਖਵੇਂਕਰਨ ਨੂੰ ਲੈ ਕੇ ਵੱਧ ਜਾਗਰੂਕ ਦਿਖਾਈ ਦੇ ਰਹੀਆਂ ਹਨ, ਨਾ ਕਿ ਹਿੰਦੂ ਰਾਸ਼ਟਰ ਦੇ ਨਾਂ 'ਤੇ ਬਲੀ ਦਾ ਬਕਰਾ ਬਣਨ ਨੂੰ ਲੈ ਕੇ। ਪ੍ਰਭਾਵਸ਼ਾਲੀ ਜਾਤੀਆਂ ਵਿਚ ਵੀ ਜੋ ਗ਼ਰੀਬ ਲੋਕ ਹਨ, ਉਨਾਂ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਉਚੀ ਜਾਤੀ ਦੀ ਪਛਾਣ ਵੀ ਉਨਾਂ ਦੀ ਆਰਥਿਕ ਸਥਿਤੀ ਨਹੀਂ ਸੁਧਾਰ ਸਕੀ ਹੈ। ਇਹ ਸਿਆਸਤ ਹੈ। ਦਲਿਤ ਜੋ ਕਿ ਅਪਮਾਨ ਝੱਲ ਰਹੇ ਹਨ, ਉਹ ਸਰਕਾਰ ਕੌਣ ਬਣਾ ਰਿਹਾ ਹੈ, ਇਸ ਨਾਲੋਂ ਵੱਧ ਇਸ ਗੱਲ ਨੂੰ ਲੈ ਕੇ ਫ਼ਿਕਰਮੰਦ ਹਨ ਕਿ ਜਾਤੀ ਅਤੇ ਭੇਦਭਾਵ ਖ਼ਤਮ ਹੋਵੇ। ਹੁਣ ਸਵਾਲ ਇਹ ਹੈ ਕਿ ਭਾਰਤ ਵਿਚ ਸੰਵਿਧਾਨ ਨਾਲੋਂ ਵੱਧ ਜਾਤੀ ਦੀ ਸੱਤਾ ਕਿਉਂ ਹੈ ?

ਛੂਆ-ਛੂਤ ਮੁਕਤ ਸਮਾਜ ? :

ਕੀ ਭਾਰਤ ਸਾਲ 2047 ਤਕ, ਜਦੋਂ ਉਹ ਆਪਣੀ ਆਜ਼ਾਦੀ ਦੇ ਸੌ ਸਾਲ ਪੂਰੇ ਹੋਣ ਦਾ ਜਸ਼ਨ ਮਨਾ ਰਿਹਾ ਹੋਵੇਗਾ, ਤਾਂ ਕੀ ਛੂਆ-ਛੂਤ ਮੁਕਤ ਸਮਾਜ ਬਣ ਸਕੇਗਾ ? ਦਲਿਤਾਂ ਦੇ ਉਭਾਰ ਨੂੰ ਇਤਿਹਾਸਕ ਤੌਰ 'ਤੇ ਹਮੇਸ਼ਾ ਨੁਕਸਾਨ ਪਹੁੰਚਾਇਆ ਜਾਂਦਾ ਰਿਹਾ ਹੈ। ਇਸੇ ਸਿਲਸਿਲੇ ਵਿਚ ਕਦੇ ਕਦੇ ਊਨਾ ਵਰਗੀ ਘਟਨਾ ਮਗਰੋਂ ਗੁੱਸਾ ਵੀ ਫੁੱਟ ਪੈਂਦਾ ਹੈ। ਇਹ ਦਵੰਧ ਬਣਿਆ ਹੋਇਆ ਹੈ ਕਿ ਉਨਾਂ ਨੂੰ ਅਪਮਾਨ ਸਹਿੰਦਿਆਂ ਵੀ ਬਹੁ-ਗਿਣਤੀ ਨਾਲ ਜੁੜ ਕੇ ਰਹਿਣਾ ਹੋਵੇਗਾ ਜਾਂ ਫਿਰ ਸਿਆਸ ਤੋਂ ਵੱਖ ਹੋ ਕੇ ਬਰਾਬਰੀ ਲਈ ਸਮਾਜਿਕ ਸੰਘਰਸ਼ ਕਰਨਾ ਬਿਹਤਰ ਹੋਵੇਗਾ ? ਇਤਿਹਾਸ ਦੀਆਂ ਦੀਵਾਰਾਂ 'ਤੇ ਇਹ ਬਹੁਤ ਸਾਫ਼-ਸਾਫ਼ ਲਿਖਿਆ ਹੋਇਆ ਹੈ। ਅਮਰੀਕਾ ਦੇ ਅਫ਼ਰੀਕੀ ਮੂਲ ਦੇ ਲੋਕਾਂ ਦਾ ਸੰਘਰਸ਼ ਦਾ ਤਜਰਬਾ ਸਾਹਮਣੇ ਹੈ। ਸਿਰਫ਼ ਸਮਾਜਿਕ ਸੰਘਰਸ਼ ਹੀ ਬਰਾਬਰੀ ਤੇ ਸਨਮਾਨ ਦੇ ਸਕਦਾ ਹੈ। ਦਲਿਤਾਂ ਨੂੰ ਆਪਣੇ ਅਧਿਕਾਰਾਂ ਦੀ ਲੜਾਈ ਖ਼ੁਦ ਲੜਨੀ ਪਏਗੀ। ਇਹ ਲੜਾਈ ਪੂਰਾ ਦੇਸ਼ ਨਹੀਂ ਲੜਨ ਵਾਲਾ।

(ਬੀ.ਬੀ.ਸੀ. ਤੋਂ ਧੰਨਵਾਦ ਸਹਿਤ)

# ਲਾਲ ਕ੍ਰਿਸ਼ਨ ਅਡਵਾਨੀ ਦੀ ਅਧੂਰੀ ਰਹਿ ਗਈ 'ਇਹ ਇੱਛਾ'

**ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਨਰਿੰਦਰ ਮੋਦੀ ਭਾਵੇਂ ਹੀ ਖ਼ੁਦ ਨੂੰ ਸਰਦਾਰ ਪਟੇਲ ਵਰਗਾ ਮੰਨਦੇ ਹੋਣ, ਪਰ ਉਨ੍ਹਾਂ ਨੂੰ ਆਪਣੀ ਸਰਕਾਰ ਅਤੇ ਪਾਰਟੀ ਵਿਚ ਕੋਈ ਵਿਰੋਧ ਜ਼ਾਹਰ ਕਰਨ ਵਾਲਾ ਦੂਸਰਾ ਪਟੇਲ ਬਰਦਾਸ਼ਤ ਨਹੀਂ। ਵੈਸੇ ਹਕੀਕਤ ਇਹ ਹੈ ਕਿ ਪਾਰਟੀ ਅਤੇ ਸਰਕਾਰ ਵਿਚ ਇਸ ਕੱਦ ਅਤੇ ਦਮ ਦਾ ਕੋਈ ਦੂਸਰਾ ਨੇਤਾ ਹੀ ਅੱਜ ਨਹੀਂ ਦਿਖਾਈ ਦਿੰਦਾ, ਜੋ ਵਿਰੋਧ ਦੀ ਸੁਰ ਜ਼ਾਹਰ ਕਰ ਸਕੇ। ਮਾਹਰਾਂ ਮੁਤਾਬਕ ਹੁਣ ਸਰਕਾਰ ਅਤੇ ਪਾਰਟੀ ਸਿਰਫ਼ ਵਨ ਮੈਨ ਸ਼ੋਅ ਹੈ।**

## ਵਿਜੈ ਤ੍ਰਿਵੇਦੀ

(ਬੀ.ਬੀ.ਸੀ. ਦੇ ਸੀਨੀਅਰ ਪੱਤਰਕਾਰ)

ਅਪ੍ਰੈਲ 2002 ਦੇ ਦੂਸਰੇ ਹਫ਼ਤੇ ਗੋਆ ਵਿਚ ਭਾਜਪਾ ਦੀ ਕੌਮੀ ਕਾਰਜਕਾਰਨੀ ਦੀ ਮੀਟਿੰਗ ਚੱਲ ਰਹੀ ਸੀ। ਮੀਡੀਆ ਅਤੇ ਸਿਆਸੀ ਹਲਕਿਆਂ ਵਿਚ ਇਸ ਗੱਲ ਦੀ ਚਰਚਾ ਸੀ ਕਿ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੇ ਭਵਿੱਖ 'ਤੇ ਕੀ ਫ਼ੈਸਲਾ ਹੋਵੇਗਾ।

ਦਿੱਲੀ ਤੋਂ ਉਡੇ ਉਸ ਵਿਸ਼ੇਸ਼ ਜਹਾਜ਼ ਵਿਚ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨਾਲ ਗ੍ਰਹਿ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਬੈਠੇ ਸਨ। ਸਮੁੰਦਰ ਦੇ ਉਪਰ ਜਹਾਜ਼ ਉਡ ਰਿਹਾ ਸੀ। ਜਹਾਜ਼ ਵਿਚ ਵਿਦੇਸ਼ ਮੰਤਰੀ ਜਸਵੰਤ ਸਿੰਘ ਤੇ ਸੂਚਨਾ ਤਕਨੀਕੀ ਮੰਤਰੀ ਅਰੁਣ ਸ਼ੌਰੀ ਵੀ ਸਨ। ਭਾਜਪਾ ਦੇ ਇਕ ਸੀਨੀਅਰ ਨੇਤਾ ਨੇ ਦੱਸਿਆ ਕਿ ਇਸ ਦੋ ਘੰਟੇ ਦੀ ਯਾਤਰਾ ਵਿਚ ਸ਼ੁਰੂਆਤੀ ਗੱਲਬਾਤ ਗੁਜਰਾਤ 'ਤੇ ਹੋਈ। ਅਟਲ ਗੰਭੀਰ ਮੁੱਦਰਾ ਵਿਚ ਬੈਠੇ ਸਨ, ਉਦੋਂ ਉਸ ਚੁੱਪ ਨੂੰ ਜਸਵੰਤ ਸਿੰਘ ਨੇ ਤੋੜਿਆ, ਬੋਲੇ-'ਅਟਲ ਜੀ, ਤੁਸੀਂ ਕੀ ਸੋਚਦੇ ਹੋ ?' ਅਟਲ ਵਾਜਪਾਈ ਨੇ ਕਿਹਾ, 'ਘੱਟੋ-ਘੱਟ ਅਸਤੀਫ਼ਾ ਤਾਂ ਆਫ਼ਰ ਕਰਦੇ ?' ਉਦੋਂ ਅਡਵਾਨੀ ਨੇ ਕਿਹਾ ਕਿ ਜੇਕਰ ਨਰਿੰਦਰ ਭਾਈ ਦੇ ਅਸਤੀਫ਼ਾ ਦੇਣ ਨਾਲ ਗੁਜਰਾਤ ਦੇ ਹਾਲਾਤ ਸੁਧਰਦੇ ਹਨ, ਤਾਂ ਮੈਂ ਉਨ੍ਹਾਂ ਨੂੰ ਅਸਤੀਫ਼ਾ ਦੇਣ ਲਈ ਕਹਿ ਦਿਆਂਗਾ, ਪਰ ਮੈਨੂੰ ਨਹੀਂ ਲਗਦਾ ਕਿ ਇਸ ਨਾਲ ਹਾਲਾਤ ਸੁਧਨਰਗੇ ਤੇ ਮੈਨੂੰ ਇਸ ਗੱਲ 'ਤੇ ਵੀ ਯਕੀਨ ਨਹੀਂ ਹੈ ਕਿ ਕੌਮੀ ਕਾਰਜਕਾਰਨੀ ਵੀ ਉਨ੍ਹਾਂ ਦਾ ਅਸਤੀਫ਼ਾ ਮਨਜ਼ੂਰ ਕਰੇਗੀ।



ਸਾਰੇ ਜਾਣਦੇ ਹਨ ਕਿ ਵਾਜਪਾਈ ਦੀ ਇੱਛਾ ਦੇ ਬਾਵਜੂਦ ਅਡਵਾਨੀ ਕਾਰਨ ਨਰਿੰਦਰ ਮੋਦੀ ਦਾ ਮੁੱਖ ਮੰਤਰੀ ਦਾ ਅਹੁਦਾ ਉਸ ਦਿਨ ਬਚ ਗਿਆ ਸੀ। ਖ਼ੁਦ ਲਾਲ ਕ੍ਰਿਸ਼ਨ ਅਡਵਾਨੀ ਨੇ ਆਪਣੀ ਕਿਤਾਬ 'ਮਾਈ ਕੰਟਰੀ ਮਾਈ ਲਾਈਫ਼' ਵਿਚ ਲਿਖਿਆ ਕਿ ਜਿਨ੍ਹਾਂ ਦੋ ਵੱਡੇ ਮੁੱਦਿਆਂ 'ਤੇ ਵਾਜਪਾਈ ਅਤੇ ਮੇਰੀ ਇਕ ਰਾਏ ਨਹੀਂ ਸੀ, ਉਸ ਵਿਚ ਪਹਿਲਾਂ ਅਯੋਧਿਆ ਦਾ ਮੁੱਦਾ ਸੀ, ਜਿਸ 'ਤੇ ਆਖ਼ਰ ਵਿਚ ਵਾਜਪਾਈ ਨੇ ਪਾਰਟੀ ਦੀ ਰਾਏ ਮੰਨੀ ਤੇ ਦੂਸਰਾ ਮਾਮਲਾ ਸੀ-ਗੁਜਰਾਤ ਦੰਗਿਆਂ 'ਤੇ ਨਰਿੰਦਰ ਮੋਦੀ ਦੇ ਅਸਤੀਫ਼ੇ ਦੀ ਮੰਗ।

ਅਡਵਾਨੀ ਨੇ ਲਿਖਿਆ ਕਿ ਗੋਧਰਾ ਵਿਚ ਵੱਡੀ ਤਾਦਾਦ ਵਿਚ ਕਾਰ ਸੇਵਕਾਂ ਦੇ ਮਾਰੇ ਜਾਣ ਮਗਰੋਂ ਗੁਜਰਾਤ ਵਿਚ ਫ਼ਿਰਕੂ ਦੰਗੇ ਹੋ ਗਏ ਸਨ। ਇਸ ਤੋਂ ਬਾਅਦ ਵਿਰੋਧੀ ਪਾਰਟੀਆਂ ਨੇ ਮੋਦੀ ਦੇ ਅਸਤੀਫ਼ੇ ਲਈ ਦਬਾਅ ਵਧਾ ਦਿੱਤਾ ਸੀ। ਐਨ.ਡੀ.ਏ. ਵਿਚ ਵੀ ਕੁਝ ਪਾਰਟੀਆਂ ਅਤੇ ਭਾਜਪਾ ਵਿਚ ਵੀ ਕੁਝ ਲੋਕ ਮੰਨ ਰਹੇ ਸਨ ਕਿ ਮੋਦੀ ਨੂੰ ਅਸਤੀਫ਼ਾ ਦੇਣ ਲਈ ਕਿਹਾ ਜਾਣਾ ਚਾਹੀਦਾ ਹੈ। ਪਰ ਮੇਰੀ (ਅਡਵਾਨੀ) ਰਾਏ ਇਸ ਤੋਂ ਬਿਲਕੁਲ ਵੱਖਰੀ ਸੀ। ਇਸ ਤੋਂ ਕਰੀਬ 18 ਸਾਲ ਪਿੱਛੇ ਚਲਦੇ ਹਾਂ, ਜਦੋਂ 1984 ਦੀਆਂ ਚੋਣਾਂ ਵਿਚ ਭਾਜਪਾ ਦੀ ਕਰਾਰੀ ਹਾਰ ਮਗਰੋਂ ਰਾਸ਼ਟਰੀ ਸਵਯਮ ਸੇਵਕ ਸੰਘ ਵਲੋਂ ਨਰਿੰਦਰ ਮੋਦੀ ਨੂੰ ਭਾਜਪਾ ਵਿਚ ਭੇਜਿਆ ਗਿਆ ਸੀ ਤੇ ਅਡਵਾਨੀ ਨੇ ਮੋਦੀ ਨੂੰ ਗੁਜਰਾਤ ਵਿਚ ਕੰਮ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ, ਫਿਰ ਅਡਵਾਨੀ ਦੀ ਇੱਛਾ 'ਤੇ ਹੀ ਉਨ੍ਹਾਂ ਨੂੰ ਪਾਰਟੀ ਦਾ ਕੌਮੀ ਜਨਰਲ ਸਕੱਤਰ ਬਣਾਇਆ ਗਿਆ।

**ਮੋਦੀ ਤੇ ਅਡਵਾਨੀ ਦਾ ਰਿਸ਼ਤਾ :**

ਅਡਵਾਨੀ ਦੀ ਰਾਮ ਰੱਥ ਯਾਤਰਾ ਦੀ ਗੁਜਰਾਤ ਦੀ ਜ਼ਿੰਮੇਵਾਰੀ ਵੀ ਨਰਿੰਦਰ ਮੋਦੀ ਕੋਲ ਰਹੀ। ਰੱਥ ਯਾਤਰਾ ਨੂੰ ਪੂਰੇ ਦੇਸ਼ ਵਿਚ ਭਾਰੀ ਸਮਰਥਨ ਮਿਲਿਆ ਸੀ, ਬਿਹਾਰ ਵਿਚ ਲਾਲੂ ਯਾਦਵ ਦੀ ਸਰਕਾਰ ਨੇ ਅਡਵਾਨੀ ਨੂੰ ਗ੍ਰਿਫ਼ਤਾਰ ਕਰ ਲਿਆ ਪਰ ਉਥੇ ਨਾਲ ਹੀ ਅਡਵਾਨੀ 6 ਦਸੰਬਰ 1992 ਨੂੰ ਅਯੋਧਿਆ ਵਿਚ ਕਾਰ ਸੇਵਕਾਂ ਨੂੰ ਮਸਜਿਦ ਢਾਹੁਣ ਤੋਂ ਰੋਕਣ ਦੀ ਅਪੀਲ ਕਰ ਰਹੇ ਸਨ ਅਤੇ ਮਸਜਿਦ ਡਿੱਗਣ 'ਤੇ ਦੁੱਖ ਪ੍ਰਗਟਾਇਆ ਸੀ।

ਇਹ ਗੱਲ ਵੱਖਰੀ ਹੈ ਕਿ ਮੌਜੂਦਾ ਸਰਕਾਰ ਵਿਚ ਸੀ.ਬੀ.ਆਈ. ਨੇ ਇਸ ਮਾਮਲੇ 'ਤੇ ਉਨ੍ਹਾਂ ਖ਼ਿਲਾਫ਼ ਚਾਰਜਸ਼ੀਟ ਦਾਇਰ ਕਰ ਦਿੱਤੀ ਹੈ। ਅਡਵਾਨੀ ਅਤੇ ਨਰਿੰਦਰ ਮੋਦੀ ਵਿਚਾਲੇ ਵਰ੍ਹਿਆਂ ਤੱਕ ਗੁਰੂ-ਚੇਲੇ ਵਰਗਾ ਰਿਸ਼ਤਾ ਬਣਿਆ ਰਿਹਾ। ਮੋਦੀ ਵੀ ਅਡਵਾਨੀ ਨੂੰ ਗੁਜਰਾਤ ਤੋਂ ਲਗਾਤਾਰ ਸੰਸਦ ਮੈਂਬਰ ਬਣਾ ਕੇ ਭੇਜਦੇ ਰਹੇ ਤੇ ਵਾਜਪਾਈ ਦੀ ਤਮਾਮ ਨਾਰਾਜ਼ਗੀ ਦੇ ਬਾਵਜੂਦ ਮੋਦੀ, ਅਡਵਾਨੀ ਦਾ ਖ਼ਾਸ ਮੋਹ ਲੈਂਦੇ ਰਹੇ। ਮੈਨੂੰ ਯਾਦ ਆਉਂਦਾ ਹੈ ਕਿ 2009 ਦੀਆਂ ਆਮ ਚੋਣਾਂ ਦੌਰਾਨ ਇਕ ਇੰਟਰਵਿਊ ਵਿਚ ਮੈਂ ਮੋਦੀ ਨੂੰ ਜਦੋਂ ਪੁੱਛਿਆ ਕਿ ਕੀ ਉਹ ਹੁਣ ਗਾਂਧੀਨਗਰ ਛੱਡ ਕੇ ਦਿੱਲੀ ਜਾਣਾ ਚਾਹੁਣਗੇ, ਤਾਂ ਉਨ੍ਹਾਂ ਦਾ ਜਵਾਬ ਸੀ ਕਿ ਭਾਜਪਾ ਵਿਚ ਮੇਰੇ ਸਮੇਤ ਹਰ ਵਰਕਰ ਦਾ ਸੁਪਨਾ ਹੈ ਲਾਲ ਕ੍ਰਿਸ਼ਨ ਅਡਵਾਨੀ ਨੂੰ ਪ੍ਰਧਾਨ ਮੰਤਰੀ ਬਣਾਉਣਾ। ਭਾਵ ਇਹ ਰਿਸ਼ਤਾ ਹਮੇਸ਼ਾ ਹੀ ਮਜ਼ਬੂਤ ਬਣਿਆ ਰਿਹਾ ਸੀ।

ਪਰ ਇਕ ਵਾਰ ਫੇਰ ਗੋਆ ਵੱਲ ਚੱਲਣਾ ਪਏਗਾ, 2013 ਵਿਚ ਫੇਰ ਭਾਜਪਾ ਦੀ ਕੌਮੀ ਕਾਰਜਕਾਰਨੀ ਸੀ। ਰਾਜਨਾਥ ਸਿੰਘ ਮੁਖੀ ਸਨ ਤੇ ਮੋਦੀ ਨੂੰ ਅਗਲੇ ਸਾਲ ਭਾਵ 2014 ਦੀਆਂ ਆਮ ਚੋਣਾਂ ਲਈ ਪ੍ਰਧਾਨ ਮੰਤਰੀ ਦਾ ਉਮੀਦਵਾਰ ਬਣਾਉਣ ਦੀ ਤਿਆਰੀ ਹੋ ਗਈ ਸੀ, ਪਰ ਉਦੋਂ ਅਡਵਾਨੀ ਨੇ ਇਸ 'ਤੇ ਨਾਰਾਜ਼ਗੀ ਜ਼ਾਹਰ ਕਰ ਦਿੱਤੀ। ਉਹ ਗੋਆ ਪਹੁੰਚੇ ਹੀ ਨਹੀਂ ਅਤੇ ਉਸ ਕਾਰਨ ਉਸ ਦਿਨ ਮੋਦੀ ਦੀ ਉਮੀਦਵਾਰੀ ਦਾ ਐਲਾਨ ਨਾ ਹੋਇਆ, ਦਿੱਲੀ ਵਿਚ ਅਡਵਾਨੀ ਨੂੰ ਮਨਾਉਣ ਦੀਆਂ ਫੇਰ ਤੋਂ ਕੋਸ਼ਿਸ਼ਾਂ ਬੇਕਾਰ ਸਿੱਧ ਹੋਈਆਂ।

ਪਾਰਟੀ ਨੇ ਸਤੰਬਰ ਵਿਚ ਮੋਦੀ ਨੂੰ ਪ੍ਰਧਾਨ ਮੰਤਰੀ ਉਮੀਦਵਾਰ ਬਣਾਉਣ ਦਾ ਐਲਾਨ ਕਰ ਦਿੱਤਾ ਤੇ ਉਸ ਮਗਰੋਂ ਭਾਜਪਾ ਨੂੰ ਉਸ ਚੋਣ ਵਿਚ ਭਾਰੀ ਕਾਮਯਾਬੀ ਮਿਲੀ, ਭਾਜਪਾ ਦੀ ਪਹਿਲੀ ਪੂਰਨ ਬਹੁਮਤ ਸਰਕਾਰ ਬਣੀ, ਪਰ ਅਡਵਾਨੀ ਉਦੋਂ ਵੀ ਮੋਦੀ ਨਾਲ ਖੜ੍ਹੇ ਹੋਣ ਲਈ ਤਿਆਰ ਨਾ ਹੋਏ। ਅਡਵਾਨੀ ਸ਼ਾਇਦ ਉਸ ਵਕਤ ਤਕ ਵੀ ਜਨਤਾ ਦੇ ਮੂਡ ਅਤੇ ਸਮਰਥਨ ਨੂੰ ਹਜਮ ਨਹੀਂ ਕਰ ਸਕੇ ਸਨ। ਉਸ ਵਕਤ ਅਡਵਾਨੀ ਆਪਣੇ ਚੇਲੇ ਦੀ ਜਿੱਤ ਦੇ ਜਸ਼ਨ ਵਿਚ ਸ਼ਾਮਲ ਹੋ ਜਾਂਦੇ ਤਾਂ ਉਨ੍ਹਾਂ ਦਾ ਕੱਦ ਵਧਦਾ। ਸ਼ਾਇਦ ਇਸੇ ਨਾਰਾਜ਼ਗੀ ਨੂੰ ਮੋਦੀ ਭੁੱਲ ਨਹੀਂ ਸਕੇ ਤੇ ਅਡਵਾਨੀ ਦੀ ਰਾਏਸੀਨਾ ਹਿਲ ਦੀ ਯਾਤਰਾ ਅਧੂਰੀ ਰਹਿ ਗਈ ਭਾਵ ਅਡਵਾਨੀ ਰਾਸ਼ਟਰਪਤੀ ਨਹੀਂ ਬਣ ਸਕੇ। ਪ੍ਰਧਾਨ ਮੰਤਰੀ ਦੀ ਉਡੀਕ ਤੋਂ ਬਾਅਦ ਰਾਸ਼ਟਰਪਤੀ ਨਾ ਬਣਨ ਦਾ ਸੁਪਨਾ ਅਧੂਰਾ ਰਹਿ ਗਿਆ। ਭਾਜਪਾ ਸਮੇਤ ਜ਼ਿਆਦਾਤਰ ਸਿਆਸੀ ਪਾਰਟੀਆਂ ਵਿਚ ਜ਼ਿਆਦਾਤਰ ਲੋਕ ਅੱਜ ਵੀ ਮੰਨਦੇ ਹਨ ਕਿ ਅਡਵਾਨੀ ਤੋਂ ਬਿਹਤਰ ਕੋਈ ਉਮੀਦਵਾਰ ਨਹੀਂ ਹੋ ਸਕਦਾ। ਭਾਜਪਾ ਲਈ ਇਸ ਨਾਲੋਂ ਵੱਡਾ ਮੌਕਾ ਨਹੀਂ ਹੋ ਸਕਦਾ ਸੀ, ਜਦੋਂ ਉਹ ਆਪਣੇ ਸਟੇਟਸਮੈਨ ਨੂੰ ਰਾਸ਼ਟਰਪਤੀ ਬਣਾ ਦਿੰਦੀ। ਨਿਤਿਸ਼ ਕੁਮਾਰ ਤੇ ਮਮਤਾ ਬੈਨਰਜੀ ਵਰਗੇ ਵਿਰੋਧੀ ਪਾਰਟੀ ਦੇ ਨੇਤਾ ਵੀ ਸ਼ਾਇਦ ਉਨ੍ਹਾਂ ਦੇ ਨਾਲ ਆ ਜਾਂਦੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਪਣਾ ਦਿਲ ਵੱਡਾ ਰੱਖ ਕੇ ਅਡਵਾਨੀ ਨੂੰ ਰਾਸ਼ਟਰਪਤੀ ਬਣਾਉਣਾ ਚਾਹੀਦਾ ਸੀ, ਇਸ ਨਾਲ ਉਨ੍ਹਾਂ ਦੀ ਸ਼ਾਖ਼ ਹੋਰ ਵਧਦੀ।

**ਅਡਵਾਨੀ ਦਾ ਯੋਗਦਾਨ :**

ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਜਨਸੰਘ ਤੋਂ ਲੈ

**ਬਾਕੀ ਸਫ਼ਾ 32 'ਤੇ**

# ਪਾਦਰੀ ਦੇ ਕਤਲ ਵਿਰੁਧ ਮਸੀਹ ਭਾਈਚਾਰੇ 'ਚ ਭਾਰੀ ਰੋਹ

## ਮੁਜ਼ਾਹਰਾਕਾਰੀਆਂ ਨੇ ਲੁਧਿਆਣਾ 'ਚ ਆਮ ਜੀਵਨ ਕੀਤਾ ਠੱਪ

**ਲੁਧਿਆਣਾ/ਬਿਊਰੋ ਨਿਊਜ਼:**
ਸਥਾਨਕ ਸਲੇਮ ਟਾਬਰੀ ਦੇ ਪੀਰੂਬੰਦਾ ਇਲਾਕੇ ਵਿੱਚ ਪਾਦਰੀ ਸੁਲਤਾਨ ਮਸੀਹ ਦੀ ਹੱਤਿਆ ਤੋਂ ਬਾਅਦ ਗੁੱਸੇ ਵਿੱਚ ਆਏ ਮਸੀਹ ਭਾਈਚਾਰੇ ਨੇ ਕੌਮੀ ਮਾਰਗ ਨੰਬਰ ਇਕ ਉਤੇ ਜਲੰਧਰ ਬਾਈਪਾਸ ਉਪਰ ਜਾਮ ਲਾ ਦਿੱਤਾ। ਇਸ ਕਾਰਨ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।

ਪਾਦਰੀ ਸੁਲਤਾਨ ਮਸੀਹ ਦਾ ਗਿਰਜਾਘਰ ਦੇ ਨਾਲ ਹੀ ਘਰ ਹੈ। ਸ਼ਨਿੱਚਰਵਾਰ ਰਾਤੀਂ ਕਰੀਬ ਪੌਣੇ ਨੌਂ ਵਜੇ ਉਹ ਫੋਨ ਸੁਣਦੇ ਹੋਏ ਘਰ ਤੋਂ ਬਾਹਰ ਆ ਗਏ। ਇਸ ਦੌਰਾਨ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਨੇ ਉਨ੍ਹਾਂ ਨੂੰ ਤਿੰਨ ਗੋਲੀਆਂ ਮਾਰ ਦਿੱਤੀਆਂ, ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਗੁੱਸੇ ਵਿੱਚ ਆਏ ਮਸੀਹ ਭਾਈਚਾਰੇ ਨੇ ਅੱਜ ਜਲੰਧਰ ਬਾਈਪਾਸ 'ਤੇ ਕੌਮੀ ਮਾਰਗ ਜਾਮ ਕਰ ਦਿੱਤਾ, ਜਿਸ ਕਾਰਨ ਵਾਹਨਾਂ ਦੀਆਂ ਕਤਾਰਾਂ ਲੱਗ ਗਈਆਂ। ਪ੍ਰਦਰਸ਼ਨਕਾਰੀਆਂ ਨੇ ਕਿਸੇ ਵੀ ਵਾਹਨ ਨੂੰ ਨਹੀਂ ਲੰਘਣ ਦਿੱਤਾ। ਪੁਲੀਸ ਨੇ ਥਾਣਾ ਬਸਤੀ ਜੋਧੇਵਾਲ ਕੋਲ ਤੇ ਹੋਟਲ ਅਮਲਤਾਸ ਕੋਲ ਬੈਰੀਕੇਡ ਲਾ ਕੇ ਟਰੈਫਿਕ ਰੋਕ ਦਿੱਤਾ ਤਾਂ ਕਿ ਕਿਸੇ ਵੀ ਵਾਹਨ ਚਾਲਕ ਨੂੰ ਨੁਕਸਾਨ ਨਾ ਹੋਵੇ। ਪ੍ਰਦਰਸ਼ਨ ਕਾਰਨ ਸਾਰੇ ਸ਼ਹਿਰ ਵਿੱਚ ਟਰੈਫਿਕ ਵਿਵਸਥਾ ਗੜਬੜਾ ਗਈ। ਇਸ ਦੌਰਾਨ ਪ੍ਰਦਰਸ਼ਨਕਾਰੀ ਕੌਮੀ ਮਾਰਗ ਨਾਲ ਸਰਵਿਸ ਲੇਨ 'ਤੇ ਵੀ ਇਕੱਠੇ ਹੋ ਗਏ ਸਨ। ਉਹ ਕਿਸੇ ਵੀ ਵਾਹਨ ਨੂੰ ਨਹੀਂ ਲੰਘਣ ਦੇ ਰਹੇ ਸਨ।

ਜਦੋਂ ਇਕ ਪੁਲੀਸ ਅਧਿਕਾਰੀ ਨੇ ਪ੍ਰਦਰਸ਼ਨਕਾਰੀਆਂ ਨਾਲ ਗੱਲਬਾਤ ਕਰਨੀ ਚਾਹੀ ਤਾਂ ਉਨ੍ਹਾਂ ਵਿਚਾਲੇ ਤਿੱਖੀ ਬਹਿਸ ਹੋ ਗਈ। ਮੌਕੇ ਉਤੇ ਮੌਜੂਦ ਹੋਰ ਪੁਲੀਸ ਮੁਲਾਜ਼ਮਾਂ ਨੇ ਪ੍ਰਦਰਸ਼ਨਕਾਰੀਆਂ ਨੂੰ ਸਮਝਾਇਆ ਤੇ ਆਪਣੇ ਅਧਿਕਾਰੀਆਂ ਨੂੰ ਉਥੋਂ ਲੈ ਗਏ। ਪ੍ਰਦਰਸ਼ਨ ਦੀ ਸੂਚਨਾ ਮਿਲਦੇ ਹੀ ਕਾਂਗਰਸੀ ਵਿਧਾਇਕ ਸੁਰਿੰਦਰ ਡਾਬਰ, ਭਾਰਤ ਭੂਸ਼ਣ ਆਸ਼ੂ, ਸੰਜੇ ਤਲਵਾੜ, ਕੁਲਦੀਪ ਸਿੰਘ ਵੈਦ, ਭੁਪਿੰਦਰ ਸਿੱਧੂ ਤੇ ਜ਼ਿਲ੍ਹਾ ਕਾਂਗਰਸ ਪ੍ਰਧਾਨ ਗੁਰਪ੍ਰੀਤ ਗੋਗੀ ਮੌਕੇ ਉਤੇ ਪੁੱਜੇ। ਇਸ ਦੌਰਾਨ ਪੁਲੀਸ ਕਮਿਸ਼ਨਰ ਆਰ.ਐਨ. ਢੋਕੇ ਹੋਰ ਪੁਲੀਸ ਅਧਿਕਾਰੀਆਂ ਨਾਲ ਜਲੰਧਰ ਬਾਈਪਾਸ ਪੁੱਜੇ। ਇਸ ਮਗਰੋਂ ਵਿਧਾਇਕਾਂ ਤੇ ਪੁਲੀਸ ਕਮਿਸ਼ਨਰ ਨੇ ਮਸੀਹ ਭਾਈਚਾਰੇ ਦੇ ਵਫ਼ਦ ਨਾਲ ਮੀਟਿੰਗ ਕੀਤੀ। ਮੀਟਿੰਗ ਵਿੱਚ ਪੁਲੀਸ ਕਮਿਸ਼ਨਰ ਨੇ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ। ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਜਲਦੀ ਕਾਤਲਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਇਸ ਤੋਂ ਬਾਅਦ ਧਰਨਾ ਸਮਾਪਤ ਹੋਇਆ। ਦੂਜੇ ਪਾਸੇ ਪਾਦਰੀ ਸੁਲਤਾਨ ਮਸੀਹ ਦੇ ਭਰਾ ਰਾਜੂ ਮਸੀਹ ਤੇ ਕ੍ਰਿਸ਼ਚਨ ਯੂਨਾਈਟਿਡ ਫੈਡਰੇਸ਼ਨ ਦੇ ਪ੍ਰਧਾਨ ਐਲਬਰਟ ਦੂਆ ਨੇ ਕਿਹਾ ਕਿ ਜਦੋਂ ਤੱਕ ਪੁਲੀਸ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਨਹੀਂ ਕਰਦੀ, ਉਦੋਂ ਤੱਕ ਲਾਸ਼ ਨੂੰ ਦਫ਼ਨਾਇਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ 11 ਮੈਂਬਰੀ ਕਮੇਟੀ ਬਣਾਈ ਜਾ ਰਹੀ ਹੈ, ਜੋ ਸੰਘਰਸ਼ ਬਾਰੇ ਫੈਸਲਾ ਲਵੇਗੀ।

ਪੁਲੀਸ ਕਮਿਸ਼ਨਰ ਆਰ.ਐਨ. ਢੋਕੇ ਨੇ ਮਾਮਲੇ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਕਾਇਮ ਕਰ ਦਿੱਤੀ ਹੈ। ਇਹ ਟੀਮ ਡਿਪਟੀ ਕਮਿਸ਼ਨਰ ਆਫ਼ ਪੁਲੀਸ ਕਰਾਈਮ ਗਗਨਅਜੀਤ ਸਿੰਘ ਦੀ ਅਗਵਾਈ ਵਿੱਚ ਬਣਾਈ ਗਈ ਹੈ। ਇਸ ਵਿੱਚ ਏਡੀਸੀਪੀ 1, ਏਸੀਪੀ ਜਾਂਚ ਤੇ ਥਾਣਾ ਸਲੇਮ ਟਾਬਰੀ ਦੇ ਮੁੱਖ ਅਫ਼ਸਰ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਦੌਰਾਨ ਸੂਬਾ ਸਰਕਾਰ ਨੇ ਪੀੜਤ ਪਰਿਵਾਰ ਨੂੰ ਪੰਜ ਲੱਖ ਰੁਪਏ ਦੀ ਮਾਲੀ ਸਹਾਇਤਾ ਤੇ ਸਰਕਾਰੀ ਨੌਕਰੀ ਦੇਣ ਦਾ ਐਲਾਨ ਕੀਤਾ ਹੈ।



### ਪਾਦਰੀ ਸੁਲਤਾਨ ਮਸੀਹ ਦਾ ਅੰਤਮ ਸੰਸਕਾਰ

ਲੁਧਿਆਣਾ : ਪਾਦਰੀ ਸੁਲਤਾਨ ਮਸੀਹ ਦੀ ਦੇਹ ਭਾਰੀ ਪੁਲੀਸ ਸੁਰੱਖਿਆ ਬੰਦੋਬਸਤ ਹੇਠ ਸਿਵਲ ਲਾਈਨ ਸਥਿਤ ਮਸੀਹੀ ਕਬਰਿਸਤਾਨ ਵਿੱਚ ਦਫ਼ਨਾਈ ਗਈ। ਮੌਕੇ ਉਤੇ ਪੁਲੀਸ ਕਮਿਸ਼ਨਰ ਆਰ.ਐਨ. ਢੋਕੇ ਤੋਂ ਇਲਾਵਾ ਉੱਚ ਅਧਿਕਾਰੀ ਮੌਜੂਦ ਰਹੇ। ਇਸ ਤੋਂ ਪਹਿਲਾਂ ਡੀਐਮਸੀ ਹਸਪਤਾਲ ਵਿੱਚ ਹੀ ਦੇਹ ਦਾ ਪੋਸਟਮਾਰਟਮ ਕੀਤਾ ਗਿਆ। ਪੋਸਟਮਾਰਟਮ ਤੋਂ ਬਾਅਦ ਪੁਲੀਸ ਨੇ ਦੇਹ ਵਾਰਸਾਂ ਹਵਾਲੇ ਕਰ ਦਿੱਤੀ। ਉਸ ਤੋਂ ਬਾਅਦ ਭਾਰੀ ਸੁਰੱਖਿਆ ਵਿੱਚ ਲਾਸ਼ ਨੂੰ ਡੀਐਮਸੀ ਹਸਪਤਾਲ ਤੋਂ ਮਸੀਹੀ ਸ਼ਮਸ਼ਾਨਘਾਟ ਲਿਜਾਇਆ ਗਿਆ, ਜਿੱਥੇ ਰਾਜਸੀ, ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਦੇ ਆਗੂਆਂ ਨੇ ਪਾਦਰੀ ਨੂੰ ਸ਼ਰਧਾਂਜਲੀ ਦਿੱਤੀ। ਪੁਲੀਸ ਵੱਲੋਂ ਸ਼ਮਸ਼ਾਨਘਾਟ ਨੂੰ ਜਾਣ ਵਾਲੇ ਸਾਰੇ ਰਸਤੇ ਕਾਫ਼ੀ ਦੂਰ ਤੋਂ ਹੀ ਬੰਦ ਕਰ ਦਿੱਤੇ ਗਏ ਸਨ। ਕਿਸੇ ਵੀ ਵਾਹਨ ਨੂੰ ਉਧਰ ਨਹੀਂ ਜਾਣ ਦਿੱਤਾ ਗਿਆ, ਜਿਸ ਕਾਰਨ ਲੋਕਾਂ ਨੂੰ ਪ੍ਰੇਸ਼ਾਨੀ ਹੋਈ। ਸ਼ਨਿੱਚਰਵਾਰ ਦੀ ਰਾਤ ਨੂੰ ਵਾਰਦਾਤ ਹੋਣ ਤੋਂ ਬਾਅਦ ਐਤਵਾਰ ਨੂੰ ਮਸੀਹੀ ਭਾਈਚਾਰੇ ਦੇ ਲੋਕਾਂ ਨੇ ਧਰਨੇ ਪ੍ਰਦਰਸ਼ਨ ਕੀਤੇ। ਪਹਿਲਾਂ ਤਾਂ ਪ੍ਰਦਰਸ਼ਨਕਾਰੀ ਪੋਸਟਮਾਰਟਮ ਲਈ ਨਹੀਂ ਮੰਨ ਰਹੇ ਸਨ। ਪੁਲੀਸ ਨੇ ਕਾਫ਼ੀ ਮੁਸ਼ਕਲ ਨਾਲ ਉਨ੍ਹਾਂ ਨੂੰ ਪੋਸਟਮਾਰਟਮ ਲਈ ਮਨਾਇਆ। ਸੋਮਵਾਰ ਨੂੰ ਸਵੇਰੇ ਤਿੰਨ ਡਾਕਟਰਾਂ ਦੇ ਬੋਰਡ ਨੇ ਪੋਸਟਮਾਰਟਮ ਕੀਤਾ। ਪਹਿਲਾਂ ਲਾਸ਼ ਸਿਵਲ ਹਸਪਤਾਲ ਵਿੱਚ ਲਿਆ ਕੇ ਪੋਸਟਮਾਰਟਮ ਕਰਨ ਦੀ ਗੱਲ ਚੱਲੀ ਪਰ ਮਾਹੌਲ ਨੂੰ ਦੇਖਦੇ ਹੋਏ ਪੁਲੀਸ ਨੇ ਡੀਐਮਸੀ ਹਸਪਤਾਲ ਵਿੱਚ ਹੀ ਪੋਸਟਮਾਰਟਮ ਕਰਾਉਣ 'ਤੇ ਸਹਿਮਤੀ ਪ੍ਰਗਟਾਈ। ਇਸ ਤੋਂ ਬਾਅਦ ਸਿਵਲ ਹਸਪਤਾਲ ਵਿੱਚੋਂ ਡਾ. ਰਿਪੁਦਮਨ, ਡਾ. ਵਰੁਣ ਸੱਗੜ ਤੇ ਡਾ. ਭਾਰਤੀ ਤੋਂ ਇਲਾਵਾ ਫੋਰੈਂਸਿਕ ਲੈਬ ਤੋਂ ਗੁਰਵਿੰਦਰ ਨੂੰ ਡੀਐਮਸੀ ਹਸਪਤਾਲ ਲਿਆਂਦਾ ਗਿਆ। ਜਿੱਥੇ ਪਾਦਰੀ ਸੁਲਤਾਨ ਮਸੀਹ ਦਾ ਪੋਸਟਮਾਰਟਮ ਕੀਤਾ ਗਿਆ। ਪੋਸਟਮਾਰਟਮ ਦੌਰਾਨ ਪਤਾ ਲੱਗਿਆ ਕਿ ਮੁਲਜ਼ਮਾਂ ਨੇ ਪਾਦਰੀ 'ਤੇ ਤਿੰਨ ਗੋਲੀਆਂ ਚਲਾਈਆਂ, ਜਿਨ੍ਹਾਂ ਵਿੱਚੋਂ ਦੋ ਗੋਲੀਆਂ ਆਰ-ਪਾਰ ਲੰਘ ਗਈਆਂ ਤੇ ਇਕ ਗੋਲੀ ਉਨ੍ਹਾਂ ਨੂੰ ਛੂਹ ਕੇ ਨਿਕਲੀ।

ਦੱਸਣਯੋਗ ਹੈ ਕਿ ਪਾਦਰੀ ਸੁਲਤਾਨ ਮਸੀਹ ਦਾ 15 ਜੁਲਾਈ ਰਾਤ ਨੂੰ ਪੀਰੂਬੰਦਾ ਸਥਿਤ ਚਰਚ ਟੈਂਪਲ ਆਫ਼ ਗੌਡ ਦੇ ਬਾਹਰ ਖੜ੍ਹੇ ਦੋ ਅਣਪਛਾਤੇ ਮੋਟਰਸਾਈਕਲ ਸਵਾਰਾਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਪਾਦਰੀ ਉਦੋਂ ਆਪਣੇ ਘਰ ਜਾਂਦੇ ਸਮੇਂ ਉਥੇ ਖੜ੍ਹੇ ਹੋ ਕੇ ਫੋਨ ਸੁਣ ਰਹੇ ਸਨ। ਇਸ ਸਬੰਧੀ ਸੀਸੀਟੀਵੀ ਫੁਟੇਜ ਵੀ ਮਿਲੀ ਹੈ, ਜਿਸ ਵਿੱਚ ਸਾਫ਼ ਨਜ਼ਰ ਆ ਰਿਹਾ ਹੈ ਕਿ ਉਨ੍ਹਾਂ ਨੂੰ ਬਿਲਕੁੱਲ ਨੇੜਿਓਂ ਗੋਲੀਆਂ ਮਾਰੀਆਂ ਗਈਆਂ।

# ਪਾਦਰੀ ਕਤਲ ਮਾਮਲੇ ਦੀਆਂ ਤਾਰਾਂ ਯੂਰਪ ਨਾਲ ਜੁੜੀਆਂ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਪੁਲੀਸ ਨੂੰ ਲੁਧਿਆਣਾ ਵਿੱਚ ਪਾਦਰੀ ਸੁਲਤਾਨ ਮਸੀਹ ਦੇ ਕਤਲ ਦੀਆਂ ਤਾਰਾਂ ਯੂਰਪੀ ਮੁਲਕ ਨਾਲ ਜੁੜੀਆਂ ਹੋਣ ਦਾ ਸ਼ੱਕ ਹੈ। ਭਰੋਸੇਯੋਗ ਪੁਲੀਸ ਸੂਤਰਾਂ ਦਾ ਦੱਸਣਾ ਹੈ ਕਿ ਪੰਜਾਬ ਵਿਚ ਵਾਪਰ ਰਹੀਆਂ ਅਤਿਵਾਦ ਦੀਆਂ ਘਟਨਾਵਾਂ ਨੂੰ ਬੈਲਜੀਅਮ ਬੈਠੇ ਗਰੁੱਪ ਵੱਲੋਂ ਸੋਸ਼ਲ ਮੀਡੀਆ ਦੀ ਨਵੀਂ ਤਕਨੀਕ (ਵਟਸ ਐਪ) ਨਾਲ ਅੰਜਾਮ ਦੇਣ ਦੇ ਤੱਥ ਪੁਲੀਸ ਹੱਥ ਤਾਂ ਆ ਚੁੱਕੇ ਹਨ, ਪਰ ਪੁਲੀਸ ਇਨ੍ਹਾਂ ਘਟਨਾਵਾਂ ਨਾਲ ਸਬੰਧਤ ਮੁਲਜ਼ਮਾਂ ਨੂੰ ਹੱਥ ਪਾਉਣ ਵਿਚ ਲਗਾਤਾਰ ਨਾਕਾਮ ਰਹੀ ਹੈ। ਇੱਕ ਪੁਲੀਸ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਦਿਆਂ ਦੱਸਿਆ ਕਿ ਵਿਦੇਸ਼ ਬੈਠੇ ਵਿਅਕਤੀਆਂ ਵੱਲੋਂ ਪੰਜਾਬ ਵਿਚ ਕਤਲ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲੇ ਵਿਅਕਤੀਆਂ ਨਾਲ 'ਵਟਸ ਐਪ ਕਾਲ' ਜ਼ਰੀਏ ਹੀ ਸੰਪਰਕ ਸਾਧਿਆ ਜਾਂਦਾ ਹੈ। ਵਟਸ ਐਪ ਕਾਲਾਂ ਨੂੰ ਟੈਪ ਕਰਨ ਦਾ ਪੁਲੀਸ ਕੋਲ ਕੋਈ ਜੁਗਾੜ ਨਹੀਂ ਹੈ। ਇਸੇ ਲਈ ਇਨ੍ਹਾਂ ਘਟਨਾਵਾਂ ਦਾ ਭੇਤ ਬਰਕਰਾਰ ਹੈ। ਇਨ੍ਹਾਂ ਮਾਮਲਿਆਂ ਦੀ ਤਫ਼ਤੀਸ਼ ਨਾਲ ਜੁੜੇ ਪੁਲੀਸ ਅਧਿਕਾਰੀਆਂ ਦਾ ਦੱਸਣਾ ਹੈ ਕਿ ਤਕਰੀਬਨ ਸਾਰੀਆਂ ਹੀ ਘਟਨਾਵਾਂ ਸ਼ਾਮੀਂ 6 ਤੋਂ 9 ਵਜੇ ਦੇ ਦਰਮਿਆਨ ਵਾਪਰੀਆਂ ਹਨ ਅਤੇ ਮੋਟਰਸਾਈਕਲ ਸਵਾਰ ਜਿਨ੍ਹਾਂ ਮੂੰਹ ਢਕੇ ਹੋਏ ਸਨ, ਵੱਲੋਂ ਹੀ ਇਨ੍ਹਾਂ ਘਟਨਾਵਾਂ ਨੂੰ ਨੇਪਰੇ ਚਾੜ੍ਹਿਆ ਗਿਆ ਸੀ। ਜ਼ਿਆਦਾਤਰ ਘਟਨਾਵਾਂ ਸ਼ਨਿੱਚਰਵਾਰ ਨੂੰ ਹੀ ਵਾਪਰੀਆਂ ਅਤੇ ਨਾਕਾਬਪੋਸ਼ਾਂ ਨੇ 32 ਬੋਰ ਦੇ ਰਿਵਾਲਵਰ ਨਾਲ ਪਾਦਰੀ ਨੂੰ ਇਸੇ ਦਿਨ ਮੌਤ ਦੇ ਘਾਟ ਉਤਾਰ ਦਿੱਤਾ।

ਪੰਜਾਬ ਵਿੱਚ ਵਿਅਕਤੀ ਵਿਸ਼ੇਸ਼ ਦੇ ਕਤਲਾਂ ਦੀਆਂ ਵਾਪਰੀਆਂ ਘਟਨਾਵਾਂ ਦੇ ਤਾਰ ਇੱਕ ਦੂਜੇ ਨਾਲ ਜੁੜਦੇ ਹੋਣ ਕਾਰਨ ਪੁਲੀਸ ਵੱਲੋਂ ਇਨ੍ਹਾਂ ਹੱਤਿਆਵਾਂ ਪਿੱਛੇ ਇਕ ਗਰੋਹ ਦਾ ਹੱਥ ਹੋਣ ਦੀ ਗੱਲ ਤਾਂ ਕਹੀ ਜਾ ਰਹੀ ਹੈ, ਪਰ ਪੁਲੀਸ ਕਿਸੇ ਵੀ ਕੇਸ ਵਿਚ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਦੇ ਗਠਨ ਤੋਂ ਅੱਗੇ ਨਹੀਂ ਵਧ ਸਕੀ। ਪੰਜਾਬ ਸਰਕਾਰ ਨੇ ਨਮੋਸ਼ੀ ਮੰਨਦਿਆਂ ਆਰਐਸਐਸ ਦੀ ਪੰਜਾਬ ਇਕਾਈ ਦੇ ਮੁਖੀ ਬ੍ਰਿਗੇਡੀਅਰ (ਸੇਵਾ ਮੁਕਤ) ਜਗਦੀਸ਼ ਸਿੰਘ ਗਗਨੇਜਾ ਦੇ ਮਾਮਲੇ ਦੀ ਜਾਂਚ ਤਾਂ ਸੀਬੀਆਈ ਨੂੰ ਸੌਂਪ ਦਿੱਤੀ ਸੀ ਜਦੋਂ ਕਿ ਬਾਕੀ ਘਟਨਾਵਾਂ ਜਿਵੇਂ ਕਿ ਦੁਰਗਾ ਦਾਸ ਗੁਪਤਾ, ਅਮਿਤ ਸ਼ਰਮਾ ਤੇ ਜਗੇੜਾ ਪੁਲ 'ਤੇ ਡੇਰਾ ਸ਼ਰਧਾਲੂਆਂ ਦੀਆਂ ਹੱਤਿਆਵਾਂ ਅਤੇ ਲੁਧਿਆਣਾ ਵਿੱਚ ਆਰਐਸਐਸ ਸ਼ਾਖਾ ਦੇ ਦਫ਼ਤਰ 'ਤੇ ਹਮਲੇ ਦੀ ਜਾਂਚ ਪੰਜਾਬ ਪੁਲੀਸ ਕਰ ਰਹੀ ਹੈ। ਪੁਲੀਸ ਅਧਿਕਾਰੀਆਂ ਮੁਤਾਬਕ ਚੰਡੀਗੜ੍ਹ ਤੇ ਗਾਂਧੀਨਗਰ ਦੀਆਂ ਫੌਰੈਂਸਿਕ ਲੈਬਾਰਟਰੀਆਂ ਮੁਤਾਬਕ ਉਪਰੋਕਤ ਹੱਤਿਆਵਾਂ ਤੇ ਹਮਲੇ ਲਈ ਇੱਕੋ ਹਥਿਆਰ ਦੀ ਵਰਤੋਂ ਕੀਤੀ ਗਈ। ਸੀਬੀਆਈ ਤੇ ਪੰਜਾਬ ਪੁਲੀਸ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਪੰਜਾਬ ਵਿਚ ਵਾਪਰ ਰਹੀਆਂ ਘਟਨਾਵਾਂ ਅਤਿਵਾਦੀ ਜਥੇਬੰਦੀ ਵੱਲੋਂ ਯੂਰਪ ਦੇ ਕਿਸੇ ਮੁਲਕ ਵਿਚ ਬੈਠ ਕੇ ਘੜੀ ਗਈ ਸਾਜ਼ਿਸ਼ ਦਾ ਹੀ ਹਿੱਸਾ ਹਨ। ਪੰਜਾਬ ਵਿੱਚ ਇਨ੍ਹਾਂ ਸਾਜ਼ਿਸ਼ਾਂ ਨੂੰ ਕੌਣ ਅੰਜਾਮ ਦੇ ਰਿਹਾ ਹੈ, ਇਸ ਬਾਰੇ ਕੋਈ ਸੁਰਾਗ ਨਹੀਂ ਲੱਗ ਰਿਹਾ। ਦੋਹਾਂ ਏਜੰਸੀਆਂ ਦਾ ਇਸ ਹੱਦ ਤੱਕ ਲਾਚਾਰ ਹੋ ਜਾਣਾ ਸੂਬੇ ਦੀ ਕਾਨੂੰਨ ਵਿਵਸਥਾ ਲਈ ਵੱਡੀ ਚੁਣੌਤੀ ਹੈ। ਪੰਜਾਬ ਪੁਲੀਸ ਦਾ ਖੁਫੀਆ ਤੰਤਰ ਪੂਰੀ ਤਰ੍ਹਾਂ ਤਹਿਸ ਨਹਿਸ ਹੋ ਗਿਆ ਹੈ। ਪੰਜਾਬ ਵਿੱਚ ਵਾਪਰੀਆਂ ਵੱਡੀਆਂ ਹਿੰਸਕ ਘਟਨਾਵਾਂ ਦਾ ਸੁਰਾਗ ਨਾ ਲੱਗਣ ਕਾਰਨ ਸੀਬੀਆਈ ਅਤੇ ਸੂਬਾਈ ਪੁਲੀਸ ਅਧਿਕਾਰੀਆਂ ਦੀਆਂ ਪ੍ਰੇਸ਼ਾਨੀਆਂ ਵਧਦੀਆਂ ਜਾ ਰਹੀਆਂ ਹਨ।

ਮੁੱਖ ਮੰਤਰੀ ਦਫ਼ਤਰ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੰਜਾਬ ਪੁਲੀਸ ਦੇ ਮੁਖੀ ਸੁਰੇਸ਼ ਅਰੋੜਾ, ਐਸਟੀਐਫ ਦੇ ਮੁਖੀ ਹਰਪ੍ਰੀਤ ਸਿੰਘ ਸਿੱਧੂ ਅਤੇ ਵਧੀਕ ਡੀਜੀਪੀ ਕਾਨੂੰਨ ਵਿਵਸਥਾ ਰੋਹਿਤ ਚੌਧਰੀ ਤਿੰਨੇ ਹੀ ਜ਼ਿਲ੍ਹਿਆਂ ਦਾ ਦੌਰਾ ਕਰਕੇ ਜ਼ਿਲ੍ਹਾ ਪੁਲੀਸ ਮੁਖੀਆਂ ਨਾਲ ਮੀਟਿੰਗਾਂ ਕਰ ਰਹੇ ਹਨ, ਪਰ ਕਾਨੂੰਨ ਵਿਵਸਥਾ ਲੀਹੋਂ ਲਹਿਣ ਕਾਰਨ ਸਰਕਾਰ ਲਈ ਵਿਸ਼ੇਸ਼ ਵਿਅਕਤੀਆਂ ਨੂੰ ਨਿਸ਼ਾਨਾ ਬਣਾ ਕੇ ਕਤਲ ਕੀਤੇ ਜਾਣ ਦੀਆਂ ਘਟਨਾਵਾਂ ਚੁਣੌਤੀ ਬਣਦੀਆਂ ਜਾ ਰਹੀਆਂ ਹਨ।

# ਪੁਲੀਸ ਮੁਖੀ ਫਿਰਕੂ ਤੱਤਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ: ਕੈਪਟਨ

**ਚੰਡੀਗੜ੍ਹ/ਬਿਊਰੋ ਨਿਊਜ਼,** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਾਦਰੀ ਦੀ ਹੱਤਿਆ ਦੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਪੁਲੀਸ ਮੁਖੀ ਸੁਰੇਸ਼ ਅਰੋੜਾ ਨੂੰ ਨਿਰਦੇਸ਼ ਦਿੱਤਾ ਕਿ ਫਿਰਕੂ ਤੱਤਾਂ ਵਿਰੁੱਧ ਸਖ਼ਤ ਕਾਰਵਾਈ ਕਰਨ। ਮੁੱਖ ਮੰਤਰੀ ਨੇ ਪੁਲੀਸ ਅਤੇ ਖੁਫ਼ੀਆ ਏਜੰਸੀਆਂ ਵਿੱਚ ਆਪਸੀ ਤਾਲਮੇਲ ਯਕੀਨੀ ਬਣਾਉਣ ਵਾਸਤੇ ਵੀ ਕਿਹਾ ਤਾਂ ਜੋ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਅਗਾਊਂ ਕਦਮ ਚੁੱਕੇ ਜਾ ਸਕਣ। ਉਨ੍ਹਾਂ ਕਿਹਾ ਕਿ ਸੂਬੇ ਦਾ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਨੂੰ ਕਿਸੇ ਵੀ ਕੀਮਤ 'ਤੇ ਸਹਿਣ ਨਹੀਂ ਕੀਤਾ ਜਾਵੇਗਾ। ਉਨ੍ਹਾਂ ਡਿਊਟੀ ਵਿੱਚ ਅਣਗਹਿਲੀ ਵਰਤਣ ਵਾਲੇ ਪੁਲੀਸ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਦੀ ਚੇਤਾਵਨੀ ਦਿੱਤੀ। ਪਾਦਰੀ ਸੁਲਤਾਨ ਮਸੀਹ ਦੀ ਹੱਤਿਆ ਦੀ ਨਿਖੇਧੀ ਕਰਦਿਆਂ ਉਨ੍ਹਾਂ ਫੀਲਡ ਅਧਿਕਾਰੀਆਂ ਨੂੰ ਮਸੀਹ ਭਾਈਚਾਰੇ ਦੇ ਸਥਾਨਕ ਆਗੂਆਂ ਨਾਲ ਤਾਲਮੇਲ ਬਣਾਉਣ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਦੂਰ ਕਰਨ ਲਈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਜਨਵਰੀ 2016 ਤੋਂ ਪੰਜਾਬ ਵਿੱਚ ਮਿੱਥ ਕੇ ਕੀਤੀਆਂ ਹੱਤਿਆਵਾਂ ਦੀ ਸੀਬੀਆਈ ਜਾਂਚ ਵਿੱਚ ਤੇਜ਼ੀ ਲਿਆਉਣ ਦਾ ਮਾਮਲਾ ਪਹਿਲਾਂ ਹੀ ਪ੍ਰਧਾਨ ਮੰਤਰੀ ਕੋਲ ਉਠਾਇਆ ਹੈ।



# 'ਆਪ' ਦੇ ਇਤਰਾਜ਼ ਨਜ਼ਰਅੰਦਾਜ਼, ਵਿਰੋਧੀ ਧਿਰ ਦੇ ਆਗੂ ਬਿਨਾਂ ਹੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੁਖੀ ਦੀ ਚੋਣ

**ਚੰਡੀਗੜ੍ਹ/ਬਿਊਰੋ ਨਿਊਜ਼ :** ਵਿਧਾਨ ਸਭਾ ਵਿੱਚ ਵਿਰੋਧੀ ਦੇ ਆਗੂ ਐਚ.ਐਸ. ਫੂਲਕਾ ਵੱਲੋਂ ਅਸਤੀਫ਼ਾ ਦਿੱਤੇ ਜਾਣ ਤੋਂ ਬਾਅਦ ਪੰਜਾਬ ਸਰਕਾਰ ਨੇ 'ਫਟਾ-ਫਟ' ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਪਰਸਨ ਦੀ ਚੋਣ ਕਰ ਲਈ ਹੈ। ਸਰਕਾਰ ਨੇ ਆਮ ਆਦਮੀ ਪਾਰਟੀ ਵੱਲੋਂ ਵਿਰੋਧੀ ਧਿਰ ਦਾ ਨਵਾਂ ਆਗੂ ਚੁਣੇ ਜਾਣ ਦੀ ਉਡੀਕ ਕਰਨੀ ਵੀ ਠੀਕ ਨਹੀਂ ਸਮਝੀ। ਸਰਕਾਰ ਦੇ ਇਸ ਕਦਮ ਦਾ 'ਆਪ' ਵੱਲੋਂ ਤਿੱਖਾ ਵਿਰੋਧ ਕੀਤਾ ਜਾ ਰਿਹਾ ਹੈ।

ਮਨੁੱਖੀ ਅਧਿਕਾਰਾਂ ਬਾਰੇ 1993 ਦੇ ਐਕਟ ਮੁਤਾਬਕ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਪਰਸਨ ਅਤੇ ਮੈਂਬਰਾਂ ਦੀ ਨਿਯੁਕਤੀ ਰਾਜਪਾਲ ਵੱਲੋਂ ਉਸ ਕਮੇਟੀ ਦੀਆਂ ਸਿਫਾਰਸ਼ਾਂ 'ਤੇ ਕੀਤੀ ਜਾਂਦੀ ਹੈ, ਜਿਸ ਵਿੱਚ ਮੁੱਖ ਮੰਤਰੀ ਬਤੌਰ ਚੇਅਰਮੈਨ, ਵਿਧਾਨ ਸਭਾ ਦਾ ਸਪੀਕਰ, ਗ੍ਰਹਿ ਮੰਤਰੀ (ਗ੍ਰਹਿ ਵਿਭਾਗ ਦੇ ਚਾਰਜ ਵਾਲਾ ਮੰਤਰੀ) ਅਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦਾ ਆਗੂ ਸ਼ਾਮਲ ਹੋਵੇ। ਸੂਤਰਾਂ ਦਾ ਕਹਿਣਾ ਹੈ ਕਿ 'ਆਪ' ਆਗੂ ਐਚ.ਐਸ. ਫੂਲਕਾ ਨੇ ਬੁੱਧਵਾਰ ਦੁਪਹਿਰ ਵੇਲੇ ਅਸਤੀਫ਼ਾ ਦਿੱਤਾ ਤੇ ਸ਼ਾਮ ਪੰਜ ਵਜੇ ਤੱਕ ਗ੍ਰਹਿ ਵਿਭਾਗ ਵੱਲੋਂ ਵਿਰੋਧੀ ਧਿਰ ਦੇ ਆਗੂ ਦੇ ਨਾਂ 'ਤੇ ਇਹ ਸੂਚਨਾ ਭੇਜ ਦਿੱਤੀ ਗਈ ਕਿ ਵੀਰਵਾਰ ਨੂੰ ਮੁੱਖ ਮੰਤਰੀ ਦੀ ਅਗਵਾਈ ਵਿੱਚ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਪਰਸਨ ਦੀ ਚੋਣ ਲਈ ਮੀਟਿੰਗ ਸੱਦੀ ਗਈ ਹੈ। ਵਿਰੋਧੀ ਧਿਰ ਦੇ ਆਗੂ ਨੂੰ ਇਸ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਕਿਹਾ ਗਿਆ। ਇਸ ਅਹੁਦੇ ਦੇ ਦਆਵੇਦਾਰ ਵੱਖ ਵੱਖ ਹਾਈ ਕੋਰਟਾਂ ਦੇ ਛੇ ਜੱਜਾਂ ਦਾ ਵੇਰਵਾ ਵੀ ਇਸ ਸੂਚਨਾ ਨਾਲ ਜਾਰੀ ਕੀਤਾ ਗਿਆ।

ਪ੍ਰਾਪਤ ਜਾਣਕਾਰੀ ਮੁਤਾਬਕ ਅਗਲੇ ਦਿਨ ਸੁਨਾਮ ਤੋਂ 'ਆਪ' ਦੇ ਵਿਧਾਇਕ ਅਮਨ ਅਰੋੜਾ ਨੇ ਗ੍ਰਹਿ ਵਿਭਾਗ ਨੂੰ ਚਿੱਠੀ ਘੱਲ ਕੇ ਬੇਨਤੀ ਕੀਤੀ ਕਿ ਸ੍ਰੀ ਫੂਲਕਾ ਦੇ ਅਸਤੀਫ਼ੇ ਤੋਂ ਬਾਅਦ ਹਾਲੇ ਤੀਕ ਵਿਰੋਧੀ ਧਿਰ ਦੇ ਆਗੂ ਦੀ ਚੋਣ ਨਹੀਂ ਕੀਤੀ ਗਈ, ਇਸ ਲਈ ਮੀਟਿੰਗ ਮੁਲਤਵੀ ਕੀਤੀ ਜਾਵੇ। ਸ੍ਰੀ ਅਰੋੜਾ ਨੇ ਕਿਹਾ ਕਿ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਪਰਸਨ ਦੀ ਨਿਯੁਕਤੀ ਸੂਬੇ ਲਈ ਅਹਿਮ ਹੈ ਤੇ ਇਹ ਵਿਰੋਧੀ ਧਿਰ ਦੇ ਆਗੂ ਦੀ ਗ਼ੈਰਹਾਜ਼ਰੀ ਵਿੱਚ ਨਹੀਂ ਹੋਣੀ ਚਾਹੀਦੀ। ਉਨ੍ਹਾਂ ਨੇ ਇਹ ਵੀ ਅਪੀਲ ਕੀਤੀ ਕਿ ਜੇ ਮੀਟਿੰਗ ਮੁਲਤਵੀ ਨਹੀਂ ਹੋ ਸਕਦੀ ਤਾਂ ਵਿਧਾਨ ਸਭਾ ਵਿੱਚ ਉਪ ਵਿਰੋਧੀ ਆਗੂ ਸਰਬਜੀਤ ਕੌਰ ਮਾਣੂਕੇ ਜਾਂ ਵਿਰੋਧੀ ਪਾਰਟੀ ਦੇ ਕਿਸੇ ਵਿਧਾਇਕ ਨੂੰ ਮੀਟਿੰਗ ਵਿੱਚ ਸ਼ਾਮਲ ਕੀਤਾ ਜਾਵੇ।

ਵਿਧਾਇਕਾ ਸਰਬਜੀਤ ਕੌਰ ਮਾਣੂਕੇ ਦਾ ਕਹਿਣਾ ਹੈ ਕਿ ਸਰਕਾਰ ਨੇ 'ਆਪ' ਦੀ ਚਿੱਠੀ ਦਾ ਕੋਈ ਜਵਾਬ ਨਹੀਂ ਦਿੱਤਾ ਤੇ ਵਿਰੋਧੀ ਧਿਰ ਦੇ ਨੁਮਾਇੰਦੇ ਤੋਂ ਬਿਨਾਂ ਹੀ ਚੋਣ ਕਰ ਲਈ। ਉਨ੍ਹਾਂ ਕਿਹਾ ਕਿ ਇਸ ਕਾਰਵਾਈ ਤੋਂ ਸਾਫ਼ ਜ਼ਾਹਰ ਹੈ ਕਿ ਸਰਕਾਰ ਦੀ 'ਨੀਅਤ' ਸਾਫ਼ ਨਹੀਂ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਤਾਂ ਵਿਰੋਧੀ ਧਿਰ ਨੂੰ ਉਸ ਦੇ ਸੰਵਿਧਾਨਕ ਹੱਕਾਂ ਦੀ ਵਰਤੋਂ ਵੀ ਨਹੀਂ ਕਰਨ ਦੇ ਰਹੀ। ਦੂਜੇ ਬੰਨੇ ਇੱਕ ਉੱਚ ਅਧਿਕਾਰੀ ਦਾ ਕਹਿਣਾ ਹੈ ਕਿ ਵਿਰੋਧੀ ਧਿਰ ਦੇ ਆਗੂ ਦੀ ਗ਼ੈਰਹਾਜ਼ਰੀ ਵਿੱਚ ਚੋਣ ਇਸ ਕਰ ਕੇ ਕੀਤੀ ਗਈ ਹੈ ਕਿਉਂਕਿ ਕਾਨੂੰਨ ਅਜਿਹਾ ਕਰਨ ਦੀ ਇਜਾਜ਼ਤ ਦਿੰਦਾ ਹੈ।

### ਜਸਟਿਸ ਅਨਸਾਰੀ ਦੇ ਨਾਂ ਦੀ ਸਿਫਾਰਿਸ਼ :

ਸਰਕਾਰ ਵਿਚਲੇ ਸੂਤਰਾਂ ਮੁਤਾਬਕ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਚੇਅਰਪਰਸਨ ਲਈ ਕਮੇਟੀ ਨੇ ਜਸਟਿਸ ਇਕਬਾਲ ਅਹਿਮਦ ਅਨਸਾਰੀ ਦੇ ਨਾਂ ਦੀ ਸਿਫ਼ਾਰਸ਼ ਕੀਤੀ ਹੈ। ਉਹ ਪਟਨਾ ਹਾਈ ਕੋਰਟ ਦੇ ਚੀਫ਼ ਜਸਟਿਸ ਰਹੇ ਹਨ। ਸ੍ਰੀ ਅਨਸਾਰੀ ਅਸਾਮ ਤੋਂ ਹਨ ਤੇ 1991 ਵਿੱਚ ਅਸਾਮ ਜੁਡੀਸ਼ਲ ਸਰਵਿਸ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਨੇ ਸੂਬੇ ਦੀਆਂ ਕਈਆਂ ਅਦਾਲਤਾਂ ਵਿੱਚ ਕੰਮ ਕੀਤਾ। ਕਮੇਟੀ ਨੇ ਸਿਫਾਰਸ਼ ਕਰ ਦਿੱਤੀ ਹੈ ਤੇ ਅੰਤਿਮ ਨਿਯੁਕਤੀ ਰਾਜਪਾਲ ਵੱਲੋਂ ਕੀਤੀ ਜਾਣੀ ਹੈ।


$20 Off For
Trans-Alliance Carriers
SPECIAL TIRE PRICING
TRANS-ALLIANCE
TOGETHER WE SAVE
TRAILER TIRES STARTING AT
$259*
REGULAR RETAIL $324
ROADMASTER TIRES
TRAILER TIRES STARTING AT
$289*
REGULAR RETAIL $354
KELLY TIRES
TRAILER TIRES STARTING AT
$359*
REGULAR RETAIL $424
GOODYEAR
MARATHON
YOKOHAMA
*Add $10 per tire for Steer and $20 per tire for Drive tires.
Trans-Alliance Members save $15 off all other tire brands.
GOODYEAR
BFGoodrich
Continental
Firestone
PIRELLI
FORMULA By Pirelli
DAYTON
BRIDGESTONE
MICHELIN
TA TRUCK SERVICE
Commercial Tire Network
Current as of 6/1/17.
Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.
Visit ta-petro.com or find us on
TA
Nasdaq Listed
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

# ਸੰਯੁਕਤ ਰਾਸ਼ਟਰ ਸੰਘ ਦੇ ਨਸਲਕੁਸ਼ੀ ਰੋਕਥਾਮ ਪ੍ਰੋਗਰਾਮ ਤਹਿਤ ਧਾਰਮਿਕ ਹਿੰਸਾ ਰੋਕਣ 'ਤੇ ਵਿਚਾਰ-ਚਰਚਾ

## ਦੁਨੀਆ ਭਰ 'ਚ ਵੱਧ ਰਹੀਆਂ ਨਸਲੀ ਹਿੰਸਾ ਦੀਆਂ ਵਾਰਦਾਤਾਂ ਦੇ ਭਖ਼ਦੇ ਮੁੱਦੇ ਉੱਤੇ ਮੀਟਿੰਗ 'ਚ ਸਿੱਖ ਪ੍ਰਤੀਨਿਧਾਂ ਦੀ ਸਮੂਲੀਅਤ

ਸਬੰਧਤ ਖ਼ਬਰ ਸਫ਼ਾ ਇਕ 'ਤੇ ਪੜ੍ਹੋ
















# ਗੁਰਦੁਆਰਾ ਸਾਹਿਬ ਖਾਲਸਾ ਕੇਅਰ ਫਾਉਂਡੇਸ਼ਨ

## GURDWARA SAHIB KHALSA CARE FOUNDATION

9989 Laurel Canyon Blvd, Pacoima CA 91331

## ਧੰਨ ਧੰਨ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਸਮਾਗਮ



ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ

ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ
ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਜੀ

**ਸੋਮਵਾਰ 17 ਜੁਲਾਈ ਤੋਂ**
**ਸ਼ਨਿਚਰਵਾਰ 22 ਜੁਲਾਈ ਤੱਕ**

ਹਰ ਰੋਜ਼ ਸ਼ਾਮੀਂ 6:00 ਵਜੇ ਤੋਂ ਰਾਤੀਂ 9:00 ਵਜੇ ਤੱਕ

**ਐਤਵਾਰ 23 ਜੁਲਾਈ**

ਸਵੇਰੇ 11:00 ਵਜੇ ਤੋਂ ਬਾਅਦ ਦੁਪਹਿਰ 1:00 ਵਜੇ ਤੱਕ



ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਜੀ

ਆਰੰਭ ਸ੍ਰੀ ਅਖੰਡ ਪਾਠ ਸਾਹਿਬ : 21 ਜੁਲਾਈ ਸ਼ੁਕਰਵਾਰ ਸਵੇਰੇ 9:00 ਵਜੇ ਅਤੇ ਭੋਗ ਸ੍ਰੀ ਅਖੰਡ ਪਾਠ ਸਾਹਿਬ : 23 ਜੁਲਾਈ ਐਤਵਾਰ ਸਵੇਰੇ 9:00 ਵਜੇ



ਹੋਰ ਜਾਣਕਾਰੀ ਲਈ ਭਾਈ ਕਨ੍ਹਈਆ ਜੀ ਸੇਵਾ ਦਲ ਨਾਲ ਸੰਪਰਕ ਕਰੋ :
ਬਲਦੇਵ ਸਿੰਘ (818) 468-9595, ਬਲਵਿੰਦਰ ਸਿੰਘ (818) 404-0811
ਮੱਖਣ ਸਿੰਘ (661) 225-7157, ਪਰਮਜੀਤ ਸਿੰਘ (626) 354-6653



# Travel for Less Inc.



SPECIALIZED IN DISCOUNT FARES WORLDWIDE

**INDIA | PAKISTAN | EUROPE**

ASIANA AIRLINES
A STAR ALLIANCE MEMBER

Asiana Airlines
Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

**Best deals on major airlines like**

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS

BBB
IATAN

8th time in a row
2016 Best of Fremont Award



CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40

**Serving the Bay Area Since 1996**

We have moved to
32116-Alvarado Blvd. Union City, CA-94587
Email: info@travelforlessinc.com

**CALL 510-791-3300** Book online 24x7 @ www.Letsflyhome.com

## ਆਇਫਾ 2017 'ਚ 'ਦ ਬਲੈਕ ਪ੍ਰਿੰਸ' ਦੀ ਟੀਮ ਦਾ ਸ਼ਾਨਦਾਰ ਸਵਾਗਤ

*ਸ.ਫਾ ਇਕ ਦਾ ਬਾਕੀ*

ਨਿਰਦੇਸ਼ਕ ਕਵੀ ਰਾਜ਼ ਜਿਉਂ ਹੀ ਫਿਲਮ ਮੇਲੇ ਵਾਲੀ ਥਾਂ ਪੁੱਜੇ, ਦਰਸ਼ਕ ਉਨ੍ਹਾਂ ਵਲ ਉਮੜ ਪਏ। ਫਿਲਮ ਮੇਲੇ ਵਰਗੇ ਸਮਾਰੋਹ ਦੇ ਹਾਲ ਅੰਦਰ ਫਿਲਮ ਦੇ ਨਾਇਕ ਸਤਿੰਦਰ ਸਰਤਾਜ ਅਤੇ ਜਗਤ ਪ੍ਰਸਿੱਧ ਅਦਾਕਾਰਾ ਸ਼ਬਾਨਾ ਆਜ਼ਮੀ ਨੂੰ ਉਚੇਚੇ ਤੌਰ 'ਤੇ ਸਟੇਜ 'ਤੇ ਬੁਲਾਇਆ ਗਿਆ। ਇਸ ਮੌਕੇ ਹਜ਼ਾਰਾਂ ਦਰਸ਼ਕਾਂ ਵੱਲੋਂ ਜਿੱਥੇ ਉਨ੍ਹਾਂ ਦੋਹਾਂ ਦਾ ਤਾੜੀਆਂ ਨਾਲ ਭਰਵਾਂ ਸਵਾਗਤ ਕੀਤਾ ਗਿਆ, ਉੱਥੇ ਪ੍ਰਬੰਧਕਾਂ ਵੱਲੋਂ ਫ਼ਿਲਮ ਦੇ ਕੁੱਝ ਅੰਸ਼ ਵੀ ਦਿਖਾਉਣ ਦਾ ਮੌਕਾ ਦਿੱਤਾ ਗਿਆ।

'ਦ ਬਲੈਕ ਪ੍ਰਿੰਸ' ਫਿਲਮ ਵਿਚ ਮਹਾਰਾਣੀ ਜਿੰਦਾਂ ਦਾ ਰੋਲ ਕਰਨ ਵਾਲੀ ਸ਼ਬਾਨਾ ਆਜ਼ਮੀ ਨੇ ਸਟੇਜ ਉੱਤੇ ਪੁੱਜਦਿਆਂ ਹੀ ਸਤਿੰਦਰ ਸਰਤਾਜ ਨੂੰ ਆਪਣਾ ਪੁੱਤ ਕਹਿ ਕੇ ਉਸ ਦੀ ਜਾਣ-ਪਛਾਣ ਕਰਾਈ। ਸ਼ਬਾਨਾ ਦੇ ਕਹਿਣ 'ਤੇ ਸਰਤਾਜ ਨੇ 'ਦ ਬਲਾਕ ਪ੍ਰਿੰਸ' ਫ਼ਿਲਮ ਵਿਚ ਗਾਇਆ ਗੀਤ 'ਇਸ ਕਿਸਮਤ ਡਾਢੀ ਹੱਥੋਂ ਬੜੇ ਖੁਆਰ ਹੋਏ, ਅਸੀਂ ਮਿੱਟੀ, ਮੁਲਕ ਤੇ ਮਾਂ ਤੋਂ ਵੀ ਬੇਜ਼ਾਰ ਹੋਏ.... ਇੰਜ ਰੁਲਿਆ ਏ ਫਰਜ਼ੰਦ ਕਿਸੇ ਦਰਬਾਰ ਦਾ... ਮੈਨੂੰ ਦਰਦਾਂ ਵਾਲਾ ਦੇਸ਼ ਵਾਜ਼ਾਂ ਮਾਰ ਦਾ' ਵੀ ਸਟੇਜ ਤੋਂ ਸੁਣਾਇਆ।

ਚੇਤੇ ਰਹੇ ਕਿ ਮਹਾਰਾਜਾ ਦਲੀਪ ਸਿੰਘ ਦੀ ਜੀਵਨ 'ਤੇ ਬਣਾਈ ਗਈ ਇਸ ਫ਼ਿਲਮ ਵਿਚ ਦਲੀਪ ਸਿੰਘ ਦਾ ਰੋਲ ਸਰਤਾਜ ਦੇ ਹਿੱਸੇ ਆਇਆ ਹੈ ਜਦੋਂ ਕਿ ਸ਼ਬਾਨਾ ਨੇ ਉਸ ਦੀ ਮਾਂ ਜਾਣੀ ਮਹਾਰਾਣੀ ਜਿੰਦਾਂ ਦੀ ਭੂਮਿਕਾ ਨਿਭਾਈ ਹੈ। ਇਹ ਫ਼ਿਲਮ 21 ਜੁਲਾਈ ਨੂੰ ਦੁਨੀਆ ਭਰ ਵਿਚ ਅੰਗਰੇਜ਼ੀ , ਹਿੰਦੀ ਅਤੇ ਪੰਜਾਬੀ ਤਿੰਨਾਂ ਭਾਸ਼ਾਵਾਂ ਵਿਚ ਰਿਲੀਜ਼ ਹੋ ਰਹੀ ਹੈ।

### ਵੱਖ ਵੱਖ ਵਰਗਾਂ ਲਈ ਇਨਾਮਾਂ ਨਾਲ ਸਨਮਾਨਿਆ

ਫਿਲਮ ਸੰਗੀਤ ਵਿੱਚ ਪਾਏ ਯੋਗਦਾਨ ਲਈ ਵਿਸ਼ੇਸ਼ ਐਵਾਰਡ ਦਿੱਤਾ ਗਿਆ। ਬਿਹਤਰੀਨ ਸਹਾਇਕ ਅਦਾਕਾਰ ਦੇ ਵਰਗ ਵਿੱਚ 'ਨੀਰਜਾ' ਲਈ ਸ਼ਬਾਨਾ ਆਜ਼ਮੀ ਤੇ ਫਿਲਮ 'ਐਮ.ਐਸ. ਧੋਨੀ: ਦਿ ਅਨਟੋਲਡ ਸਟੋਰੀ' ਲਈ ਅਨੁਪਮ ਖੇਰ ਨੂੰ ਸਨਮਾਨ ਮਿਲਿਆ। 'ਡਿਸ਼ੂਮ' ਲਈ ਵਰੁਣ ਧਵਨ ਨੂੰ ਬਿਹਤਰੀਨ ਹਾਸਰਸ ਕਲਾਕਾਰ ਦਾ ਐਵਾਰਡ ਮਿਲਿਆ।

ਬਿਹਤਰੀਨ ਸੰਗੀਤ ਨਿਰਦੇਸ਼ਨ ਦਾ ਪੁਰਸਕਾਰ 'ਐ ਦਿਲ ਹੈ ਮੁਸ਼ਕਲ' ਲਈ ਪ੍ਰੀਤਮ ਦੀ ਝੋਲੀ ਪਿਆ ਅਤੇ ਅਮਿਤਾਭ ਭੱਟਾਚਾਰੀਆ ਨੂੰ 'ਚੰਨਾ ਮੇਰਿਆ' ਲਈ ਬਿਹਤਰੀਨ ਗੀਤਕਾਰ ਦਾ ਮਾਣ ਮਿਲਿਆ। ਗਾਇਕਾਂ ਵਿੱਚ ਕਨਿਕਾ ਕਪੂਰ ਨੂੰ 'ਦਾ ਦਾ ਦਾਸੇ' ਤੇ ਤੁਲਸੀ ਕੁਮਾਰ ਨੂੰ 'ਸੋਚ ਨਾ ਸਕੇ' ਲਈ ਮਹਿਲਾ ਵਰਗ ਵਿੱਚ ਸਾਂਝੇ ਤੌਰ ਉਤੇ ਪੁਰਸਕਾਰ ਮਿਲਿਆ, ਜਦੋਂ ਕਿ ਅਮਿਤ ਮਿਸ਼ਰਾ ਪੁਰਸ਼ ਵਰਗ ਵਿੱਚ ਜੇਤੂ ਰਿਹਾ।









ਨਿਊਯਾਰਕ ਵਿਚ ਹੋਏ ਆਈ.ਫ਼ਾ ਐਵਾਰਡ ਦੀਆਂ ਝਲਕੀਆਂ ਤਸਵੀਰਾਂ ਦੀ ਜ਼ੁਬਾਨੀ







# PANNU'S
## LEGAL SERVICES

G.S. Pannu
(Immigration Consultant, LDA)

ivisapass@gmail.com • FAX 510.279.7624

510.677.5200

IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

## PANNU'S
PASSPORT & VISA SERVICES
indiavisa123@gmail.com • FAX 510.279.7624



M.K. Pannu
(Owner)

VISA IN ONE DAY



Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd. FREMONT CA-94538
3810 Eau Claire Ave, Ceres, MODESTO/CERES CA-95307
220 Bush St/Montgomery St, #445 SAN FRANCISCO (OPPOSITE INDIA VISA CENTER)



Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345






# SPICE JAR
INDIAN CUISINE





· Specializing In Tandoor (Clay Oven)
· Vegetarian & Non-Vegetarian Curry

17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com

$1 OFF All-You-Can-Eat Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.

$9.99 All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.

20% OFF Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.

STOCKTON TEEYAN MELA 2017

Ladies Only Event

ਤੀਆਂ ਦਾ ਮੇਲਾ

7th Annual Teeyan Mela
On
Saturday, August 5, 2017
12:00PM to 6:00PM

Venue: Delta Shelter
Micke Grove Park
11793 N. Micke Grove Road
Lodi, CA 95240

Special Events:

Miss Punjaban Competition

Age Groups:
Group 1: 1-7 years old
Group 2: 8-13 years old
Group 3: 14-18 years old

Featuring: Gidha, Poetry, Plays, Bhangra, DJ, and Much More!



ਇਸ ਮੌਕੇ ਤੇ ਕਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ

For More Info Please Contact:
Ashvinder Kaur (Ashu): (209) 298 6454 Simran K Atwal: (209) 993 7978
Email: Stocktonteeyan@gmail.com www.facebook.com/stocktonteeyan

FREE ENTRY PARKING: $6.00 No Cameras Will Be Allowed



SINGH TRANSPORT INC




ਸੰਪਰਕ : ਸਤਨਾਮ ਸਿੰਘ ਖਹਿਰਾ (510) 543-3778,
ਜਗਤਾਰ ਸਿੰਘ (510) 918-2439, (510) 943-9578





Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

ਗੁਰਦੁਆਰਾ ਸਾਹਿਬ, ਫਰੀਮੌਂਟ

FREMONT
GURDWARA SAHIB

ੴ

ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ॥



# ਰਾਗ ਮਲਾਰ
# ਕੀਰਤਨ ਦਰਬਾਰ



**ਸ਼ਨਿਚਰਵਾਰ, 29 ਜੁਲਾਈ | ਸ਼ਾਮ 6:30 ਵਜੇ ਤੋਂ ਰਾਤ 10:30 ਵਜੇ**
**ਗੁਰਦੁਆਰਾ ਸਾਹਿਬ, ਫਰੀਮੌਂਟ ਵਿਖੇ**

**ਪਹੁੰਚ ਰਹੇ ਰਾਗੀ ਜੱਥੇ**

- ਭਾਈ ਸਰਬਜੀਤ ਸਿੰਘ ਜੀ ਲਾਡੀ (ਹਜ਼ੂਰੀ ਰਾਗੀ)
- ਭਾਈ ਭਵਨਦੀਪ ਸਿੰਘ ਜੀ ਜ਼ਖਮੀ
- ਭਾਈ ਹਰਚਰਨ ਸਿੰਘ ਜੀ ਖ਼ਾਲਸਾ
- ਭਾਈ ਸੁਰਜੀਤ ਸਿੰਘ ਜੀ (ਸਾਰੰਗੀ ਮਾਸਟਰ) ਯੂ.ਕੇ.
- ਪ੍ਰੋਫੈਸਰ ਰਣਜੀਤ ਸਿੰਘ ਜੀ (ਉਸਤਾਦ ਜੀ)
- ਪ੍ਰੋਫੈਸਰ ਦਲਬੀਰ ਸਿੰਘ ਜੀ

**ਸਮੂਹ ਸੰਗਤਾਂ ਨੂੰ ਹੁੰਮ-ਹੁੰਮਾਕੇ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।**

ਹੋਰ ਜਾਣਕਾਰੀ ਲਈ ਸੰਪਰਕ ਕਰੋ: ਪ੍ਰੋਫੈਸਰ ਰਣਜੀਤ ਸਿੰਘ (714) 928-8746 • ਪ੍ਰੋਫੈਸਰ ਦਲਬੀਰ ਸਿੰਘ (510) 209-3213



# Scholarships Awards

**For students graduated in year 2017 from High/Middle school in Southern California, with one or both parents being Sikhs**

**For application forms, guidelines for applicants, or more information, send email to:scholarshipandawards@gmail.com**

## Academic Excellence Awards

***High School Graduates – TenAwards $1000 - $2500***

**Middle School (8th grade) Graduates – Five Awards$250 - $600**

### *Eligibility Criteria:*

*GPA B or higher for Academic Excellence Awards, C or higher for Outstanding Achievement Awards,&one or both parents being Sikhs*

## Outstanding Achievement Awards

***High School Graduates:$750***
***1-Sports;2-Visual & Performing Arts;***
***3-Community Service***

***Special Awards:****$200/each for Perfect score in SAT*
*$100/each for 80% or higher score on quiz*
*(quiz material supplied in advance)*

**Middle School Graduates:**Visual & Performing Arts
*Two ($250 and $200), $100/each for 80% or higher score on quiz (quiz material supplied in advance)*

**Last date for receipt of completed applications: Monday,July 23, 2017**

**Winners to receive awards at a Gala Lunch event**

**August 6, 2017 at 11 am**

**For More Info Call : Gurcharan Bains 661-877-6461, Sukhi Sandhu 805-402-5050, Baljit Toor 909-844-1600, Gurcharan Singh Dhillon 661-586-6485, Kajal Kalra 949-244-6452**

**Sponsored by: Sikh American Heritage Society**

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA INSURANCE AGENCY, INC.

Khalsa Insurance Agency is among TOP 50 agencies of Blue Cross in USA.




COVERED CALIFORNIA

» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

Call Now for the Lowest Health Insurance Premiums available
Some Households qualify for
FREE HEALTHCARE
408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਇਕ ਹਫ਼ਤੇ ਵਿਚ ਪੰਜਾਬ ਦੇ ਕਰਜ਼ਾਈ 10 ਕਿਸਾਨਾਂ ਵਲੋਂ ਖ਼ੁਦਕੁਸ਼ੀ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਵਿਚ ਮਹਿਜ਼ ਇਕ ਹਫ਼ਤੇ ਅੰਦਰ ਹੀ ਵੱਖ-ਵੱਖ ਥਾਈਂ ਕਰਜ਼ੇ ਵਿਚ ਡੁੱਬੇ 10 ਕਿਸਾਨਾਂ ਨੇ ਖ਼ੁਦਕੁਸ਼ੀ ਕਰ ਲਈ। ਫਿਰੋਜ਼ਪੁਰ ਦੇ ਪਿੰਡ ਚੁਗੱਤੇ ਵਾਲਾ ਦੇ ਕਿਸਾਨ ਰਤਨ ਸਿੰਘ, ਬਰੇਟਾ ਨੇੜਲੇ ਪਿੰਡ ਸਸਪਾਲੀ ਦੇ ਕਿਸਾਨ ਕ੍ਰਿਸ਼ਨ ਦੇਵ, ਸਬ-ਡਿਵੀਜ਼ਨ ਮੌੜ ਅਧੀਨ ਆਉਂਦੇ ਪਿੰਡ ਕੋਟਭਾਰਾ ਦੇ ਕਿਸਾਨ ਬਲਦੇਵ ਸਿੰਘ, ਸ੍ਰੀ ਮਾਛੀਵਾੜਾ ਸਾਹਿਬ ਨੇੜਲੇ ਪਿੰਡ ਚੱਕਲੀ ਮੰਗਾ ਦੇ ਕਿਸਾਨ ਵੀਰਪਾਲ ਸਿੰਘ, ਭੁੱਚੋ ਮੰਡੀ ਨੇੜਲੇ ਪਿੰਡ ਚੱਕ ਬਖ਼ਤੂ ਦੇ ਕਿਸਾਨ ਗੁਰਦਰਸ਼ਨ ਸਿੰਘ, ਸੰਗਤ ਮੰਡੀ ਨੇੜਲੇ ਪਿੰਡ ਕੁੱਟੀ ਕਿਸ਼ਨਪੁਰਾ ਦੇ ਕਿਸਾਨ ਕੁਲਦੀਪ ਸਿੰਘ, ਪਿੰਡ ਮਹਿਤਾ ਦੇ ਕਿਸਾਨ ਪਰਮਿੰਦਰ ਸਿੰਘ, ਮਾਨਸਾ ਦੇ ਕੁਲਪ੍ਰੀਤ ਸਿੰਘ, ਪਿੰਡ ਕਿਲਾ ਰਾਏਪੁਰ ਦੇ ਕਿਸਾਨ ਭੁਪਿੰਦਰ ਸਿੰਘ ਅਤੇ ਬਰਨਾਲਾ ਦੇ ਅਵਤਾਰ ਸਿੰਘ ਨੇ ਕਰਜ਼ੇ ਤੋਂ ਪ੍ਰੇਸ਼ਾਨ ਹੋ ਕੇ ਖ਼ੁਦਕੁਸ਼ੀ ਕਰ ਲਈ।

ਫ਼ਿਰੋਜ਼ਪੁਰ ਦੇ ਪਿੰਡ ਚੁਗੱਤੇ ਵਾਲਾ ਦੇ ਕਿਸਾਨ ਰਤਨ ਸਿੰਘ ਨੇ ਆੜ੍ਹਤੀ ਤੋਂ ਤੰਗ ਆ ਕੇ ਖ਼ੁਦਕੁਸ਼ੀ ਕਰ ਲਈ। ਥਾਣਾ ਕੁਲਗੜ੍ਹੀ ਦੇ ਮਾਮਲੇ ਨਾਲ ਸਬੰਧਤ ਜਾਂਚ ਅਧਿਕਾਰੀ ਅਮਰਜੀਤ ਸਿੰਘ ਅਨੁਸਾਰ ਕਿਸਾਨ ਰਤਨ ਸਿੰਘ ਜੋ ਕਿ ਆਪਣੀ ਫ਼ਸਲ ਜਰਨੈਲ ਸਿੰਘ ਦੀ ਆੜ੍ਹਤ 'ਤੇ ਸੁੱਟਦਾ ਸੀ ਅਤੇ ਫ਼ਸਲ ਘੱਟ ਹੋਣ ਕਾਰਨ ਉਕਤ ਕਿਸਾਨ ਉੱਪਰ 2 ਲੱਖ ਰੁਪਏ ਦਾ ਕਰਜ਼ਾ ਚੜ੍ਹ ਗਿਆ ਸੀ। ਆੜ੍ਹਤੀਆ ਜਰਨੈਲ ਸਿੰਘ ਤੇ ਉਸ ਦਾ ਮੁਨੀਮ ਕਸ਼ਮੀਰ ਸਿੰਘ ਕਿਸਾਨ ਰਤਨ ਸਿੰਘ ਨੂੰ ਰੁਪਏ ਵਾਪਸ ਮੋੜਨ ਲਈ ਤੰਗ ਪ੍ਰੇਸ਼ਾਨ ਕਰਦੇ ਸਨ। ਇਨ੍ਹਾਂ ਤੋਂ ਤੰਗ ਆ ਕੇ ਉਕਤ ਕਿਸਾਨ ਨੇ ਕੋਈ ਜ਼ਹਿਰੀਲੀ ਦਵਾਈ ਪੀ ਕੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕ ਕਿਸਾਨ ਦੇ ਲੜਕੇ ਭੁਪਿੰਦਰ ਸਿੰਘ ਦੇ ਬਿਆਨਾਂ 'ਤੇ ਪੁਲੀਸ ਨੇ ਆੜ੍ਹਤੀ ਤੇ ਮੁਨੀਮ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।

ਬਰੇਟਾ ਦੇ ਪਿੰਡ ਸਸਪਾਲੀ ਦੇ ਕਿਸਾਨ ਨੇ ਕਰਜ਼ੇ ਕਾਰਨ ਮਾਨਸਿਕ ਪ੍ਰੇਸ਼ਾਨੀ ਦੇ ਚਲਦਿਆਂ ਨਹਿਰ ਵਿਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕ ਕਿਸਾਨ ਕ੍ਰਿਸ਼ਨ ਦੇਵ (46) ਦੇ ਵੱਡੇ ਭਰਾ ਰਾਮ ਕ੍ਰਿਸ਼ਨ ਸਿੰਘ ਨੇ ਦੱਸਿਆ ਕਿ ਉਸ ਦੇ ਭਰਾ ਕੋਲ 11 ਏਕੜ ਜ਼ਮੀਨ ਸੀ ਅਤੇ ਉਸ ਦੇ ਸਿਰ ਬੈਂਕ ਦਾ ਲਗਭਗ 18 ਲੱਖ 70 ਹਜ਼ਾਰ ਰੁਪਏ ਦੇ ਕਰਜ਼ਾ ਸੀ ਜਿਸ ਦੇ ਚੱਲਦਿਆਂ ਉਹ ਅਕਸਰ ਪ੍ਰੇਸ਼ਾਨ ਰਹਿੰਦਾ ਸੀ। ਉਹ ਹਰਿਆਣਾ ਦੇ ਰਤੀਆ ਵਿਚ ਦਵਾਈ ਲੈਣ ਜਾ ਰਿਹਾ ਸੀ ਕਿ ਪਿੰਡ ਬਾਦਲਗੜ੍ਹ ਕੋਲ ਭਾਖੜਾ ਨਹਿਰ ਵਿਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ। ਸਬ-ਡਿਵੀਜ਼ਨ ਮੌੜ ਦੇ ਅਧੀਨ ਆਉਂਦੇ ਪਿੰਡ ਕੋਟਭਾਰਾ ਦੇ ਕਿਸਾਨ ਬਲਦੇਵ ਸਿੰਘ (37) ਪੁੱਤਰ ਹਰਮੇਲ ਸਿੰਘ ਨੇ ਕੋਈ ਜ਼ਹਿਰੀਲੀ ਕੀਟਨਾਸ਼ਕ ਦਵਾਈ ਪੀ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ। ਮ੍ਰਿਤਕ ਕਿਸਾਨ ਆਪਣੇ ਚੜ੍ਹੇ ਕਰਜ਼ੇ ਕਾਰਨ ਕਾਫ਼ੀ ਪ੍ਰੇਸ਼ਾਨ ਰਹਿੰਦਾ ਸੀ। ਮ੍ਰਿਤਕ ਕਿਸਾਨ ਕੋਲ ਆਪਣੀ ਢਾਈ ਏਕੜ ਜ਼ਮੀਨ ਸੀ ਜਿਸ ਵਿਚੋਂ ਵੀ ਕਰਜ਼ੇ ਕਾਰਨ ਉਸ ਨੇ 6 ਕਨਾਲਾਂ ਜ਼ਮੀਨ ਬੀਤੇ ਸਮੇਂ ਵਿਚ ਵੇਚ ਦਿੱਤੀ ਸੀ ਤੇ ਇਸੇ ਕਰਜ਼ੇ ਦੀ ਪ੍ਰੇਸ਼ਾਨੀ ਕਾਰਨ ਹੀ ਉਸ ਦੇ ਬਾਪ ਨੇ ਵੀ ਬੀਤੇ ਸਾਲ ਖ਼ੁਦਕੁਸ਼ੀ ਕਰ ਲਈ ਸੀ। ਮ੍ਰਿਤਕ ਸਿਰ 6.70 ਲੱਖ ਦਾ ਕਰਜ਼ਾ ਸੀ। ਰਾਮ ਸਿੰਘ ਕੋਟਭਾਰਾ ਸਾਬਕਾ ਸਰਪੰਚ ਤੇ ਹੋਰ ਮੋਹਤਬਰ ਵਿਅਕਤੀਆਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਮ੍ਰਿਤਕ ਦੇ ਪਰਿਵਾਰ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇ। ਸ੍ਰੀ ਮਾਛੀਵਾੜਾ ਸਾਹਿਬ ਦੇ ਨੇੜਲੇ ਪਿੰਡ ਚੱਕਲੀ ਮੰਗਾ ਦੇ ਗ਼ਰੀਬ ਪਰਿਵਾਰ ਦਾ ਇੱਕੋ-ਇੱਕ ਸਹਾਰਾ ਕਿਸਾਨ ਵੀਰਪਾਲ ਸਿੰਘ ਪੁੱਤਰ ਰਤਨਾ ਰਾਮ ਨੇ ਕਰਜ਼ੇ ਦੇ ਬੋਝ ਨੂੰ ਨਾ ਸਹਾਰਦੇ ਹੋਏ ਸਰਹਿੰਦ ਨਹਿਰ ਵਿਚ ਛਲਾਂਗ ਮਾਰ ਕੇ ਖ਼ੁਦਕੁਸ਼ੀ ਕਰ ਲਈ। ਕੁਝ ਦਿਨ ਪਹਿਲਾਂ ਵਾਪਰੇ ਇਸ ਹਾਦਸੇ ਦੌਰਾਨ ਉਸ ਦੀ ਲਾਸ਼ ਨਹਿਰ ਵਿਚੋਂ ਬਰਾਮਦ ਵੀ ਕਰ ਲਈ ਗਈ। ਪਰਿਵਾਰ ਨੂੰ ਨੇੜੇ ਤੋਂ ਜਾਨਣ ਵਾਲਿਆਂ ਦਾ ਕਹਿਣਾ ਹੈ ਕਿ ਪਿਛਲੇ ਕਾਫ਼ੀ ਸਮੇਂ ਤੋਂ ਖੇਤੀ ਦੇ ਧੰਦੇ ਵਿਚੋਂ ਹੋ ਰਹੇ ਨੁਕਸਾਨ ਨਾਲ ਮ੍ਰਿਤਕ ਕਿਸਾਨ ਕਾਫ਼ੀ ਦਿਨਾਂ ਤੋਂ ਪ੍ਰੇਸ਼ਾਨ ਸੀ ਜਿਸ ਕਾਰਨ ਉਸ ਨੇ ਖ਼ੁਦਕੁਸ਼ੀ ਕਰ ਲਈ।

ਭੁੱਚੋ ਮੰਡੀ ਵਿਚ ਕਰਜ਼ੇ ਦੇ ਬੋਝ ਤੋਂ ਪ੍ਰੇਸ਼ਾਨ ਪਿੰਡ ਚੱਕ ਬਖ਼ਤੂ ਦੇ ਇਕ ਕਿਸਾਨ ਨੇ ਮੰਡੀ ਵਿਚ ਰੇਲ ਗੱਡੀ ਹੇਠ ਆ ਕੇ ਖ਼ੁਦਕੁਸ਼ੀ ਕਰ ਲਈ। ਜਾਣਕਾਰੀ ਮੁਤਾਬਕ ਮ੍ਰਿਤਕ ਕਿਸਾਨ ਗੁਰਦਰਸ਼ਨ ਸਿੰਘ 2.5 ਏਕੜ ਜ਼ਮੀਨ ਦਾ ਮਾਲਕ ਸੀ ਅਤੇ ਉਸ ਦੇ ਸਿਰ 6 ਲੱਖ ਰੁਪਏ ਦਾ ਕਰਜ਼ਾ ਸੀ, ਜਿਸ ਕਾਰਨ ਉਹ ਪ੍ਰੇਸ਼ਾਨ ਰਹਿੰਦਾ ਸੀ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ ਸੰਤੋਖ ਸਿੰਘ ਲਹਿਰਾ ਖਾਨਾ, ਬਲਾਕ ਆਗੂ ਮਨਜੀਤ ਸਿੰਘ ਭੁੱਚੋ ਖ਼ੁਰਦ ਅਤੇ ਕਿਸਾਨ ਆਗੂ ਸੁਖਦੇਵ ਸਿੰਘ ਚੱਕ ਬਖ਼ਤੂ ਨੇ ਕਿਹਾ ਕਿ ਸਰਕਾਰਾਂ ਕਿਸਾਨਾਂ ਦੀ ਹਾਲਤ ਪ੍ਰਤੀ ਗੰਭੀਰ ਨਹੀਂ ਹਨ। ਉਨ੍ਹਾਂ ਕਿਹਾ ਕਿ ਕਿਸਾਨ ਪੱਖੀ ਨੀਤੀਆਂ ਲਾਗੂ ਕਰ ਕੇ ਹੀ ਕਿਸਾਨਾਂ ਨੂੰ ਖ਼ੁਦਕੁਸ਼ੀਆਂ ਤੋਂ ਰੋਕਿਆ ਜਾ ਸਕਦਾ ਹੈ।



ਕ੍ਰਿਸ਼ਨ ਦੇਵ | ਬਲਦੇਵ ਸਿੰਘ | ਵੀਰਪਾਲ ਸਿੰਘ | ਗੁਰਦਰਸ਼ਨ ਸਿੰਘ | ਕੁਲਦੀਪ ਸਿੰਘ

## ਕਿਸਾਨ ਦੀ ਲਾਸ਼ ਲਸਾੜਾ ਡਰੇਨ ਵਿਚੋਂ ਮਿਲੀ

ਸੰਗਤ ਮੰਡੀ ਦੇ ਪਿੰਡ ਕੁੱਟੀ ਕਿਸ਼ਨਪੁਰਾ ਦੇ ਇਕ ਕਿਸਾਨ ਦੀ ਲਾਸ਼ ਪਿੰਡ ਨੇੜਿਓਂ ਲੰਘਦੇ ਸੇਮ ਨਾਲੇ ਵਿਚੋਂ ਮਿਲੀ ਹੈ। ਜਾਣਕਾਰੀ ਅਨੁਸਾਰ ਕੁਲਦੀਪ ਸਿੰਘ ਪੁੱਤਰ ਅਵਤਾਰ ਸਿੰਘ (55) ਜਿਹੜਾ ਕਿ ਪਿਛਲੇ ਤਿੰਨ ਦਿਨਾਂ ਤੋਂ ਗੁੰਮ ਸੀ ਦੀ ਲਾਸ਼ ਲਸਾੜਾ ਡਰੇਨ 'ਚੋਂ ਮਿਲੀ ਹੈ। ਥਾਣਾ ਸੰਗਤ ਦੇ ਮੁੱਖ ਪੁਲੀਸ ਅਧਿਕਾਰੀ ਪਰਮਜੀਤ ਸਿੰਘ ਡੋਡ ਨੇ ਦੱਸਿਆ ਕਿ ਮੁੱਢਲੀ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਕਿਸਾਨ ਨੇ ਕੋਈ ਜ਼ਹਿਰੀ ਦਵਾਈ ਪੀ ਕੇ ਲਸਾੜਾ ਡਰੇਨ ਵਿਚ ਛਾਲ ਮਾਰੀ ਹੈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਅਨੁਸਾਰ ਕਿਸਾਨ ਸਿਰ ਬੈਂਕਾਂ ਤੇ ਸੁਸਾਇਟੀ ਦਾ 8 ਲੱਖ ਰੁਪਏ ਦਾ ਕਰਜ਼ਾ ਸੀ, ਜਿਸ ਕਾਰਨ ਉਹ ਅਕਸਰ ਹੀ ਪ੍ਰੇਸ਼ਾਨ ਰਹਿੰਦਾ ਸੀ। ਪਿੰਡ ਦੇ ਮੋਹਤਬਰ ਵਿਅਕਤੀਆਂ ਨੇ ਮ੍ਰਿਤਕ ਕਿਸਾਨ ਦੇ ਪਰਿਵਾਰ ਲਈ ਸਰਕਾਰ ਪਾਸੋਂ ਆਰਥਿਕ ਸਹਾਇਤਾ ਦੀ ਮੰਗ ਕੀਤੀ ਹੈ।

**ਤਪਾ ਮੰਡੀ :** ਪਿੰਡ ਮਹਿਤਾ ਦੇ ਕਿਸਾਨ ਵੱਲੋਂ ਆਰਥਿਕ ਤੰਗੀ ਕਾਰਨ ਜ਼ਹਿਰੀਲੀ ਚੀਜ਼ ਨਿਗਲ ਕੇ ਖ਼ੁਦਕੁਸ਼ੀ ਕਰ ਲਈ ਗਈ ਹੈ। ਸਦਰ ਥਾਣਾ ਤਪਾ ਦੇ ਐੱਸਐੱਚਓ ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਕਿਸਾਨ ਪਰਮਿੰਦਰ ਸਿੰਘ (27) ਕੋਲ ਆਪਣੀ ਸੱਤ ਏਕੜ ਜ਼ਮੀਨ ਸੀ ਅਤੇ ਸੱਤ ਏਕੜ ਜ਼ਮੀਨ ਉਸ ਨੇ ਠੇਕੇ 'ਤੇ ਲੈ ਕੇ ਕੁੱਲ 14 ਏਕੜ ਵਿੱਚ ਆਪਣੀ ਫ਼ਸਲ ਬੀਜੀ ਹੋਈ ਸੀ। ਪਿਛਲੇ ਦਿਨੀਂ ਪਏ ਮੀਂਹ ਨੇ ਉਸ ਦੀ ਸਾਰੀ ਫ਼ਸਲ ਤਬਾਹ ਕਰ ਦਿੱਤੀ ਸੀ। ਮਾਨਸਿਕ ਪ੍ਰੇਸ਼ਾਨੀ ਕਾਰਨ ਉਸ ਨੇ ਖੇਤਾਂ ਵਿੱਚ ਜਾ ਕੇ ਸਪਰੇਅ ਪੀ ਲਈ। ਪਰਿਵਾਰ ਵਾਲੇ ਉਸ ਨੂੰ ਤੁਰੰਤ ਨਿੱਜੀ ਹਸਪਤਾਲ ਲੈ ਗਏ, ਜਿੱਥੇ ਉਸ ਦੀ ਮੌਤ ਹੋ ਗਈ। ਪੁਲੀਸ ਨੇ ਪੋਸਟਮਾਰਟਮ ਕਰਵਾਉਣ ਉਪਰੰਤ ਧਾਰਾ 174 ਦੀ ਕਾਰਵਾਈ ਤੋਂ ਬਾਅਦ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ ਹੈ।

**ਮਾਨਸਾ :** ਸ਼ਹਿਰ ਦੇ ਇਕ ਨੌਜਵਾਨ ਕਿਸਾਨ ਨੇ ਕਰਜ਼ੇ ਕਾਰਨ ਰੇਲਗੱਡੀ ਅੱਗੇ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕ ਦੀ ਪਛਾਣ 26 ਸਾਲਾ ਕਿਸਾਨ ਕੁਲਪ੍ਰੀਤ ਸਿੰਘ ਉਰਫ ਗੋਲੂ ਦੱਸੀ ਗਈ ਹੈ। ਕੁਲਪ੍ਰੀਤ ਦੇ ਜੀਜਾ ਸੁਰਜੀਤ ਸਿੰਘ ਨੇ ਦੱਸਿਆ ਕਿ ਕੁਲਪ੍ਰੀਤ ਕੋਲ ਚਾਰ ਏਕੜ ਜ਼ਮੀਨ ਹੈ, ਪਰ ਬੈਂਕ ਦੇ ਢਾਈ ਲੱਖ ਰੁਪਏ ਦੇ ਕਰਜ਼ੇ ਨੇ ਉਸ ਦੀਆਂ ਪ੍ਰੇਸ਼ਾਨੀਆਂ ਵਧਾ ਦਿੱਤੀਆਂ ਸਨ, ਜਿਸ ਕਾਰਨ ਉਸ ਨੇ ਖ਼ੁਦਕੁਸ਼ੀ ਕਰ ਲਈ। ਰੇਲਵੇ ਪੁਲੀਸ ਨੇ ਕਾਰਵਾਈ ਬਾਅਦ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਹੈ।

**ਡੇਹਲੋਂ :** ਲਾਗਲੇ ਪਿੰਡ ਕਿਲਾ ਰਾਏਪੁਰ ਵਿੱਚ ਕਰਜ਼ੇ ਦੇ ਸਤਾਏ ਕਿਸਾਨ ਨੇ ਜ਼ਹਿਰੀਲੀ ਦਵਾਈ ਨਿਗਲ ਕੇ ਆਤਮ ਹੱਤਿਆ ਕਰ ਲਈ। ਪ੍ਰਾਪਤ ਜਾਣਕਾਰੀ ਅਨੁਸਾਰ ਕਿਸਾਨ ਭੁਪਿੰਦਰ ਸਿੰਘ ਪੁੱਤਰ ਮੁਖਤਿਆਰ ਸਿੰਘ ਦੇ ਸਿਰ 'ਤੇ 8 ਲੱਖ ਦੇ ਕਰੀਬ ਕਰਜ਼ਾ ਸੀ, ਜਿਸ ਕਾਰਨ ਉਹ ਪਿਛਲੇ ਕਾਫੀ ਦਿਨਾਂ ਤੋਂ ਪ੍ਰੇਸ਼ਾਨ ਸੀ। ਉਸ ਨੇ ਲੰਘੀ 15 ਜੁਲਾਈ ਨੂੰ ਜ਼ਹਿਰੀਲੀ ਦਵਾਈ ਨਿਗਲ ਲਈ ਤੇ ਗੰਭੀਰ ਹਾਲਤ ਵਿਚ ਉਸ ਨੂੰ ਡੀ.ਐਮ.ਸੀ. ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਜਿਥੇ ਉਸ ਦੀ ਮੌਤ ਹੋ ਗਈ।

## ਕੈਪਟਨ ਸਰਕਾਰ ਵਲੋਂ ਕਿਸਾਨਾਂ ਦੇ ਕਰਜ਼ਾ ਮੁਆਫ਼ੀ ਦੇ ਐਲਾਨ ਨੇ ਸਹਿਕਾਰੀ ਬੈਂਕਾਂ ਦੀ ਹਾਲਤ ਕੀਤੀ ਖ਼ਰਾਬ

### *ਬੈਂਕਾਂ ਨੇ ਬੈਂਕਿੰਗ ਪ੍ਰਣਾਲੀ ਦਰੁਸਤ ਕਰਨ ਲਈ ਮੰਗੇ 3500 ਕਰੋੜ ਰੁਪਏ*

**ਚੰਡੀਗੜ੍ਹ/ਬਿਊਰੋ ਨਿਊਜ਼ :** ਕੈਪਟਨ ਸਰਕਾਰ ਵੱਲੋਂ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਦੇ ਐਲਾਨ ਤੋਂ ਬਾਅਦ ਕਿਸਾਨਾਂ ਨੇ ਕਰਜ਼ੇ ਮੋੜਨ ਤੋਂ ਹੱਥ ਖਿੱਚ ਲਏ ਹਨ, ਜਿਸ ਕਰ ਕੇ ਸੂਬੇ ਦੀ ਸਹਿਕਾਰੀ ਬੈਂਕਿੰਗ ਪ੍ਰਣਾਲੀ ਦੀ ਵਿੱਤੀ ਹਾਲਤ ਖ਼ਰਾਬ ਹੋ ਗਈ ਹੈ। ਸਹਿਕਾਰੀ ਬੈਂਕ ਵੱਲੋਂ ਹੈੱਡਕੁਆਰਟਰ ਤੇ ਜ਼ਿਲ੍ਹਿਆਂ ਵਿੱਚ ਆਪਣੇ ਕੰਮਕਾਜ ਨੂੰ ਠੀਕ ਢੰਗ ਨਾਲ ਚਲਾਉਣ ਲਈ ਸੂਬਾ ਸਰਕਾਰ ਕੋਲੋਂ 3500 ਕਰੋੜ ਰੁਪਏ ਦੀ ਮੰਗ ਕੀਤੀ ਗਈ ਹੈ। ਇਸ ਪੈਸੇ ਵਿੱਚ ਕਰਜ਼ਾ ਮੁਆਫ਼ੀ ਦਾ ਪੈਸਾ ਵੀ ਸ਼ਾਮਲ ਹੈ। ਸੂਤਰਾਂ ਅਨੁਸਾਰ ਸੀਨੀਅਰ ਅਧਿਕਾਰੀਆਂ ਦੀ ਅਹਿਮ ਮੀਟਿੰਗ ਹੋਈ ਹੈ, ਜਿਸ ਵਿੱਚ ਸਹਿਕਾਰਤਾ ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਫ਼ਸਲੀ ਕਰਜ਼ਾ ਨਾ ਮੁੜਨ ਕਰ ਕੇ ਕੋਆਪ੍ਰੇਟਿਵ ਬੈਂਕ ਅਤੇ ਸਹਿਕਾਰੀ ਅਦਾਰਿਆਂ ਦੀ ਮਾਲੀ ਹਾਲਤ ਖ਼ਰਾਬ ਹੋ ਗਈ ਹੈ, ਇਸ ਲਈ ਵਿੱਤ ਵਿਭਾਗ ਕੋਲੋਂ 3500 ਕਰੋੜ ਰੁਪਏ ਦੀ ਮੰਗ ਕੀਤੀ ਗਈ ਹੈ ਪਰ ਵਿੱਤ ਵਿਭਾਗ ਏਨੀ ਰਕਮ ਇੱਕੋ ਵਾਰ ਨਹੀਂ ਦੇਵੇਗਾ ਕਿਉਂਕਿ ਕੁਝ ਦਿਨ ਪਹਿਲਾਂ ਹੀ ਵਿੱਤ ਵਿਭਾਗ ਨੇ ਸਾਰੇ ਵਿਭਾਗਾਂ ਨੂੰ ਪੈਸੇ ਕਿਸ਼ਤਾਂ ਵਿੱਚ ਜਾਰੀ ਕਰਨ ਦਾ ਐਲਾਨ ਕੀਤਾ ਹੈ। ਪਤਾ ਲੱਗਿਆ ਹੈ ਕਿ ਕੈਪਟਨ ਸਰਕਾਰ ਦੇ ਕਰਜ਼ਾ ਮੁਆਫ਼ੀ ਦੇ ਐਲਾਨ ਤੋਂ ਬਾਅਦ ਬਹੁਤ ਸਾਰੇ ਕਿਸਾਨਾਂ ਨੇ ਬੈਂਕਾਂ ਦੇ ਕਰਜ਼ੇ ਮੋੜਨੇ ਬੰਦ ਕਰ ਦਿੱਤੇ ਹਨ, ਜਿਸ ਕਾਰਨ ਸਹਿਕਾਰੀ ਬੈਂਕਾਂ ਨੂੰ ਔਖ ਹੋ ਰਹੀ ਹੈ। ਕਰਜ਼ਿਆਂ ਦੀ ਉਗਰਾਹੀ ਪੰਜਾਹ ਫ਼ੀਸਦੀ ਹੀ ਰਹਿ ਗਈ ਹੈ। ਇਕ ਅਧਿਕਾਰੀ ਨੇ ਦੱਸਿਆ ਕਿ ਸਰਕਾਰ ਸਾਨੂੰ ਜਿੰਨੇ ਪੈਸੇ ਦੇਵੇਗੀ, ਉਸ ਅਨੁਸਾਰ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰ ਦਿਆਂਗੇ। ਇਹ ਸਰਕਾਰ 'ਤੇ ਨਿਰਭਰ ਹੈ ਕਿ ਉਹ ਕਿੰਨੇ ਪੈਸੇ ਦਾ ਜੁਗਾੜ ਕਰਦੀ ਹੈ।

**ਗੰਨੇ ਦਾ ਬਕਾਇਆ ਤਿੰਨ ਕਿਸ਼ਤਾਂ ਵਿਚ :**
ਸੂਬਾ ਸਰਕਾਰ ਨੇ ਪਿਛਲੀ ਸਰਕਾਰ ਵੇਲੇ ਦਾ ਗੰਨੇ ਦਾ ਬਕਾਇਆ ਦੇਣ ਦਾ ਫ਼ੈਸਲਾ ਕਰ ਲਿਆ ਹੈ। ਸਰਕਾਰ 116 ਕਰੋੜ ਦਾ ਬਕਾਇਆ ਤਿੰਨ ਕਿਸ਼ਤਾਂ ਵਿੱਚ ਦੇਵੇਗੀ। ਪਹਿਲੀ ਕਿਸ਼ਤ ਜੁਲਾਈ ਵਿੱਚ 43 ਕਰੋੜ ਦੀ ਦਿੱਤੀ ਜਾਵੇਗੀ ਤੇ ਅਗਲੀ ਕਿਸ਼ਤ ਤਹਿਤ ਅਗਸਤ ਵਿੱਚ 43 ਕਰੋੜ ਤੇ ਆਖ਼ਰੀ ਕਿਸ਼ਤ 30 ਕਰੋੜ ਰੁਪਏ ਸਤੰਬਰ ਵਿੱਚ ਦਿੱਤੀ ਜਾਵੇਗੀ। ਦੱਸਿਆ ਜਾ ਰਿਹਾ ਹੈ ਕਿ ਸਰਕਾਰ ਨੇ ਭੋਗਪੁਰ ਖੰਡ ਮਿੱਲ ਦੀ ਮਸ਼ੀਨਰੀ ਬਦਲਣ ਲਈ ਕਰਜ਼ਾ ਲੈਣ ਲਈ ਗਾਰੰਟੀ ਦੇਣ ਦੀ ਵੀ ਹਾਮੀ ਭਰ ਦਿੱਤੀ ਹੈ। ਮਸ਼ੀਨਰੀ ਬਦਲਣ ਲਈ 34 ਕਰੋੜ ਦਾ ਕਰਜ਼ਾ ਕੇਂਦਰ ਸਰਕਾਰ ਨੇ ਦੇਣਾ ਹੈ ਪਰ ਕਰਜ਼ਾ ਤਾਂ ਹੀ ਮਿਲੇਗਾ ਜੇ ਸੂਬਾ ਸਰਕਾਰ ਗਾਰੰਟੀ ਦੇਵੇਗੀ।

## ਕਿਸਾਨਾਂ ਦੀ ਕਰਜ਼ਾ ਮੁਆਫ਼ੀ ਨੂੰ ਅਮਲੀ ਜਾਮਾ ਪਹਿਨਾਉਣ 'ਚ ਲੱਗੇਗਾ ਵਕਤ : ਮਨਪ੍ਰੀਤ ਬਾਦਲ

**ਚੰਡੀਗੜ੍ਹ/ਬਿਊਰੋ ਨਿਊਜ਼ :** ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਸੂਬਾ ਸਰਕਾਰ ਪੰਜ ਏਕੜ ਤੱਕ ਦੇ ਕਿਸਾਨਾਂ ਦਾ ਦੋ ਲੱਖ ਰੁਪਏ ਤੱਕ ਦਾ ਫ਼ਸਲੀ ਕਰਜ਼ਾ ਮੁਆਫ਼ ਕਰ ਚੁੱਕੀ ਹੈ ਪਰ ਇਸ ਫ਼ੈਸਲੇ ਨੂੰ ਅਮਲੀ ਜਾਮਾ ਪਵਾਉਣ ਵਾਸਤੇ ਨੋਟੀਫਿਕੇਸ਼ਨ ਜਾਰੀ ਕਰਨ ਵਿੱਚ ਦੋ ਮਹੀਨਿਆਂ ਦਾ ਹੋਰ ਸਮਾਂ ਲੱਗ ਜਾਵੇਗਾ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰ ਦਿੱਤਾ ਹੈ, ਹੁਣ ਬੈਂਕਾਂ ਤੇ ਸਰਕਾਰ ਵਿਚਕਾਰ ਲੈਣ ਦੇਣ ਹੋਵੇਗਾ, ਇਸ ਦਾ ਕਿਸਾਨਾਂ ਨਾਲ ਕੋਈ ਸਬੰਧ ਨਹੀਂ ਹੈ। ਕਰਜ਼ੇ ਦੀ ਅਦਾਇਗੀ ਸਰਕਾਰ ਵੱਲੋਂ ਬੈਂਕਾਂ ਨੂੰ ਕੀਤੀ ਜਾਣੀ ਹੈ ਪਰ ਦੂਜੇ ਪਾਸੇ ਅਕਾਲੀ ਦਲ ਕਰਜ਼ਾ ਮੁਆਫ਼ੀ ਦੇ ਮੁੱਦੇ 'ਤੇ ਲਗਾਤਾਰ ਸਰਕਾਰ ਨੂੰ ਘੇਰਨ ਦਾ ਯਤਨ ਕਰ ਰਿਹਾ ਹੈ ਤੇ ਕਿਹਾ ਜਾ ਰਿਹਾ ਹੈ ਕਿ ਲੋਕਾਂ ਨੂੰ ਦੱਸਿਆ ਜਾਵੇ ਕਿ ਕੈਪਟਨ ਸਰਕਾਰ ਨੇ ਕਿੰਨੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕੀਤਾ ਹੈ, ਇਸ ਦੀ ਜਾਣਕਾਰੀ ਜਨਤਕ ਤੌਰ 'ਤੇ ਦਿੱਤੀ ਜਾਵੇ। ਅਕਾਲੀ ਦਲ ਦਾ ਕਹਿਣਾ ਹੈ ਕਿ ਕਰਜ਼ਾ ਮੁਆਫ਼ੀ ਲਾਗੂ ਨਾ ਕੀਤੇ ਜਾਣ ਕਰ ਕੇ ਕਿਸਾਨ ਖ਼ੁਦਕਸ਼ੀਆਂ ਕਰ ਰਹੇ ਹਨ। ਵਿੱਤ ਮੰਤਰੀ ਨੇ ਸੂਬੇ ਦੀ ਵਿੱਤੀ ਹਾਲਤ ਮਾੜੀ ਹੋਣ ਦੀ ਗੱਲ ਪ੍ਰਵਾਨ ਕਰਦਿਆਂ ਕਿਹਾ ਕਿ ਕੈਪਟਨ ਸਰਕਾਰ ਦੇ ਕਾਰਜਕਾਲ ਵਿੱਚ ਸਿਰਫ਼ ਤਿੰਨ ਵਾਰ ਓਵਰਡਰਾਫਟ ਹੋਇਆ ਹੈ, ਜਦੋਂ ਕਿ ਅਕਾਲੀ-ਭਾਜਪਾ ਸਰਕਾਰ ਦੌਰਾਨ ਸਾਲ ਵਿੱਚ 283 ਦਿਨ ਤੱਕ ਓਵਰਡਰਾਫਟ ਹੁੰਦਾ ਸੀ। ਉਨ੍ਹਾਂ ਕਿਹਾ ਕਿ ਸਰਕਾਰ ਨੇ ਓਵਰਡਰਾਫਟ 'ਤੇ ਕਾਬੂ ਪਾਉਣ ਵਿੱਚ ਲਗਪਗ ਸਫ਼ਲਤਾ ਹਾਸਲ ਕਰ ਲਈ ਹੈ। ਉਨ੍ਹਾਂ ਕਿਹਾ ਕਿ ਪਿਛਲੀ ਸਰਕਾਰ 13 ਹਜ਼ਾਰ ਕਰੋੜ ਰੁਪਏ ਦੀਆਂ ਦੇਣਦਾਰੀਆਂ ਛੱਡ ਗਈ ਹੈ, ਜਿਸ ਕਰ ਕੇ ਟੀਏ, ਡੀਏ ਤੇ ਹੋਰ ਜ਼ਰੂਰੀ ਬਿੱਲਾਂ ਦੇ ਭੁਗਤਾਨ ਲਈ ਬਿੱਲ ਖ਼ਜ਼ਾਨਾ ਦਫ਼ਤਰ ਵਿੱਚ ਬਕਾਇਆ ਹਨ। ਪਿਛਲੀ ਸਰਕਾਰ ਵੱਲੋਂ 31 ਹਜ਼ਾਰ ਰੁਪਏ ਦੀ ਕੈਸ਼ ਕ੍ਰੈਡਿਟ ਲਿਮਟ ਨੂੰ ਕਰਜ਼ੇ ਵਿੱਚ ਤਬਦੀਲ ਕਰਵਾਉਣ ਦੇ ਸਵਾਲ 'ਤੇ ਵਿੱਤ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਤੀਜੀ ਧਿਰ ਕੋਲੋਂ ਆਡਿਟ ਸ਼ੁਰੂ ਕਰਵਾ ਦਿੱਤਾ ਹੈ ਤੇ ਰਿਪੋਰਟ ਆਉਣ 'ਤੇ ਅਗਲੀ ਕਾਰਵਾਈ ਕੀਤੀ ਜਾਵੇਗੀ।

## ਅਦਾਲਤ ਨੇ ਪੁਛਿਆ-25 ਫ਼ੀਸਦੀ ਫ਼ਸਲ ਚੁੱਕੀ ਤਾਂ ਬਾਕੀ ਕਿਸਾਨ ਕਿੱਥੇ ਜਾਣਗੇ ?

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਤੇ ਹਰਿਆਣਾ ਵਿਚ ਮੱਕੀ ਤੇ ਸੂਰਜਮੁਖੀ ਦੀ ਖ਼ਰੀਦ ਲਈ ਮੰਡੀਆਂ ਵਿਚ ਆਈ ਫ਼ਸਲ ਵਿਚੋਂ ਸਿਰਫ਼ 25 ਫ਼ੀਸਦੀ ਦੀ ਸਰਕਾਰੀ ਖ਼ਰੀਦ ਦੀ ਨੀਤੀ 'ਤੇ ਸਖ਼ਤ ਝਾੜ ਪਾਉਂਦਿਆਂ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਜਸਟਿਸ ਐਸ.ਐਸ. ਸਾਰੋਂ ਤੇ ਜਸਟਿਸ ਅਵਨੀਸ਼ ਝਿੰਗਣ ਦੇ ਡਿਵੀਜ਼ਨ ਬੈਂਚ ਨੇ ਕੇਂਦਰ ਸਰਕਾਰ ਕੋਲੋਂ 25 ਜੁਲਾਈ ਤੱਕ ਸਪਸ਼ਟ ਜਵਾਬ ਮੰਗਿਆ ਹੈ ਤੇ ਕਿਹਾ ਹੈ ਕਿ ਜੇਕਰ ਜਵਾਬ ਨਹੀਂ ਮਿਲਦਾ ਤਾਂ 31 ਜੁਲਾਈ ਨੂੰ ਕੇਂਦਰੀ ਖੇਤੀਬਾੜੀ ਸਕੱਤਰ ਨਿੱਜੀ ਤੌਰ 'ਤੇ ਹਾਈਕੋਰਟ ਵਿਚ ਪੇਸ਼ ਹੋ ਕੇ ਸਥਿਤੀ ਸਪਸ਼ਟ ਕਰਨ। ਦਰਅਸਲ ਕੇਂਦਰ ਨੇ ਕਿਹਾ ਸੀ ਕਿ ਕਿਸਾਨਾਂ ਨੂੰ ਅਦਾਇਗੀ ਵਿਚ ਦੇਰੀ ਪ੍ਰਤੀ ਕੇਂਦਰ ਸਰਕਾਰ 10 ਦਿਨ ਦਾ ਵਿਆਜ ਦੇ ਸਕਦੀ ਹੈ ਤੇ ਬਾਕੀ ਦਿਨਾਂ ਦਾ ਵਿਆਜ ਸੂਬਾ ਸਰਕਾਰਾਂ ਨੂੰ ਸਹਿਣਾ ਪਵੇਗਾ ਤੇ ਨਾਲ ਹੀ ਕਿਹਾ ਕਿ ਕੇਂਦਰ ਸਰਕਾਰ ਦੀ ਘੱਟੋ-ਘੱਟ ਖ਼ਰੀਦ ਮੁੱਲ ਦੀ ਨੀਤੀ ਮੁਤਾਬਕ ਮੱਕੀ ਤੇ ਸੂਰਜਮੁਖੀ ਦੀ ਫ਼ਸਲ ਵਿਚੋਂ 25 ਫ਼ੀਸਦੀ ਫ਼ਸਲ ਖ਼ਰੀਦੀ ਜਾ ਸਕਦੀ ਹੈ। ਇਸ 'ਤੇ ਡਿਵੀਜ਼ਨ ਬੈਂਚ ਨੇ ਸਖ਼ਤ ਝਾੜ ਪਾਉਂਦਿਆਂ ਕਿਹਾ ਕਿ ਜੇਕਰ ਖ਼ਰੀਦ ਦਾ ਇਹ ਕੋਟਾ ਮੰਡੀ ਵਿਚ ਪਹਿਲਾਂ ਆਏ ਕਿਸਾਨਾਂ ਵਿਚੋਂ ਹੀ ਪੂਰਾ ਹੋ ਗਿਆ ਤਾਂ ਬਾਕੀ ਕਿਸਾਨ ਕਿੱਥੇ ਜਾਣਗੇ ? ਹਾਈਕੋਰਟ ਨੇ ਟਿੱਪਣੀ ਕੀਤੀ ਕਿ ਇਸ ਤਰ੍ਹਾਂ ਤਾਂ ਕਿਸਾਨ ਮੁੜ ਆੜ੍ਹਤੀਆਂ ਦੇ ਰਹਿਮੋ ਕਰਮ 'ਤੇ ਰਹਿਣਗੇ ਤੇ ਉਨ੍ਹਾਂ ਨੂੰ ਫ਼ਸਲ ਦਾ ਪੂਰਾ ਮੁੱਲ ਨਹੀਂ ਮਿਲੇਗਾ। ਦੱਸਿਆ ਕਿ ਸੂਰਜਮੁਖੀ ਦਾ ਘੱਟੋ-ਘੱਟ ਸਮਰਥਨ ਮੁੱਲ 3950 ਰੁਪਏ ਹੈ, ਪਰ ਸਾਰੀ ਫ਼ਸਲ ਦੀ ਸਰਕਾਰੀ ਖ਼ਰੀਦ ਨਾ ਹੋਣ ਕਾਰਨ ਪੰਜਾਬ ਵਿਚ ਇਹ ਫ਼ਸਲ 2200 ਤੋਂ 2400 ਰੁਪਏ ਪ੍ਰਤੀ ਕੁਇੰਟਲ ਤੇ ਹਰਿਆਣਾ ਵਿਚ 2400 ਤੋਂ 2800 ਰੁਪਏ ਪ੍ਰਤੀ ਕੁਇੰਟਲ 'ਤੇ ਵੇਚਣ ਲਈ ਕਿਸਾਨ ਮਜਬੂਰ ਹਨ।

**ਪੰਜਾਬ ਨੇ ਜਵਾਬ ਦੇਣ ਲਈ ਸਮਾਂ ਮੰਗਿਆ :**
ਪੰਜਾਬ ਸਰਕਾਰ ਨੇ ਜਵਾਬ ਦਾਖ਼ਲ ਕਰਨ ਲਈ ਸਮਾਂ ਮੰਗ ਲਿਆ ਹੈ। ਪਿਛਲੀ ਸੁਣਵਾਈ 'ਤੇ ਐਡਵੋਕੇਟ ਜਨਰਲ ਨੇ ਕਿਹਾ ਸੀ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਿੱਲੀ ਜਾ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਫ਼ਸਲ ਖ਼ਰੀਦ ਬਾਰੇ ਗੱਲਬਾਤ ਕਰਨਗੇ ਤੇ ਇਸ ਲਈ ਪਹਿਲਾਂ ਇਕ ਪੱਤਰ ਵੀ ਲਿਖਿਆ ਜਾ ਚੁੱਕਾ ਹੈ। ਕਿਹਾ ਸੀ ਕਿ ਇਸ ਮੀਟਿੰਗ ਵਿਚ ਹਾਂ ਪੱਖੀ ਨਤੀਜਾ ਨਿਕਲਣ ਦੀ ਉਮੀਦ ਹੈ, ਪਰ ਸੁਣਵਾਈ ਦੌਰਾਨ ਵਧੀਕ ਐਡਵੋਕੇਟ ਜਨਰਲ ਪੰਧਰ ਦੇ ਇਕ ਲਾਅ ਅਫ਼ਸਰ ਨੇ ਪੇਸ਼ ਹੋ ਕੇ ਕਿਹਾ ਕਿ ਮੀਟਿੰਗ ਹੋ ਚੁੱਕੀ ਹੈ, ਪਰ ਇਸ ਸਬੰਧੀ ਜਵਾਬ ਅਜੇ ਤਿਆਰ ਨਹੀਂ ਹੈ, ਲਿਹਾਜ਼ਾ ਜਵਾਬ ਲਈ ਸਮਾਂ ਦਿੱਤਾ ਜਾਵੇ।

**ਆਤਮਦਾਹ ਕਰਨ ਵਾਲੇ ਕਿਸਾਨ ਨੇ ਦਮ ਤੋੜਿਆ : ਬਰਨਾਲਾ :** ਪੈਟਰੋਲ ਛਿੜਕ ਕੇ ਆਪਣੇ ਆਪ ਨੂੰ ਅੱਗ ਲਾਉਣ ਵਾਲੇ ਮਹਿਲ ਖ਼ੁਰਦ ਦੇ ਕਿਸਾਨ ਦੀ ਡੀਐਮਸੀ ਹਸਪਤਾਲ ਲੁਧਿਆਣਾ ਵਿੱਚ ਮੌਤ ਹੋ ਗਈ। ਥਾਣਾ ਮਹਿਲ ਕਲਾਂ ਦੇ ਮੁੱਖ ਅਫ਼ਸਰ ਪਰਗਟ ਸਿੰਘ ਨੇ ਦੱਸਿਆ ਕਿ ਪਿੰਡ ਮਹਿਲ ਖ਼ੁਰਦ ਦੇ ਕਿਸਾਨ ਅਵਤਾਰ ਸਿੰਘ ਉਰਫ਼ ਇਕਬਾਲ ਪੁੱਤਰ ਜੱਗਾ ਸਿੰਘ ਨੇ ਮਾਨਸਿਕ ਪ੍ਰੇਸ਼ਾਨੀ ਕਾਰਨ ਆਪਣੇ 'ਤੇ ਪੈਟਰੋਲ ਛਿੜਕ ਕੇ ਅੱਗ ਲਾ ਲਈ ਸੀ। ਉਸ ਦੀ ਲੁਧਿਆਣਾ ਦੇ ਡੀਐਮਸੀ ਹਸਪਤਾਲ ਵਿੱਚ ਮੌਤ ਹੋ ਗਈ। ਕਿਸਾਨ ਵੱਲੋਂ ਹਸਪਤਾਲ ਵਿੱਚ ਦਿੱਤੇ ਬਿਆਨ ਅਨੁਸਾਰ ਉਸ ਨੇ ਲੜਕੀ ਦੇ ਵਿਆਹ ਅਤੇ ਘਰ ਪਾਉਣ ਲਈ 10 ਲੱਖ ਰੁਪਏ ਕਰਜ਼ਾ ਲਿਆ ਸੀ। ਉਸ ਨੇ ਆਪਣੀ ਸਾਰੀ ਦੋ ਏਕੜ ਜ਼ਮੀਨ ਗਹਿਣੇ ਰੱਖ ਕੇ ਸੱਤ ਲੱਖ ਰੁਪਏ ਵਾਪਸ ਕਰ ਦਿੱਤੇ ਸਨ ਪਰ ਬਾਕੀ ਕਰਜ਼ੇ ਅਤੇ ਜ਼ਮੀਨ ਗਹਿਣੇ ਹੋਣ ਕਾਰਨ ਉਹ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸੀ। ਉਹ ਆਪਣਾ ਪਿੰਡ ਮਹਿਲ ਖ਼ੁਰਦ ਛੱਡ ਕੇ ਸਹੁਰੇ ਪਿੰਡ ਬਡਬਰ ਚਲਾ ਗਿਆ ਸੀ। ਉਸ ਨੇ ਮਾਨਸਿਕ ਪ੍ਰੇਸ਼ਾਨੀ ਕਾਰਨ ਮਹਿਲ ਖ਼ੁਰਦ ਆ ਕੇ ਆਪਣੇ ਆਪ ਨੂੰ ਅੱਗ ਲਾ ਲਈ, ਜਿਸ ਕਾਰਨ ਉਹ 70 ਫ਼ੀਸਦੀ ਝੁਲਸ ਗਿਆ ਸੀ। ਮ੍ਰਿਤਕ ਦੇ ਭਰਾ ਲਖਵੀਰ ਸਿੰਘ ਅਤੇ ਪਿੰਡ ਵਾਸੀਆਂ ਨੇ ਪੀੜਤ ਪਰਿਵਾਰ ਲਈ ਢੁਕਵੇਂ ਮੁਆਵਜ਼ੇ ਤੇ ਪਰਿਵਾਰ ਦੇ ਇਕ ਮੈਂਬਰ ਲਈ ਸਰਕਾਰੀ ਨੌਕਰੀ ਦੀ ਮੰਗ ਕੀਤੀ ਹੈ।

# ਸਿਆਸਤ ਸਾਹਮਣੇ ਖੜ੍ਹੀ ‘ਲਾਚਾਰ’ ਵਿਵਸਥਾ

**ਲਖਨਊ ’ਚ ਜਦੋਂ ਸ੍ਰੇਸ਼ਠਾ ਦੇ ਟਰਾਂਸਫ਼ਰ ਆਰਡਰ ’ਤੇ ਹਸਤਾਖਰ ਹੋ ਰਹੇ ਸਨ, ਲਗਭਗ ਉਸੇ ਸਮੇਂ ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਵੀਂ ਦਿੱਲੀ ਦੇ ਇਕ ਵੱਡੇ ਸਮਾਗਮ ਹਾਲ ’ਚ ਸਾਲ 2015 ਬੈਚ ਦੇ ਆਈ.ਏ.ਐਸ. ਅਧਿਕਾਰੀਆਂ ਨੂੰ ਕਹਿ ਰਹੇ ਸਨ, “ਤੁਸੀਂ ਸਮਾਜਿਕ ਪਰਿਵਰਤਨ ਦਾ ਆਧਾਰ ਬਨਣਾ ਹੈ ਅਤੇ ਇਸ ਲਈ ਦਲੇਰੀ ਦੀ ਲੋੜ ਹੁੰਦੀ ਹੈ।” ਜਿਸ ਪ੍ਰਧਾਨ ਮੰਤਰੀ ਦੀ ਆਵਾਜ਼ ਭਾਰਤ ਤੋਂ 4000 ਕਿਲੋਮੀਟਰ ਦੂਰ ਇਜ਼ਰਾਈਲ ਤੋਂ ਚੱਲ ਕੇ ਪੂਰੀ ਦੁਨੀਆ ਵਿਚ ਪਹੁੰਚ ਗਈ, ਉਨ੍ਹਾਂ ਦੀ ਆਵਾਜ਼ ਦਿੱਲੀ ਤੋਂ ਲਖਨਊ ਵਿਚਕਾਰ ਦੀ 554 ਕਿਲੋਮੀਟਰ ਦੀ ਛੋਟੀ ਜਿਹੀ ਦੂਰੀ ਵੀ ਤੈਅ ਨਾ ਕਰ ਸਕੀ।**

**ਡਾ. ਵਿਜੈ ਅਗਰਵਾਲ**



ਯਕੀਨੀ ਤੌਰ ’ਤੇ ਪ੍ਰਸ਼ਾਸਨ ਦੀ ਕਿਤਾਬ ’ਚ ਟਰਾਂਸਫਰ ਨੂੰ ਸਜ਼ਾ ਵਜੋਂ ਦਰਸਾਇਆ ਨਹੀਂ ਗਿਆ ਹੈ, ਪਰ ਜੋ ਮਹਿਲਾ ਅਧਿਕਾਰੀ ਸ੍ਰੇਸ਼ਠਾ ਠਾਕੁਰ ਨਾਲ ਹੋਇਆ, ਉਸ ਨੂੰ ਜੇ ਸਜ਼ਾ ਨਾ ਕਿਹਾ ਜਾਵੇ ਤਾਂ ਫਿਰ ਕੀ ਕਿਹਾ ਜਾਵੇ...?

ਜਦੋਂ ਵਾਇਰਲ ਹੋਏ ਉਸ ਵੀਡੀਓ ਨੂੰ ਮੈਂ ਵੇਖਿਆ, ਜਿਸ ’ਚ ਖਾਕੀ ਵਰਦੀ ਪਾਏ ਅਤੇ ਕੁੱਝ ਮਰਦਾਂ ਨਾਲ ਘਿਰੀ ਇਕ ਔਰਤ ਪੂਰੀ ਦਲੇਰੀ ਨਾਲ ਤਰਕਾਂ ਦਾ ਸਾਹਮਣਾ ਕਰ ਰਹੀ ਸੀ, ਤਾਂ ਉਸ ਤੋਂ ਪ੍ਰਭਾਵਤ ਨਾ ਹੋਣਾ ਮੇਰੇ ਲਈ ਨਾਮੁਮਕਿਨ ਸੀ। ਦਰਅਸਲ 34 ਸਾਲਾ ਇਹ ਔਰਤ ਬਹਾਦਰੀ ਨਾਲ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਉਸ ਸਥਾਨਕ ਨੇਤਾ ਦਾ ਜ਼ੁਬਾਨੀ ਮੁਕਾਬਲਾ ਕਰ ਰਹੀ ਸੀ, ਜਿਸ ਨੂੰ ਬਿਨਾਂ ਹੈਲਮੇਟ ਪਹਿਨੇ ਮੋਟਰਸਾਈਕਲ ਚਲਾਉਂਦਿਆਂ ਫੜਿਆ ਗਿਆ ਸੀ। ਇਹ ਨਾ ਸਿਰਫ ਬਦਲਦੇ ਹੋਏ ਭਾਰਤ ਦੀ ਤਸਵੀਰ ਸੀ, ਸਗੋਂ ਉਸ ਤੋਂ ਕਿਤੇ ਵੱਧ ਉਸ ਉੱਤਰ ਪ੍ਰਦੇਸ਼ ਦੀ ਕਾਨੂੰਨ ਅਤੇ ਵਿਵਸਥਾ ਦੀ ਤਸਵੀਰ ਸੀ, ਜਿਸ ਨੂੰ ਪਹਿਲਾਂ ਦੀਆਂ ਸਰਕਾਰਾਂ ਨੇ ਤਥਾਕਥਿਤ ‘ਜੰਗਲਰਾਜ’ ਵਿਚ ਤਬਦੀਲ ਕਰ ਦਿੱਤਾ ਸੀ। ਸੱਤਾਧਿਰ ਪਾਰਟੀ ਦੇ ਕਿਸੇ ਸਥਾਨਕ ਨੇਤਾ ਵਿਰੁੱਧ ਪੁਲੀਸ ਦੀ ਦਬੰਗਈ ਇਸ ਗੱਲ ਦੀ ਗਵਾਈ ਦੇ ਰਹੀ ਸੀ ਕਿ ਨਵੇਂ ਮੁੱਖ ਮੰਤਰੀ ਯੋਗੀ ਆਦਿਤਿਯਾਨਾਥ ਨੇ ਸਾਫ ਤੌਰ ’ਤੇ ਅਧਿਕਾਰੀਆਂ ਨੂੰ ਬੇਖੌਫ਼ ਹੋ ਕੇ ਕੰਮ ਕਰਨ ਦੇ ਸੰਕੇਤ ਦੇ ਦਿੱਤੇ ਹਨ। ਆਪਣੇ 100 ਦਿਨ ਦੇ ਕੰਮਕਾਜ ਦਾ ਲੇਖਾ-ਜੋਖਾ ਦਿੰਦਿਆਂ ਉਨ੍ਹਾਂ ਨੇ ਆਪਣੀ ਇਸ ਪ੍ਰਾਪਤੀ ਨੂੰ ਵੀ ਹਾਈਲਾਈਟ ਕੀਤਾ ਸੀ।

ਪਰ ਹਾਲੇ 15 ਦਿਨ ਵੀ ਨਹੀਂ ਬੀਤੇ ਸਨ ਕਿ ਉਸੇ ਉੱਤਰ ਪ੍ਰਦੇਸ਼ ਦੀ ਇਸੇ ਸਰਕਾਰ ਨੇ ਇਸੇ ਦੇ ਠੀਕ ਉਲਟ ਤਸਵੀਰ ਵਾਲੀ ਖ਼ਬਰ ਨੂੰ ਜਨਮ ਦੇ ਦਿੱਤਾ ਸੀ। ਖ਼ਬਰ ਸੀ ਕਿ ਬੁਲੰਦਸ਼ਹਿਰ ਦੀ 34 ਸਾਲਾ ਸ੍ਰੇਸ਼ਠਾ ਠਾਕੁਰ ਨਾਂ ਦੀ ਸਰਕਿਲ ਅਫ਼ਸਰ ਨੂੰ ਉਥੋਂ ਹਟਾ ਕੇ ਦੂਰਦਰਾਜ ਬਹਿਰਾਇਚ ਜ਼ਿਲ੍ਹੇ ’ਚ ਭੇਜ ਦਿੱਤਾ ਗਿਆ ਹੈ। ਅਜਿਹਾ ਇਸ ਲਈ ਕੀਤਾ ਗਿਆ, ਕਿਉਂਕਿ ਪ੍ਰਮੋਦ ਲੋਧੀ ਨਾਂ ਦਾ ਉਹ ਨੇਤਾ ਕੁੱਝ ਵਿਧਾਇਕਾਂ ਅਤੇ ਸੰਸਦ ਮੈਂਬਾਂ ਨਾਲ ਮੁੱਖ ਮੰਤਰੀ ਨੂੰ ਮਿਲਿਆ ਸੀ। ਯਕੀਨੀ ਤੌਰ ’ਤੇ ਪ੍ਰਸ਼ਾਸਨ ਦੀ ਪੁਸਤਕ ’ਚ ਟਰਾਂਸਫ਼ਰ ਨੂੰ ਸਜ਼ਾ ਵਜੋਂ ਦਰਸਾਇਆ ਨਹੀਂ ਗਿਆ ਹੈ, ਪਰ ਜੋ ਸ੍ਰੇਸ਼ਠਾ ਠਾਕੁਰ ਨਾਲ ਹੋਇਆ, ਉਸ ਨੂੰ ਜੇ ਸਜ਼ਾ ਨਾ ਕਿਹਾ ਜਾਵੇ ਤਾਂ ਫਿਰ ਕੀ ਕਿਹਾ ਜਾਵੇ...?

ਇਸੇ ਦੇ ਉਲਟ ਇਕ ਦੂਜੀ ਜ਼ੋਰਦਾਰ ਖ਼ਬਰ ਸੀ ਕਿ ਲਖਨਊ ’ਚ ਜਦੋਂ ਸ੍ਰੇਸ਼ਠਾ ਦੇ ਟਰਾਂਸਫ਼ਰ ਆਰਡਰ ’ਤੇ ਹਸਤਾਖਰ ਹੋ ਰਹੇ ਸਨ, ਲਗਭਗ ਉਸੇ ਸਮੇਂ ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਵੀਂ ਦਿੱਲੀ ਦੇ ਇਕ ਵੱਡੇ ਸਮਾਗਮ ਹਾਲ ’ਚ ਸਾਲ 2015 ਬੈਚ ਦੇ ਆਈ.ਏ.ਐਸ. ਅਧਿਕਾਰੀਆਂ ਨੂੰ ਕਹਿ ਰਹੇ ਸਨ, “ਤੁਸੀਂ ਸਮਾਜਿਕ ਪਰਿਵਰਤਨ ਦਾ ਆਧਾਰ ਬਨਣਾ ਹੈ ਅਤੇ ਇਸ ਲਈ ਦਲੇਰੀ ਦੀ ਲੋੜ ਹੁੰਦੀ ਹੈ।” ਜਿਸ ਪ੍ਰਧਾਨ ਮੰਤਰੀ ਦੀ ਆਵਾਜ਼ ਭਾਰਤ ਤੋਂ 4000 ਕਿਲੋਮੀਟਰ ਦੂਰ ਇਜ਼ਰਾਈਲ ਤੋਂ ਚੱਲ ਕੇ ਪੂਰੀ ਦੁਨੀਆ ਵਿਚ ਪਹੁੰਚ ਗਈ, ਉਨ੍ਹਾਂ ਦੀ ਆਵਾਜ਼ ਦਿੱਲੀ ਤੋਂ ਲਖਨਊ ਵਿਚਕਾਰ ਦੀ 554 ਕਿਲੋਮੀਟਰ ਦੀ ਛੋਟੀ ਜਿਹੀ ਦੂਰੀ ਵੀ ਤੈਅ ਨਾ ਕਰ ਸਕੀ। ਇਥੇ ਜ਼ਿਕਰਯੋਗ ਗੱਲ ਇਹ ਹੈ ਕਿ ਮੁੱਖ ਮੰਤਰੀ ਬਣਨ ਤੋਂ ਬਾਅਦ ਯੋਗੀ ਆਦਿਤਿਯਾਨਾਥ ਨੇ ਜਿਹੜਾ ਪਹਿਲਾ ਕਦਮ ਚੁੱਕਿਆ ਸੀ, ਉਹ ਪ੍ਰਧਾਨ ਮੰਤਰੀ ਵੱਲੋਂ ਸ਼ੁਰੂ ਕੀਤੀ ਗਈ ਸਫ਼ਾਈ ਮੁਹਿੰਮ ਸੀ।

ਹੁਣ ਅਸੀਂ ਦੋ-ਤਿੰਨ ਛੋਟੀਆਂ ਘਟਨਾਵਾਂ ’ਤੇ ਨਜ਼ਰ ਮਾਰਦੇ ਹਾਂ, ਜੋ ਇਸੇ ਦੇ ਨੇੜੇ-ਤੇੜੇ ਵਾਪਰੀਆਂ। ਸ੍ਰੇਸ਼ਠਾ ਠਾਕੁਰ ਦੀ ਦਲੇਰੀ ਅਤੇ ਉਸ ਦੇ ਟਰਾਂਸਫ਼ਰ ਤੋਂ ਬਾਅਦ ਜੰਮੂ ਤੇ ਕਸ਼ਮੀਰ ’ਚ ਸੁਰੱਖਿਆ ਵਿਭਾਗ ਦੇ ਡਿਪਟੀ ਸੁਪਰਡੈਂਟ ਆਫ਼ ਪੁਲੀਸ ਮੁਹੰਮਦ ਆਯੂਬ ਦੀ ਲੋਕਾਂ ਨੇ ਸਰੇਆਮ ਹੱਤਿਆ ਕਰ ਦਿੱਤੀ। ਉਨ੍ਹਾਂ ਤੋਂ ਇਲਾਵਾ ਯੂ.ਪੀ. ਦੇ ਬਿਜਨੌਰ ਜ਼ਿਲ੍ਹੇ ਦੀ ਬਾਲੀਵਾਲਾ ਪੁਲੀਸ ਚੌਕੀ ਦੇ ਸਬ-ਇੰਸਪੈਕਟਰ ਸਹਿਜੋਤ ਸਿੰਘ ਮਲਿਕ ਦੀ ਵੀ ਲੋਕਾਂ ਵੱਲੋਂ ਹੱਤਿਆ ਕਰ ਦਿੱਤੀ ਗਈ। ਇਸ ਤੋਂ ਪਹਿਲਾਂ ਇਕ ਨੌਜਵਾਨ ਆਈ.ਏ.ਐਸ. ਅਨੁਰਾਗ ਤਿਵਾਰੀ ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ’ਚ ਮ੍ਰਿਤਕ ਹਾਲਤ ’ਚ ਮਿਲੇ ਸਨ। ਕੀ ਇਨ੍ਹਾਂ ਸਾਰੀਆਂ ਘਟਨਾਵਾਂ ’ਚ ਕੋਈ ਸਬੰਧ ਵਿਖਾਈ ਦਿੰਦਾ ਹੈ...?

ਦਰਅਸਲ ਸਮਾਜਿਕ ਘਟਨਾਵਾਂ ਇਕੱਲੀਆਂ ਅਤੇ ਇਕਾਈ ਦੇ ਰੂਪ ’ਚ ਨਹੀਂ ਵਾਪਰਦੀਆਂ। ਅੱਗੇ-ਪਿੱਛੇ ਦੀਆਂ ਘਟਨਾਵਾਂ ਨਾਲ ਉਨ੍ਹਾਂ ਦਾ ਪ੍ਰਤੱਖ-ਗ਼ੈਰ-ਪ੍ਰਤੱਖ ਸਬੰਧ ਹੁੰਦਾ ਹੈ। ਉਦਾਹਰਣ ਵਜੋਂ ਲਾਲ ਬੱਤੀ ਵਾਲੀ ਗੱਡੀ (ਜਿਸ ਨੂੰ ਬੰਦ ਕਰ ਦਿੱਤਾ ਗਿਆ) ਅਤੇ ਪੁਲੀਸ ਦੀ ਖਾਕੀ ਵਰਦੀ। ਖਾਕੀ ਵਰਦੀ ’ਚ ਪੁਲੀਸ ਦੇ ਅਧਿਕਾਰੀ ਦੀ ਮੌਜੂਦਗੀ ਵਿਅਕਤੀ ਦੀ ਮੌਜੂਦਗੀ ਨਹੀਂ, ਸੂਬਾ ਪੱਧਰ ਦੀ ਅਥਾਰਟੀ ਦੀ ਮੌਜੂਦਗੀ ਹੁੰਦੀ ਹੈ। ਇਸ ਲਈ ਕਿਸੇ ਅਧਿਕਾਰੀ ’ਤੇ ਕੀਤੇ ਗਏ ਕਿਸੇ ਵੀ ਤਰ੍ਹਾਂ ਦੇ ਹਮਲੇ ਨੂੰ ਸੂਬਾ ਪੱਧਰ ’ਤੇ ਕੀਤਾ ਗਿਆ ਖੁੱਲ੍ਹਾ ਹਮਲਾ ਮੰਨਿਆ ਜਾਂਦਾ ਹੈ।

ਸਵਾਲ ਇਹ ਪੈਦਾ ਹੁੰਦਾ ਹੈ ਕਿ ਕਿਸੇ ਵੀ ਵਿਅਕਤੀ ’ਚ ਇੰਨੀ ਹਿੰਮਤ ਆਉਂਦੀ ਕਿੱਥੋਂ ਹੈ ਕਿ ਉਹ ਸੱਤਾ ਦੀ ਸ਼ਕਤੀ ਦੇ ਵਿਰੋਧ ’ਚ ਇਸ ਤਰ੍ਹਾਂ ਇਕੱਲੇ ਖੜ੍ਹੇ ਰਹਿਣ ਦੀ ਹਿੰਮਤ ਕਰ ਸਕੇ। ਯਕੀਨੀ ਤੌਰ ’ਤੇ ਉਸ ਨੂੰ ਇਹ ਸ਼ਕਤੀ ਰਾਜਨੀਤਕ ਸੱਤਾ ਤੋਂ ਪ੍ਰਾਪਤ ਹੁੰਦੀ ਹੈ। ਭਾਰਤ ਜਿਹੇ ਜਮਹੂਰੀ ਮੁਲਕ ਵਿਚ ਸ਼ਾਇਦ ਇਸ ਸ਼ਕਤੀ ਨੂੰ ਪ੍ਰਾਪਤ ਕਰਨਾ ਬਹੁਤ ਆਸਾਨ ਹੋ ਗਿਆ ਹੈ, ਇਸ ਲਈ ਇਸ ਤਰ੍ਹਾਂ ਦੀਆਂ ਘਟਨਾਵਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ।

ਇਸ ਵਿਚ ਕੋਈ ਦੋ ਰਾਇ ਨਹੀਂ ਕਿ ਰਾਜ ਸੱਤਾ ਵਲੋਂ ਲਏ ਗਏ ਟਰਾਂਸਫ਼ਰ ਜਿਹੇ ਫੈਸਲੇ ਨੂੰ ਪੂਰੇ ਅਧਿਕਾਰੀ ਤੰਤਰ ਦੀ ਹਿੰਮਤ ਨੂੰ ਸਿਫ਼ਰ ਤੱਕ ਪਹੁੰਚਾ ਦੇਣ ਵਿਚ ਕਸਰ ਬਾਕੀ ਨਹੀਂ ਛੱਡਦੇ। ਇੱਥੇ ਸਾਨੂੰ ਪ੍ਰਧਾਨ ਮੰਤਰੀ ਦੀ ਕਥਨੀ ਅਤੇ ਉਨ੍ਹਾਂ ਦੀ ਅਪਣੀ ਹੀ ਪਾਰਟੀ ਦੇ ਮੁੱਖ ਮੰਤਰੀ ਦੀ ਕਰਨੀ ’ਚ ਸਾਫ਼-ਸਾਫ਼ ਵਿਰੋਧ ਨਜ਼ਰ ਆ ਰਿਹਾ ਹੈ। ਜੇ ਸੱਤਾ ਨੇ ਇਸੇ ਤਰ੍ਹਾਂ ਦੇ ਫ਼ੈਸਲੇ ਕਰਨੇ ਹਨ ਤਾਂ ਉਸ ਨੂੰ ਚਾਹੀਦਾ ਹੈ ਕਿ ਘੱਟੋ-ਘੱਟ ਲੋਕਾਂ ਨੂੰ ‘ਜੰਗਲਰਾਜ’ ਦੀ ਥਾਂ ‘ਚੰਗਾ ਰਾਜ’ ਦਾ ਸੁਪਨਾ ਨਾ ਵਿਖਾਇਆ ਜਾਵੇ।

# ਅਮਰਤਿਆ ਸੇਨ ਬਾਰੇ ਬਣੀ ਦਸਤਾਵੇਜ਼ੀ ’ਤੇ ਚੱਲੀ ਸੈਂਸਰ ਬੋਰਡ ਦੀ ਕੈਂਚੀ

## *‘ਗਾਂ’, ‘ਗੁਜਰਾਤ’, ‘ਹਿੰਦੂ ਇੰਡੀਆ’ ਤੇ ‘ਹਿੰਦੂਤਵ’ ਵਰਗੇ ਸ਼ਬਦਾਂ ਮੌਕੇ ਆਵਾਜ਼ ਬੰਦ ਰੱਖਣ ਦੀ ਹਦਾਇਤ*

**ਕੋਲਕਾਤਾ/ਬਿਊਰੋ ਨਿਊਜ਼ :**
ਸੈਂਸਰ ਬੋਰਡ ਨੇ ਨੋਬੇਲ ਪੁਰਸਕਾਰ ਜੇਤੂ ਅਮਰਤਿਆ ਸੇਨ ਬਾਰੇ ਦਸਤਾਵੇਜ਼ੀ ਨੂੰ ਰੋਕ ਦਿੱਤਾ ਹੈ ਅਤੇ ਫਿਲਮਸਾਜ਼ ਸੁਮਨ ਘੋਸ਼ ਨੂੰ ਕਿਹਾ ਕਿ ਜਿਸ ਥਾਂ ‘ਗਾਂ’, ‘ਗੁਜਰਾਤ’, ‘ਹਿੰਦੂ ਇੰਡੀਆ’ ਅਤੇ ‘ਹਿੰਦੂਤਵ’ ਵਰਗੇ ਸ਼ਬਦ ਵਰਤੇ ਗਏ, ਉਸ ਥਾਂ ਆਵਾਜ਼ ਬੰਦ ਕਰ ਦਿੱਤੀ ਜਾਵੇ। ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ (ਸੀਬੀਐਫਸੀ) ਦੇ ਖੇਤਰੀ ਦਫ਼ਤਰ ਵੱਲੋਂ ਸੈਂਸਰ ਸਰਟੀਫਿਕੇਟ ਹਾਸਲ ਕਰਨ ਲਈ ਲਾਈ ਇਸ ਸ਼ਰਤ ਕਾਰਨ ਫਿਲਮ ‘ਦਿ ਆਰਗੂਮੈਨਟੇਟਿਵ ਇੰਡੀਅਨ’ ਨੂੰ ਰਿਲੀਜ਼ ਕਰਨ ਬਾਰੇ ਹੁਣ ਬੇਯਕੀਨੀ ਹੈ ਕਿਉਂਕਿ ਘੋਸ਼ ਨੇ ਇਨ੍ਹਾਂ ਚਾਰਾਂ ਸ਼ਬਦਾਂ ਵੇਲੇ ਆਵਾਜ਼ ਬੰਦ ਨਾ ਕਰਨ ਦਾ ਫੈਸਲਾ ਕੀਤਾ ਹੈ। ਇਸ ਫਿਲਮ ਨੂੰ ਇਸ ਹਫ਼ਤੇ ਦੇ ਅੰਤ ਵਿੱਚ ਕੋਲਕਾਤਾ ਵਿੱਚ ਰਿਲੀਜ਼ ਕਰਨ ਦੀ ਯੋਜਨਾ ਸੀ। ਸੈਂਸਰ ਬੋਰਡ ਦੇ ਇਸ ਕਦਮ ਦੀ ਸਖ਼ਤ ਨਿਖੇਧੀ ਹੋ ਰਹੀ ਹੈ। ਮੁੱਖ ਮੰਤਰੀ ਮਮਤਾ ਬੈਨਰਜੀ ਨੇ ਇਸ ਉਤੇ ਚਿੰਤਾ ਪ੍ਰਗਟਾਈ, ਜਦੋਂ ਕਿ ਘੋਸ਼ ਨੇ ਕਿਹਾ ਕਿ ਇਹ ਧੱਕਾ ਹੈ ਅਤੇ ਇਸ ਕਦਮ ਨੂੰ ਵਾਪਸ ਲਿਆ ਜਾਵੇ। ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧ ਦੀ ਹਰੇਕ ਆਵਾਜ਼ ਦਾ ਗਲਾ ਘੁੱਟਿਆ ਜਾ ਰਿਹਾ ਹੈ।



ਉਨ੍ਹਾਂ ਟਵੀਟ ਕੀਤਾ ਕਿ ਹੁਣ ਵਾਰੀ ਡਾ. ਅਮਰਤਿਆ ਸੇਨ ਦੀ ਹੈ। ਜੇ ਉਨ੍ਹਾਂ ਵਰਗਾ ਕੱਦਾਵਰ ਸ਼ਖ਼ਸ ਆਜ਼ਾਦੀ ਨਾਲ ਆਪਣੀ ਗੱਲ ਨਹੀਂ ਕਹਿ ਸਕਦਾ ਤਾਂ ਆਮ ਨਾਗਰਿਕ ਲਈ ਆਸ ਦੀ ਕਿਹੜੀ ਕਿਰਨ ਬਚੀ ਹੈ। ਸੁਮਨ ਘੋਸ਼ ਨੇ ਕਿਹਾ ਕਿ ਅਮਰਤਿਆ ਸੇਨ ਅਤੇ ਇੰਟਰਵਿਊ ਲੈਣ ਵਾਲੇ ਅਰਥ ਸ਼ਾਸਤਰੀ ਕੌਸ਼ਿਕ ਬਾਸੂ ਵਿਚਾਲੇ ਹੋਏ ਸੰਵਾਦ ਵਿਚੋਂ ਕੁਝ ਸ਼ਬਦ ਹਟਾਉਣ ਨਾਲ ਇਸ ਦਸਤਾਵੇਜ਼ੀ ਦੀ ਆਤਮਾ ਹੀ ਮਰ ਜਾਵੇਗੀ। 83 ਸਾਲਾ ਸੇਨ ਦੇ ਜੀਵਨ ਬਾਰੇ ਦਸਤਾਵੇਜ਼ੀ ਦਾ ਨਿਰਦੇਸ਼ਨ ਕਰਨ ਵਾਲੇ ਘੋਸ਼ ਨੇ ਕਿਹਾ ਕਿ ਸੀਬੀਐਫਸੀ ਦਾ ਖੇਤਰੀ ਦਫ਼ਤਰ ਚਾਹੁੰਦਾ ਹੈ, “ਗੁਜਰਾਤ, ਗਾਂ, ਭਾਰਤ ਬਾਰੇ ਹਿੰਦੂਤਵ ਵਿਚਾਰ ਅਤੇ ਹਿੰਦੂ ਇੰਡੀਆ ਵਰਗੇ ਸ਼ਬਦਾਂ ਵੇਲੇ ਆਵਾਜ਼ ਬੰਦ ਕੀਤੀ ਜਾਵੇ। ਮੈਂ ਅਜਿਹਾ ਕਰਨੋਂ ਆਪਣੀ ਅਸਮਰੱਥਾ ਪ੍ਰਗਟਾਈ।”

# ਇਰਾਕੀ ਜੇਲ੍ਹ ’ਚ ਹੋ ਸਕਦੇ ਨੇ ਲੰਮੇ ਸਮੇਂ ਤੋਂ ਲਾਪਤਾ 39 ਭਾਰਤੀ: ਸੁਸ਼ਮਾ

**ਨਵੀਂ ਦਿੱਲੀ/ਬਿਊਰੋ ਨਿਊਜ਼:** ਸਾਲ 2014 ਤੋਂ ਇਰਾਕ ਵਿੱਚ ਫਸੇ ਤੇ ਇਸਲਾਮਿਕ ਸਟੇਟ ਵੱਲੋਂ ਬੰਦੀ ਬਣਾ ਕੇ ਰੱਖੇ 39 ਭਾਰਤੀਆਂ ਦੇ ਪਰਿਵਾਰਾਂ ਨੂੰ ਉਨ੍ਹਾਂ ਦੇ ਸਹੀ ਸਲਾਮਤ ਹੋਣ ਬਾਰੇ ਆਸ ਦੀ ਨਵੀਂ ਕਿਰਨ ਵਿਖਾਉਂਦਿਆਂ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਕਿਹਾ ਕਿ ਇਹ ਭਾਰਤੀ ਉੱਤਰ ਪੱਛਮੀ ਮੌਸੂਲ ਦੇ ਬਾਦੂਸ਼ ਸ਼ਹਿਰ ਦੀ ਜੇਲ੍ਹ ਵਿੱਚ ਬੰਦ ਹੋ ਸਕਦੇ ਹਨ। ਸਵਰਾਜ ਨੇ ਕਿਹਾ ਕਿ ਉਨ੍ਹਾਂ ਦੇ ਇਰਾਕੀ ਹਮਰੁਤਬਾ 24 ਜੁਲਾਈ ਦੀ ਭਾਰਤ ਫ਼ੇਰੀ ਦੌਰਾਨ ਇਨ੍ਹਾਂ ਬਾਰੇ ਸੱਜਰੀ ਜਾਣਕਾਰੀ ਲੈ ਕੇ ਆਉਣਗੇ। ਯਾਦ ਰਹੇ ਕਿ ਆਈਐਸ ਵੱਲੋਂ ਅਗਵਾ ਕੀਐਤਵਾਰ ਨੂੰ ਨਵੀਂ ਦਿੱਲੀ ਸੱਦਿਆ ਸੀ। ਇਸ ਮੌਕੇ ਵਿਦੇਸ਼ ਰਾਜ ਮੰਤਰੀ ਜਨਰਲ ਵੀ.ਕੇ.ਸਿੰਘ ਤੇ ਐਮ.ਜੇ.ਅਕਬਰ ਤੋਂ ਇਲਾਵਾ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਵੀ ਮੌਜੂਦ ਸਨ। ਜੀਕੇ ਸਬੰਧਤ ਪਰਿਵਾਰਾਂ ਦੇ ਨਾਲ ਗਏ ਸਨ। ਬੀਬੀ ਸਵਰਾਜ ਨੇ ਦੱਸਿਆ ਕਿ ਮੌਸੂਲ ਦੇ ਇਸਲਾਮਿਕ ਸਟੇਟ ਦੇ ਕਬਜ਼ੇ ’ਚੋਂ ਮੁਕਤ ਹੋਣ ਮਗਰੋਂ ਉਨ੍ਹਾਂ ਵਿਦੇਸ਼ ਰਾਜ ਮੰਤਰੀ ਵੀ.ਕੇ.ਸਿੰਘ ਨੂੰ 39 ਭਾਰਤੀਆਂ ਦਾ ਥਹੁ ਪਤਾ ਲਾਉਣ ਲਈ ਖਾੜੀ ਮੁਲਕ ਭੇਜਿਆ ਸੀ। ਉਥੇ ਸਿੰਘ ਨੂੰ ਇਕ ਜ਼ਿੰਮੇਵਾਰ ਅਧਿਕਾਰੀ ਨੇ ਖ਼ੁਫ਼ੀਆ ਸੂਤਰਾਂ ਦਾ ਹਵਾਲਾ ਦਿੰਦਿਆਂ ਦੱਸਿਆ ਸੀ ਕਿ ਉਪਰੋਕਤ ਭਾਰਤੀਆਂ ਨੂੰ ਪਹਿਲਾਂ ਉਸਾਰੀ ਅਧੀਨ ਹਸਪਤਾਲ ਦੇ ਕੰਮ ’ਤੇ ਲਾਇਆ ਗਿਆ ਤੇ ਮਗਰੋਂ ਇਕ ਫਾਰਮ ਵਿੱਚ ਤਬਦੀਲ ਕਰ ਦਿੱਤਾ। ਉਪਰੰਤ ਉਨ੍ਹਾਂ ਨੂੰ ਪੱਛਮੀ ਮੌਸੂਲ ’ਚ ਬਾਦੂਸ਼ ਦੀ ਜੇਲ੍ਹ ’ਚ ਲਿਜਾਇਆ ਗਿਆ, ਜਿੱਥੇ ਇਰਾਕੀ ਸਲਾਮਤੀ ਦਸਤਿਆਂ ਤੇ ਇਸਲਾਮਿਕ ਸਟੇਟ ’ਚ ਲੜਾਈ ਜਾਰੀ ਹੈ। ਸਵਰਾਜ ਨੇ ਕਿਹਾ ਕਿ ਇਰਾਕੀ ਵਿਦੇਸ਼ ਮੰਤਰੀ ਅਲ ਜਾਫ਼ਰੀ 24 ਜੁਲਾਈ ਨੂੰ ਭਾਰਤ ਆਉਣਗੇ, ਜਿਸ ਤੋਂ ਬਾਅਦ ਇਨ੍ਹਾਂ ਗੁੰਮਸ਼ੁਦਾ ਭਾਰਤੀਆਂ ਬਾਰੇ ਤਾਜ਼ਾ ਤਰੀਨ ਜਾਣਕਾਰੀ ਮਿਲ ਸਕੇਗੀ। ਉਨ੍ਹਾਂ ਕਿਹਾ ਕਿ ਲੋੜ ਪੈਣ ’ਤੇ ਸਿੰਘ ਨੂੰ ਮੁੜ ਇਰਾਕ ਭੇਜਿਆ ਜਾ ਸਕਦਾ ਹੈ।



ਸੁਸ਼ਮਾ ਸਵਰਾਜ, ਰਾਜ ਮੰਤਰੀ ਐਮ.ਜੇ.ਅਕਬਰ ਤੇ ਜਨਰਲ ਵੀ.ਕੇ.ਸਿੰਘ ਇਰਾਕ ’ਚ ਗੁੰਮਸ਼ੁਦਾ 39 ਭਾਰਤੀਆਂ ਦੇ ਪਰਿਵਾਰਾਂ ਨਾਲ।

## ਸਾਊਦੀ ਅਰਬ ਵਿਚ ਅੱਗ ਲੱਗਣ ਕਾਰਨ 10 ਭਾਰਤੀਆਂ ਦੀ ਮੌਤ

**ਨਵੀਂ ਦਿੱਲੀ/ਦੁਬਈ/ਬਿਊਰੋ ਨਿਊਜ਼ :**
ਸਾਊਦੀ ਅਰਬ ਵਿਚ ਬਿਨਾਂ ਖਿੜਕੀ ਵਾਲੇ ਘਰ ਵਿਚ ਲੱਗੀ ਅੱਗ ਕਾਰਨ ਘੱਟੋ-ਘੱਟ 10 ਭਾਰਤੀਆਂ ਦੀ ਮੌਤ ਹੋ ਗਈ, ਜਦਕਿ 6 ਹੋਰ ਜ਼ਖਮੀ ਹੋ ਗਏ। ਦਿੱਲੀ ਵਿਚ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਕਿਹਾ ਕਿ ਜੇਦਾਹ ਵਿਖੇ ਭਾਰਤੀ ਕਾਸਲਖ਼ਾਨੇ ਦੇ ਅਧਿਕਾਰੀ ਨਾਜਰਾਨ ਵਿਖੇ ਘਟਨਾ ਸਥਾਨ ਲਈ ਜਾ ਰਹੇ ਹਨ। ਉਨ੍ਹਾਂ ਨੇ ਆਪਣੇ ਟਵੀਟ ਵਿਚ ਕਿਹਾ ਕਿ ਉਨ੍ਹਾਂ ਨੂੰ ਨਾਜਰਾਨ ਵਿਚ ਅੱਗ ਲੱਗਣ ਦੀ ਘਟਨਾ ਦਾ ਪਤਾ ਲੱਗਾ ਹੈ, ਜਿਸ ਵਿਚ ਅਸੀਂ 10 ਭਾਰਤੀ ਨਾਗਰਿਕਾਂ ਨੂੰ ਗੁਆ ਦਿੱਤਾ ਹੈ ਤੇ ਛੇ ਹੋਰ ਜ਼ਖ਼ਮੀ ਹੋਏ ਹਨ ਜਿਨ੍ਹਾਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ।

ਉਨ੍ਹਾਂ ਦੀ ਇਹ ਪ੍ਰਤੀਕਿਰਿਆ ਵਿਦਿਆ ਐਸ ਨਾਂਅ ਦੀ ਇਕ ਔਰਤ ਵਲੋਂ ਘਟਨਾ ਵਿਚ ਮਾਰੇ ਗਏ ਲੋਕਾਂ ਵਿਚੋਂ ਇਕ ਦੀ ਮ੍ਰਿਤਕ ਦੇਹ ਭਾਰਤ ਲਿਆਉਣ ਲਈ ਮਦਦ ਦੀ ਅਪੀਲ ਕਰਨ ਦੇ ਬਾਅਦ ਆਈ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਜੇਦਾਹ ਵਿਚ ਕਾਸਲ ਜਨਰਲ ਨਾਲ ਗੱਲ ਕੀਤੀ ਹੈ। ਨਾਜਰਾਨ ਜੇਦਾਹ ਤੋਂ 900 ਕਿਲੋਮੀਟਰ ਦੂਰ ਹੈ। ਉਨ੍ਹਾਂ ਕਿਹਾ ਕਿ ਸਾਡਾ ਸਟਾਫ਼ ਪਹਿਲੀ ਉਡਾਣ ਰਾਹੀਂ ਘਟਨਾ ਸਥਾਨ ’ਤੇ ਜਾਵੇਗਾ। ਸਵਰਾਜ ਨੇ ਕਿਹਾ ਕਿ ਸਾਡੇ ਕਾਸਲ ਜਨਰਲ ਨਾਜਰਾਨ ਦੇ ਗਵਰਨਰ ਦੇ ਸੰਪਰਕ ਵਿਚ ਹਨ ਅਤੇ ਉਨ੍ਹਾਂ ਨੂੰ (ਸਵਰਾਜ ਨੂੰ) ਲਗਾਤਾਰ ਜਾਣਕਾਰੀ ਦੇ ਰਹੇ ਹਨ। 10 ਭਾਰਤੀਆਂ ਤੋਂ ਬਿਨਾਂ ਮਾਰੇ ਗਏ ਹੋਰਨਾਂ ਵਿਅਕਤੀਆਂ ਦੀ ਅਜੇ ਪਛਾਣ ਨਹੀਂ ਹੋ ਸਕੀ। ਨਾਗਰਿਕ ਰੱਖਿਆ ਵਿਭਾਗ ਵਲੋਂ ਕਿਹਾ ਗਿਆ ਸੀ ਕਿ 11 ਲੋਕਾਂ ਦੀ ਮੌਤ ਦਮ ਘੁੱਟਣ ਕਾਰਨ ਹੋਈ ਹੈ। ਪੁਰਾਣੇ ਘਰ ਵਿਚ ਜਿਥੇ ਹਵਾ ਲਈ ਕੋਈ ਖਿੜਕੀ ਵੀ ਨਹੀਂ ਹੈ, ਲੱਗੀ ਅੱਗ ਨੂੰ ਅੱਗ ਬੁਝਾਊ ਅਮਲੇ ਨੇ ਬੁਝਾਇਆ। ਮੁੱਢਲੀ ਸੂਚਨਾ ਅਨੁਸਾਰ ਅੱਗ ਲੱਗਣ ਦਾ ਕਾਰਨ ਏ.ਸੀ. ਯੂਨਿਟ ਤੋਂ ਹੋਇਆ ਸ਼ਾਰਟ ਸਰਕਟ ਦੱਸਿਆ ਜਾ ਰਿਹਾ ਹੈ। 6 ਜ਼ਖ਼ਮੀਆਂ ਵਿਚ 4 ਭਾਰਤੀ ਹਨ। ਨਾਜਰਾਨ ਦੇ ਗਵਰਨਰ ਨੇ ਘਟਨਾ ਦੀ ਜਾਂਚ ਲਈ ਕਮੇਟੀ ਦਾ ਗਠਨ ਕਰਨ ਦਾ ਆਦੇਸ਼ ਦਿੱਤਾ ਹੈ।

# ਸਿਆਟਲ ਵਿਖੇ ਦੋ ਰੋਜ਼ਾ ਕੌਮਾਂਤਰੀ ਸਿੱਖ ਚੇਤਨਾ ਕਾਨਫਰੰਸ ਰਹੀ ਪ੍ਰਭਾਵਸ਼ਾਲੀ

## ਮੂਲ ਨਾਨਕਸ਼ਾਹੀ ਕੈਲੰਡਰ ਦੀ ਬਹਾਲੀ ਸਮੇਤ ਪੰਜ ਮਤੇ ਪਾਸ

**ਸੈਨਹੋਜ਼ੇ/ਤਰਲੋਚਨ ਸਿੰਘ ਦੁਪਾਲਪੁਰ,** 15-16 ਜੁਲਾਈ ਨੂੰ ਸਿਆਟਲ ਵਿਖੇ ਸਮਾਪਤ ਹੋਈ ਦੋ ਰੋਜ਼ਾ ਕੌਮਾਂਤਰੀ ਸਿੱਖ ਚੇਤਨਾ ਕਾਨਫਰੰਸ ਸਫਲਤਾ ਪੱਖੋਂ ਨਵਾਂ ਇਤਿਹਾਸ ਸਿਰਜਣ ਵਿਚ ਕਾਮਯਾਬ ਕਹੀ ਜਾ ਸਕਦੀ ਹੈ ਕਿਉਂਕਿ ਇਸ ਵਿਚ ਅਮਰੀਕਾ, ਕੈਨੇਡਾ ਦੇ ਵੱਖ ਵੱਖ ਸਟੇਟਾਂ ਤੋਂ ਅਨੇਕਾਂ ਸਿੱਖ ਜਥੇਬੰਦੀਆਂ ਨਾਮਵਰ ਸ਼ਖ਼ਸੀਅਤਾਂ ਅਤੇ ਗੁਰਦੁਆਰਾ ਕਮੇਟੀਆਂ ਦੇ ਨਾਲ ਨਾਲ ਇੰਗਲੈਂਡ ਤੇ ਪੰਜਾਬ ਤੋਂ ਵੀ ਪ੍ਰਸਿੱਧ ਬੁਲਾਰਿਆਂ ਨੇ ਭਾਗ ਲਿਆ। ਪਹਿਲੇ ਦਿਨ ਕੈਂਟ ਕਾਨਫਰੰਸ ਹਾਲ ਵਿਚ ਸਵੇਰੇ 9:00 ਵਜੇ ਤੋਂ ਸ਼ਾਮ 6:00 ਵਜੇ ਤੱਕ ਅਤੇ ਦੂਸਰੇ ਦਿਨ ਗੁਰਦੁਆਰਾ ਸੱਚਾ ਮਾਰਗ ਦੇ ਮੁੱਖ ਦੀਵਾਨ ਹਾਲ ਵਿਚ ਹੋਏ ਪ੍ਰਭਾਵਸ਼ਾਲੀ ਅਤੇ ਸੰਜੀਦਾ ਇਕੱਠਾਂ ਵਿਚ ਸਾਰੇ ਬੁਲਾਰਿਆਂ ਨੇ ਚਲੰਤ ਸਿੱਖ ਮਸਲਿਆਂ ਬਾਰੇ ਇਤਿਹਾਸਕ ਤੱਥਾਂ ਅਤੇ ਅੰਕੜਿਆਂ ਸਹਿਤ ਵਿਚਾਰ ਪ੍ਰਗਟਾਏ। ਬਾਕਾਇਦਾ ਅਰਦਾਸ ਕਰਨ ਤੋਂ ਬਾਅਦ ਸ਼ੁਰੂ ਹੋਏ ਸਮਾਗਮ ਵਿਚ ਡਾ. ਗੁਰਦਰਸ਼ਨ ਸਿੰਘ ਢਿੱਲੋਂ ਸਾਬਕਾ ਮੁਖੀ ਇਤਿਹਾਸ ਵਿਭਾਗ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਕੈਨੇਡਾ ਤੋਂ ਆਏ ਪਾਲ ਸਿੰਘ ਪੁਰੇਵਾਲ ਰਚਨਾਕਾਰ ਨਾਨਕਸ਼ਾਹੀ ਕੈਲੰਡਰ, ਇੰਗਲੈਂਡ ਤੋਂ ਟਾਈਗਰ ਜਥੇ ਵਾਲੇ ਨੌਜਵਾਨ ਪ੍ਰਭਦੀਪ ਸਿੰਘ, ਗੁਰਦੇਵ ਸਿੰਘ ਸੱਧੇਵਾਲੀਆ ਸੰਪਾਦਕ 'ਖਬਰਦਾਰ' ਅਤੇ ਪ੍ਰਿੰਸੀਪਲ ਜਸਵੀਰ ਕੌਰ ਨੇ ਸਰੋਤਿਆਂ ਨੂੰ ਮੰਤਰ ਮੁਗਧ ਕਰੀ ਰੱਖਿਆ। ਡਾ. ਢਿੱਲੋਂ ਨੇ ਗੁਰੂ ਕਾਲ ਤੋਂ ਲੈ ਕੇ ਹੁਣ ਤੱਕ ਸਿੱਖ ਫਲਸਫੇ ਨੂੰ ਗੰਧਲਾ ਕਰਨ ਦੇ ਬਿਪਰਵਾਦੀ ਮਨਸੂਬਿਆਂ ਬਾਰੇ, ਭਾਈ ਪੁਰੇਵਾਲ ਨੇ ਸਿੱਖ ਪਹਿਚਾਣ ਦੀ ਵਿੱਲਖਣਤਾ ਪ੍ਰਤੀ ਨਾਨਕਸ਼ਾਹੀ ਕੈਲੰਡਰ ਦੀ ਵਿਸ਼ੇਸ਼ ਦੇਣ, ਪ੍ਰਭਦੀਪ ਸਿੰਘ ਨੇ ਪੰਥਕ ਰਹਿਤ ਮਰਿਆਦਾ ਬਾਰੇ, ਸੱਧੇਵਾਲੀਆ ਨੇ ਸਿੱਖ ਸਮਾਜ ਨੂੰ ਘੁਣ ਵਾਂਗ ਖਾ ਰਹੇ ਡੇਰਾਵਾਦ ਬਾਰੇ ਅਤੇ ਬੀਬੀ ਜਸਵੀਰ ਕੌਰ ਨੇ ਸਿੱਖ ਪਰਿਵਾਰਾਂ ਵਿਚ ਸਿੱਖੀ ਸਭਿਆਚਾਰ ਦੀ ਪ੍ਰਫੁੱਲਤਾ ਬਾਬਤ ਵਿਚਾਰ ਸਾਂਝੇ ਕੀਤੇ।



ਇਨ੍ਹਾਂ ਬੁਲਾਰਿਆਂ ਤੋਂ ਇਲਾਵਾ ਦੋਵੇਂ ਦਿਨਾਂ ਦੇ ਵਿਸ਼ਾਲ ਇਕੱਠਾਂ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਪ੍ਰਸਿੱਧ ਕਥਾਵਾਚਕ ਸ਼ਿਵਤੇਗ ਸਿੰਘ, ਪਰਮਜੀਤ ਸਿੰਘ ਉਤਰਾਖੰਡ, ਹਰਜਿੰਦਰ ਸਿੰਘ ਸਭਰਾ, ਸਰਬਜੀਤ ਸਿੰਘ ਸੈਕਰਾਮੈਂਟੋ, ਲਖਵੀਰ ਸਿੰਘ ਐਡਵੋਕੇਟ, ਵਰਿੰਦਰ ਸਿੰਘ ਐਲ.ਏ., ਹਰਸ਼ਿੰਦਰ ਸਿੰਘ ਸੰਧੂ, ਬਲਜਿੰਦਰ ਕੌਰ ਸਰ੍ਹੀ, ਸੁਖਵਿੰਦਰ ਸਿੰਘ ਵਾਇਸ ਆਫ ਖਾਲਸਾ ਰੇਡੀਓ, ਸੁਰਿੰਦਰ ਸਿੰਘ 'ਟਾਕਿੰਗ-ਪੰਜਾਬ', ਮਹਿੰਦਰ ਸਿੰਘ ਹੁਸੈਨਪੁਰ ਤੇ ਤਰਲੋਚਨ ਸਿੰਘ ਦੁਪਾਲਪੁਰ ਕ੍ਰਮਵਾਰ ਮੌਜੂਦਾ ਤੇ ਸਾਬਕਾ ਮੈਂਬਰ ਐਸ.ਜੀ.ਪੀ.ਸੀ., ਕੁਲਦੀਪ ਸਿੰਘ ਰੇਡੀਓ ਹੋਸਟ, ਡਾ. ਹਰਚੰਦ ਸਿੰਘ, ਕਮਲਜੀਤ ਕੌਰ ਲੈਥਰੋਪ, ਡਾ. ਗੁਰਮੀਤ ਸਿੰਘ ਬਰਸਾਲ, ਜਸਮੀਤ ਸਿੰਘ ਤੇ ਅਜੈਬ ਸਿੰਘ ਸਿਆਟਲ ਬੁਲਾਰੇ ਸ਼ਾਮਲ ਸਨ। ਕਾਕਾ ਪ੍ਰਭਜੋਤ ਸਿੰਘ ਤੇ ਭਗੀਰਥ ਸਿੰਘ ਦਾ ਸਿਆਟਲ ਵਾਲਾ ਕਵੀਸ਼ਰੀ ਜਥਾ ਦੋਵੇਂ ਦਿਨ ਖਿੱਚ ਦਾ ਕੇਂਦਰ ਬਣਿਆ ਰਿਹਾ।

ਸਮਾਪਤੀ ਮੌਕੇ ਜੁੜੇ ਵਿਸ਼ਾਲ ਇਕੱਠ ਨੇ ਜੋਸ਼ੀਲੇ ਅੰਦਾਜ਼ ਵਿਚ ਹੱਥ ਖੜ੍ਹੇ ਕਰਕੇ ਜੈਕਾਰੇ ਛੱਡਦਿਆਂ ਪੰਜ ਮਤੇ ਪਾਸ ਕੀਤੇ। ਪਹਿਲੇ ਮਤੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤੁਲ ਕਿਸੇ ਹੋਰ ਗ੍ਰੰਥ ਦਾ ਪ੍ਰਕਾਸ਼ ਕਰਨ ਜਾਂ ਬਰਾਬਰ ਸਨਮਾਨ ਦੇਣ ਦੀ ਨਿਖੇਧੀ ਕੀਤੀ ਗਈ। ਦੂਜੇ ਮਤੇ ਵਿਚ ਤੱਤਿ ਗੁਰਮਤਿ ਪ੍ਰਚਾਰਕਾਂ 'ਤੇ ਹਮਲਿਆਂ ਦਾ ਵਿਰੋਧ ਅਤੇ ਪ੍ਰਚਾਰਕਾਂ ਦੇ ਨਾਲ ਡਟ ਕੇ ਖਲੋਣ ਦਾ ਅਹਿਦ ਲਿਆ ਗਿਆ। ਤੀਜੇ ਮਤੇ ਵਿਚ ਮੂਲ ਨਾਨਕਸ਼ਾਹੀ ਕੈਲੰਡਰ ਦੀ ਪੂਰਨ ਰੂਪ ਵਿਚ ਮੁੜ ਬਹਾਲੀ, ਚੌਥੇ ਮਤੇ ਵਿਚ ਪੰਥ ਪ੍ਰਵਾਣਿਤ ਰਹਿਤ ਮਰਿਆਦਾ ਵਿਚ ਡੇਰਾ ਵਾਦੀਆਂ ਵੱਲੋਂ ਕਿਸੇ ਤਰ੍ਹਾਂ ਦੀ ਸੰਭਾਵੀ ਛੇੜ ਛਾੜ ਨੂੰ ਹਰਗਿਜ਼ ਬਰਦਾਸ਼ਤ ਨਾ ਕਰਨ ਅਤੇ ਪੰਜਵੇਂ ਮਤੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਨੂੰ ਸਿਆਸੀ ਚੁੰਗਲ ਤੋਂ ਨਿਜਾਤ ਦਿਵਾਉਣ ਲਈ ਸਮੁੱਚੇ ਸਿੱਖ ਜਗਤ ਨੂੰ ਲਾਮਬੰਦ ਕਰਨ ਲਈ ਯਤਨ ਅਰੰਭਣ ਦੀ ਗੱਲ ਕਹੀ ਗਈ ਹੈ।

ਇਸ ਮੌਕੇ ਦੀ ਵਿਸ਼ੇਸ਼ ਗੱਲ ਇਹ ਰਹੀ ਕਿ ਯੂਨਾਈਟਿਡ ਸਿੱਖ ਨੇਸ਼ਨ ਅਤੇ ਕੁਝ ਸਥਾਨਕ ਸਿੱਖ ਆਗੂਆਂ ਵੱਲੋਂ ਰਲ ਕੇ ਐਲਾਨ ਕੀਤਾ ਗਿਆ ਕਿ ਜਿਹੜਾ ਵੀ ਕੋਈ ਵਿਦਵਾਨ, ਮੂਲ ਨਾਨਕਸ਼ਾਹੀ ਕੈਲੰਡਰ ਨੂੰ ਗਲਤ ਸਾਬਤ ਕਰੇ ਉਸ ਨੂੰ ਹਾਫ ਮਿਲੀਅਨ ਡਾਲਰ ਇਨਾਮ ਦਿੱਤਾ ਜਾਵੇਗਾ। ਸਟੇਜ ਸਕੱਤਰ ਦੀ ਸੇਵਾ ਕੁਲਦੀਪ ਸਿੰਘ ਸਰ੍ਹੀ ਨੇ ਨਿਭਾਈ ਅਤੇ ਦੋਵੇਂ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਸਿਆਟਲ ਗੁਰਦੁਆਰਾ ਸੱਚਾ ਮਾਰਗ ਵਿਚ 6ਵਾਂ ਸਾਲਾਨਾ ਗੁਰਮਤਿ ਕੈਂਪ ਅਮਿੱਟ ਯਾਦਾਂ ਛੱਡਦਾ ਸਮਾਪਤ

**ਸਿਆਟਲ/ ਗੁਰਚਰਨ ਸਿੰਘ ਢਿੱਲੋਂ :** ਗੁਰਦੁਆਰਾ ਸੱਚਾ ਮਾਰਗ ਸਿਆਟਲ ਵਿਚ ਚਾਰ ਰੋਜ਼ਾ 6ਵਾਂ ਸਾਲਾਨਾ ਸਿੱਖ ਗੁਰਮਤਿ ਕੈਂਪ ਸਮਾਪਤ ਹੋਇਆ ਜਿਸ ਵਿਚ 5 ਤੋਂ 15 ਸਾਲ ਤੱਕ ਦੇ 75 ਬੱਚਿਆਂ ਨੇ ਭਾਗ ਲਿਆ। ਇਸ ਕੈਂਪ ਵਿਚ ਗੁਰਮਤਿ ਵਿਚਾਰਾਂ, ਸਿੱਖ ਇਤਿਹਾਸ ਤੇ ਖੇਡਾਂ ਵੱਲ ਪ੍ਰੇਰਿਤ ਕੀਤਾ ਗਿਆ। ਇਸ ਕੈਂਪ ਦੇ ਇੰਚਾਰਜ ਬੀਬੀ ਜੀਨਾ ਸਿੰਘ ਨੇ ਦੱਸਿਆ ਕਿ ਵੱਖ ਵੱਖ ਮੁੱਦਿਆਂ 'ਤੇ ਭਾਸ਼ਣ ਕਰਵਾਏ ਗਏ ਜਿਸ ਦੀ ਅਗਵਾਈ ਗੁਰਦੁਆਰਾ ਸਾਹਿਬ ਦੇ ਮੁਖੀ ਹਰਸ਼ਿਦਰ ਸਿੰਘ ਸੰਧੂ ਤੇ ਡਾ. ਸੁਰਿੰਦਰਜੀਤ ਸਿੰਘ ਨੇ ਕੀਤੀ। ਉਨ੍ਹਾਂ ਦੱਸਿਆ ਕਿ ਸ਼ਬਦ ਕੀਰਤਨ, ਆਨੰਦ ਸਾਹਿਬ, ਅਰਦਾਸ ਤੇ ਹੁਕਮਨਾਮਾ ਪੜ੍ਹਨ ਲਈ ਸਿੱਖਿਅਤ ਕੀਤਾ ਗਿਆ, ਜਿਥੇ ਸਿਮਰਨ ਕੌਰ ਚੀਮਾ, ਸਰਸਦੀਪ ਕੌਰ ਧਾਲੀਵਾਲ, ਪਲਵਿੰਦਰ ਕੌਰ ਸੰਧੂ, ਗੁਰਦੀਪ ਕੌਰ ਝੱਲੀ, ਕੁਲਵੀਰ ਕੌਰ ਤੇ ਕਿਰਨਜੀਤ ਕੌਰ ਨੇ ਸ਼ਾਨਦਾਰ ਸੇਵਾਵਾਂ ਨਿਭਾਈਆਂ। ਭਾਈ ਗੁਰਮੀਤ ਸਿੰਘ ਹੈੱਡ ਗ੍ਰੰਥੀ ਤੇ ਭਾਈ ਕੁਲਵਿੰਦਰ ਸਿੰਘ ਨੇ ਬੱਚਿਆਂ ਨੂੰ ਕੀਰਤਨ ਤੇ ਤਬਲਾ ਸਿਖਾਉਣ ਦਾ ਯੋਗਦਾਨ ਪਾਇਆ। ਇਸ ਮੌਕੇ ਮਲਕੀਅਤ ਸਿੰਘ ਝੱਲੀ ਤੇ ਚਰਨਜੀਤ ਸਿੰਘ ਧਾਲੀਵਾਲ ਦੇ ਪਰਿਵਾਰ ਸਮੇਤ ਹੋਰ ਮੈਂਬਰਾਂ ਨੇ ਬੜੀ ਸ਼ਰਧਾ ਨਾਲ ਲੰਗਰਾਂ ਦੀ ਸੇਵਾ ਨਿਭਾਈ, ਅਖੀਰਲੇ ਦਿਨ ਬੱਚਿਆਂ ਨੂੰ ਵੱਖ ਵੱਖ ਉਮਰ ਤੇ ਗੁਰਮਤਿ ਮੁਕਾਬਲੇ ਵਿਚੋਂ ਪੁਜ਼ੀਸਨਾਂ ਪ੍ਰਾਪਤ ਕਰਨ ਵਾਲਿਆਂ ਨੂੰ ਚਰਨਜੀਤ ਸਿੰਘ ਧਾਲੀਵਾਲ, ਡਾ. ਗੁਰਦਰਸ਼ਨ ਸਿੰਘ ਢਿੱਲੋਂ, ਡਾ. ਸੁਰਿੰਦਰਜੀਤ ਸਿੰਘ ਤੇ ਹਰਸ਼ਿੰਦਰ ਸਿੰਘ ਸੰਧੂ ਨੇ ਸਰਟੀਫੀਕੇਟ ਤੇ ਇਨਾਮ ਵੰਡੇ। ਪੰਜਾਬੀ ਭਾਈਚਾਰੇ ਵੱਲੋਂ ਬੀਬੀ ਜੀਨਾ ਸਿੰਘ, ਵਾਲੰਟੀਅਰ ਦੇ ਤੌਰ 'ਤੇ ਸੇਵਾ ਨਿਭਾਉਣ ਵਾਲਿਆਂ ਤੇ ਬੱਚਿਆਂ ਦੇ ਮਾਪਿਆਂ ਵਲੋਂ ਯੋਗਦਾਨ ਪਾਉਣ ਦੀ ਸ਼ਲਾਘਾ ਕੀਤੀ।

## ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਖੇ ਡਾ. ਗੁਰਮੀਤ ਸਿੰਘ ਔਲਖ ਨੂੰ ਸ਼ਰਧਾਂਜਲੀਆਂ

**ਰਿਚਮੰਡ ਹਿਲ/ਬਿਊਰੋ ਨਿਊਜ਼ :**ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਮੁੱਖ ਸੇਵਾਦਾਰ ਕੁਲਦੀਪ ਸਿੰਘ ਢਿੱਲੋਂ ਨੇ ਦੱਸਿਆ ਕਿ 16 ਜੁਲਾਈ ਨੂੰ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਖੇ ਮਰਹੂਮ ਡਾ. ਗੁਰਮੀਤ ਸਿੰਘ ਔਲਖ ਦੀ ਯਾਦ ਵਿਚ ਵੱਡਾ ਪੰਥਕ ਇਕੱਠ ਹੋਇਆ। ਲੰਬੇ ਸਮੇਂ ਤੋਂ ਖਾਲਿਸਤਾਨ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਡਾ. ਗੁਰਮੀਤ ਸਿੰਘ ਔਲਖ ਦੀਆਂ ਪੰਥ ਪ੍ਰਤੀ ਸੇਵਾਵਾਂ ਨੂੰ ਸੱਜਦਾ ਕਰਦਿਆਂ ਇਹ ਪੰਥਕ ਇਕੱਠ ਸੱਦਿਆ ਗਿਆ ਸੀ। ਇਸ ਮੌਕੇ ਪੰਥ ਪ੍ਰਸਿੱਧ ਬੁਲਾਰਿਆਂ ਨੇ ਹਿੱਸਾ ਲਿਆ ਤੇ ਸੰਗਤਾਂ ਨੂੰ ਉਨ੍ਹਾਂ ਦੇ ਜੀਵਨ ਅਤੇ ਪਰਉਪਰਕਾਰਾਂ ਤੋਂ ਜਾਣੂ ਕਰਵਾਇਆ। ਇਸ ਮੌਕੇ ਦੀਵਾਨ ਵੀ ਸਜਾਏ ਗਏ। ਨਿਊਯਾਰਕ ਸਿਟੀ ਕਮਿਸ਼ਨਰ ਆਫ਼ ਹਿਊਮਨ ਰਾਇਟਸ ਤੇ ਗੁਰਦੁਆਰਾ ਸਾਹਿਬ ਦੇ ਸਾਬਕਾ ਪ੍ਰਧਾਨ ਗੁਰਦੇਵ ਸਿੰਘ ਕੰਗ, ਗੁਰਦੁਆਰਾ ਸਾਹਿਬ ਦੇ ਚੇਅਰਮੈਨ ਸੁਰਜੀਤ ਸਿੰਘ ਮੂਧਲ, ਵਾਈਸ ਪ੍ਰਧਾਨ ਬਾਵਾ ਰਾਜਿੰਦਰ ਸਿੰਘ, ਜਨਰਲ ਸਕੱਤਰ ਕੁਲਦੀਪ ਸਿੰਘ ਵੜੈਚ, ਜਨਰਲ ਸਕੱਤਰ ਤੁਪਿੰਦਰ ਸਿੰਘ ਅਟਵਾਲ, ਕੈਸ਼ੀਅਰ ਬੂਟਾ ਸਿੰਘ ਚੀਮਾ, ਬਿਲਡਿੰਗ ਚੇਅਰਮੈਨ ਮਹਿੰਦਰ ਸਿੰਘ ਉੱਪਲ, ਇਲੈਕਸ਼ਨ ਕਮਿਸ਼ਨਰ ਜਸਵਿੰਦਰ ਸਿੰਘ ਪੱਡਾ, ਜਤਿੰਦਰ ਸਿੰਘ ਬੋਪਾਰਾਏ, ਬਾਵਾ ਪ੍ਰਿਤਪਾਲ ਸਿੰਘ ਅਤੇ ਬੋਰਡ ਮੈਂਬਰ ਸ਼ਾਮਲ ਸਨ। ਜਰਨਲ ਸਕੱਤਰ ਕੁਲਦੀਪ ਸਿੰਘ ਵੜੈਚ ਨੇ ਸਟੇਜ ਦੀ ਕਾਰਵਾਈ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ ਤੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਹੈੱਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ ਨੇ ਵੀ ਆਈਆਂ ਸੰਗਤਾਂ ਤੇ ਬੁਲਾਰਿਆ ਦਾ ਧੰਨਵਾਦ ਕੀਤਾ।

## ਟਾਈਟਲਰ ਦੇ ਪੌਲੀਗ੍ਰਾਫ਼ ਟੈਸਟ ਬਾਰੇ ਸੁਣਵਾਈ 21 ਨੂੰ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਸਿੱਖ ਕਤਲੇਆਮ ਦੇ ਇਕ ਕੇਸ ਵਿੱਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਦਾ ਪੌਲੀਗ੍ਰਾਫ਼ (ਝੂਠ ਫੜਨ ਸਬੰਧੀ) ਟੈਸਟ ਕਰਨ ਲਈ ਸੀਬੀਆਈ ਦੀ ਅਰਜ਼ੀ ਉਤੇ ਇਥੋਂ ਦੀ ਇਕ ਅਦਾਲਤ 21 ਜੁਲਾਈ ਨੂੰ ਗ਼ੌਰ ਕਰੇਗੀ। ਅਦਾਲਤ ਨੇ ਇਸ ਮਾਮਲੇ ਵਿੱਚ ਹਥਿਆਰਾਂ ਦੇ ਵਿਵਾਦਗ੍ਰਸਤ ਦਲਾਲ ਅਭਿਸ਼ੇਕ ਵਰਮਾ ਦੀ ਅਰਜ਼ੀ ਉਤੇ ਸੀਬੀਆਈ ਤੋਂ ਜਵਾਬ ਮੰਗਿਆ ਸੀ। ਵਰਮਾ ਨੇ ਇਸ ਸ਼ਰਤ 'ਤੇ ਟੈਸਟ ਕਰਾਉਣ ਲਈ ਰਜ਼ਾਮੰਦੀ ਦਿੱਤੀ ਹੈ। ਦੱਸਣਯੋਗ ਹੈ ਕਿ ਟਾਈਟਲਰ ਨੂੰ ਤਿੰਨ ਵਾਰ ਕਲੀਨ ਚਿਟ ਦਿੱਤੀ ਜਾ ਚੁੱਕੀ ਹੈ। ਅਦਾਲਤ ਨੇ ਵਿਵਾਦਿਤ ਹਥਿਆਰਾਂ ਦੇ ਵਪਾਰੀ ਅਤੇ ਗਵਾਹ ਭਿਸ਼ੇਕ ਵਰਮਾ ਨੂੰ ਟੈਸਟ ਨਾ ਹੋਣ ਤੱਕ ਰਾਤ-ਦਿਨ ਸੁਰੱਖਿਆ ਮੁਹੱਈਆ ਕਰਵਾਉਣ ਸਬੰਧੀ ਅਰਜ਼ੀ 'ਤੇ ਮਾਮਲੇ ਦੀ ਜਾਂਚ ਕਰਨ ਵਾਲੇ ਸੀ.ਬੀ.ਆਈ. ਅਧਿਕਾਰੀ ਤੋਂ ਜਵਾਬ ਮੰਗਿਆ ਹੈ। ਐਡੀਸ਼ਨਲ ਚੀਫ਼ ਮੈਟਰੋਪਾਲੀਟਨ ਮੈਜਿਸਟ੍ਰੇਟ ਸ਼ਿਵਾਲੀ ਸ਼ਰਮਾ ਨੇ ਇਸ ਤੋਂ ਪਹਿਲਾਂ ਵਰਮਾ ਨੂੰ ਇਸ ਮਾਮਲੇ ਵਿਚ ਲਿਖਤੀ ਵਿਚ ਅਰਜ਼ੀ ਦਾਇਰ ਕਰਨ ਲਈ ਕਿਹਾ ਸੀ।

# ਅਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਸਾਹਿਬ

**ਪ੍ਰਮਿੰਦਰ ਸਿੰਘ ਪ੍ਰਵਾਨਾ**
(ਫੋਨ: 510-781-0487)

ਮਹਾਂਪੁਰਖਾਂ ਦੇ ਅਵਤਾਰ ਮਨੁੱਖਤਾ ਦੀ ਭਲਾਈ ਵਾਸਤੇ ਹੋਇਆ ਕਰਦੇ ਹਨ। ਜਦ ਕਦੇ ਧਰਤੀ ਤੇ ਪਾਪ ਦੀ ਅਤਿ ਹੋ ਜਾਵੇ ਤਦ ਆਤਮ ਸ੍ਰਿਸ਼ਟੀ ਵਿਚੋਂ ਕੋਈ ਉਪਕਾਰੀ ਆਉਂਦਾ ਹੈ। ਸਿੱਖ ਗੁਰੂ ਕਾਲ ਵਿਚ ਦਸ ਗੁਰੂਆਂ ਦੀ ਇਕੋ ਜੋਤ ਹੈ ਜੋ ਦਸੀਂ ਜਾਮੀ ਨਿਰੰਤਰ ਰੱਬੀ ਸੀ। ਭਗਤੀ ਅਤੇ ਸ਼ਕਤੀ ਦੇ ਸੁਮੇਲ ਵਿਚੋਂ ਸ਼ਾਂਤ ਉਤਸ਼ਾਹ ਵਿਚ ਦੀਨ ਦਯਾ ਹਿੱਤ ਬੀਰ ਰਸ ਆਇਆ ਤੇ ਚੜ੍ਹਦੀ ਕਲਾ ਦਾ ਰੰਗ ਚੜ੍ਹਿਆ। ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਨਿਰਮਲ ਪੰਥ ਦੇ ਅਠਵੇਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਉਨ੍ਹਾਂ ਦੀ ਸਿਆਣਪ ਨੂੰ ਵੇਖ ਕੇ ਬਾਲ ਗੁਰੂ ਜਾਂ ਫਿਰ ਬਾਲਾ ਪ੍ਰੀਤਮ ਵੀ ਕਿਹਾ ਜਾਂਦਾ ਹੈ। ਆਪ ਜੀ ਦਾ ਆਗਮਨ 8 ਸਾਵਣ ਵਦੀ ਸੰਮਤ 1713 ਭਾਵ 7 ਜੁਲਾਈ ਸੰਨ 1656 ਨੂੰ ਸ਼ੀਸ਼ ਮਹੱਲ ਕੀਰਤਪੁਰ (ਰੋਪੜ) ਵਿਖੇ ਗੁਰੂ ਹਰਿਰਾਏ ਜੀ ਦੇ ਘਰ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁੱਖੋਂ ਹੋਇਆ। ਕੱਤਕ 6 ਸੰਮਤ 1718 ਅਨੁਸਾਰ 7 ਅਕਤੂਬਰ ਸੰਨ 1661 ਨੂੰ ਗੁਰਗੱਦੀ ਨੂੰ ਪ੍ਰਾਪਤ ਹੋਏ। ਆਪ ਜੀ ਦੇ ਸਮੇਂ ਤੋਂ ਪਹਿਲਾਂ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਵੇਲੇ ਹਿਦਾਇਤ ਸੀ ਕਿ ਗੁਰੂ ਹਰਿ ਰਾਏ ਸਾਹਿਬ ਹਥਿਆਰਬੰਦ ਹੋ ਕੇ ਗੁਰਗੱਦੀ ਤੇ ਬਿਰਾਜ਼ਮਾਨ ਹੋਣ। ਇਸ ਤੇ ਗੁਰੂ ਹਰਿਰਾਏ ਸਾਹਿਬ ਨੇ ਕੌਮ ਨੂੰ ਹਥਿਆਰਬੰਦ ਜਥੇਬੰਦਕ ਬਣਾਇਆ। ਸੰਗਤ ਦੇ ਹੌਂਸਲੇ ਬੁਲੰਦ ਹੋਏ। ਮੁਗਲ ਹਕੂਮਤ ਜਿੱਥੇ ਜੁਲਮ ਨਾਲ ਜਬਰਦਸਤੀ ਲੋਕਾਂ ਨੂੰ ਇਸਲਾਮ ਵਿਚ ਲਿਆਉਣਾ ਚਾਹੁੰਦੀ ਸੀ ਉਥੇ ਸਿੱਖ ਧਰਮ ਦੀ ਵੱਧਦੀ ਲੋਕ ਪ੍ਰਿਯਤਾ ਨੂੰ ਵੇਖ ਕੇ ਲੋਕ ਆਪਣੇ ਆਪ ਸਿੱਖ ਧਰਮ ਅਪਨਾਉਣ ਲੱਗ ਪਏ। ਬਾਦਸ਼ਾਹ ਔਰੰਗਜੇਬ ਨੇ ਧਰਮ ਗ੍ਰੰਥ ਦੇ ਸ਼ੰਕਿਆਂ ਦੇ ਬਹਾਨੇ ਗੁਰੂ ਹਰਿਰਾਏ ਸਾਹਿਬ ਨੂੰ ਤਲਬ ਕਰਨਾ ਚਾਹਿਆ। ਗੁਰੂ ਹਰਿਰਾਏ ਸਾਹਿਬ ਨੇ ਆਪਣੇ ਵੱਡੇ ਪੁੱਤਰ ਬਾਬਾ ਰਾਮਰਾਇ ਜੀ ਨੂੰ ਹਿਦਾਇਤ ਕੀਤੀ ਕਿ ਗੁਰਮਤਿ ਵਿਚਾਰਾਂ ਕਰਦੇ ਸਮੇਂ ਆਪਣੇ ਧਾਰਮਿਕ ਨਿਸਚੇ ਤੇ ਪੂਰਾ ਉਤਰਨਾ ਹੈ। ਬਾਦਸ਼ਾਹ ਨੇ ਸਵਾਲ ਕੀਤਾ ਕਿ ਤੁਹਾਡੇ ਗ੍ਰੰਥ ਵਿਚ ਮਿਟੀ ਮੁਸਲਮਾਨ ਕੀ ਪੇੜੈ ਪਾਈ ਕੁਮਿਆਰ ਇਸਲਾਮ ਦੀ ਹੱਤਕ ਨਹੀਂ ਹੈ। ਬਾਬਾ ਰਾਮਰਾਇ ਜੀ ਨੇ ਬਾਦਸ਼ਾਹ ਦੀ ਖੁਸ਼ੀ ਹਾਸਲ ਕਰਨ ਲਈ ਕਹਿ ਦਿੱਤਾ ਕਿ ਉਥੇ ਮਿਟੀ ਬੇਈਮਾਨ ਕੀ ਲਫਜ਼ ਹੈ ਗਲਤੀ ਨਾਲ ਮੁਸਲਮਾਨ ਲਿਖਿਆ ਗਿਆ ਹੈ। ਬਾਦਸ਼ਾਹ ਤਾਂ ਖੁਸ਼ ਹੋ ਗਿਆ ਪਰ ਜਦੋਂ ਗੁਰੂ ਹਰਿਰਾਇ ਜੀ ਨੂੰ ਪਤਾ ਲੱਗਾ ਕਿ ਗੁਰਬਾਣੀ ਦੀ ਤੁਕ ਬਦਲਣ ਦੀ ਅਵਿਗਿਆ ਹੋਈ ਹੈ ਤਾਂ ਉਨ੍ਹਾਂ ਬਾਬਾ ਰਾਮਰਾਇ ਜੀ ਨੂੰ ਛੇਕ ਦਿੱਤਾ। ਗੁਰੂ ਹਰਿਰਾਏ ਸਾਹਿਬ ਜੀ ਨੇ ਗੁਰਬਾਣੀ ਦੇ ਵਿਚ ਬੜੇ ਦ੍ਰਿੜ ਇਰਾਦੇ ਨਾਲ ਫੈਸਲਾ ਲਿਆ ਸੀ।



ਇਸੇ ਦ੍ਰਿੜਤਾ ਵਿਚ ਗੁਰੂ ਹਰਿਕ੍ਰਿਸ਼ਨ ਜੀ ਦੇ ਸਮੇਂ ਵੀ ਕਮੀ ਨਹੀਂ ਆਈ। ਉਨ੍ਹਾਂ ਨੂੰ ਵੀ ਜਦੋਂ ਬਾਬਾ ਰਾਮਰਾਇ ਜੀ ਦੀ ਸ਼ਿਕਾਇਤ ਤੇ ਬਹਾਨੇ ਨਾਲ ਤਲਬ ਕੀਤਾ ਤਾਂ ਸਦਾ ਠੁਕਰਾ ਦਿੱਤਾ। ਸਰਕਾਰੇ ਦਰਬਾਰੇ ਵਿਚੋਂ ਮਿਰਜ਼ਾ ਜੈ ਸਿੰਘ ਨੇ ਬਾਦਸ਼ਾਹ ਨਾਲ ਮਿਲਣੀ ਕਰਵਾਉਣ ਦਾ ਜਿੰਮਾ ਆਪਣੇ ਸਿਰ ਲਿਆ। ਦੀਵਾਨ ਪਰਸੂਰਾਮ ਨੂੰ 50 ਘੋੜ ਸੁਆਰ ਭੇਜ ਕੇ ਗੁਰਾਂ ਨੂੰ ਬੜੇ ਸਤਿਕਾਰ ਨਾਲ ਪਾਲਕੀ 'ਚ ਬਿਠਾ ਕੇ ਦਿੱਲੀ ਲਿਆਉਣ ਲਈ ਕਿਹਾ। ਗੁਰੂ ਸਾਹਿਬ ਨੇ ਦੀਵਾਨ ਨੂੰ ਕਿਹਾ ਕਿ ਉਹ ਔਰੰਗਜੇਦੇ ਮੱਥੇ ਨਹੀਂ ਲੱਗਣਗੇ। ਤਦ ਹੀ ਦਿੱਲੀ ਦੀਆਂ ਸੰਗਤਾਂ ਨੇ ਦਰਸ਼ਨਾਂ ਦੀ ਤਾਂਘ ਦੀ ਚਿੱਠੀ ਭੇਜੀ ਤਾਂ ਤੁਰੰਤ ਰਜ਼ਾਮੰਦ ਹੋ ਗਏ।

ਕੀਰਤਪੁਰ ਤੋਂ ਦਿੱਲੀ ਆਉਂਦੇ ਸਮੇਂ ਗੁਰੂ ਸਾਹਿਬ ਪੰਜੋਖਰਾ ਜ਼ਿਲ੍ਹਾ ਅੰਬਾਲਾ ਵਿਖੇ ਰੁਕੇ। ਉਥੇ ਲਾਲ ਚੰਦ ਬ੍ਰਾਹਮਣ ਨੇ ਗੁਰੂ ਜੀ ਨੂੰ ਵੰਗਾਰਿਆ ਕਿ ਤੁਸੀਂ ਵੱਡੇ ਗੁਰੂ ਬਣੀ ਫਿਰਦੇ ਹੋ। ਕ੍ਰਿਸ਼ਨ ਨੇ ਤਾਂ ਗੀਤਾ ਉਚਾਰੀ ਸੀ ਤੁਸੀਂ ਮੇਰੇ ਨਾਲ ਸ਼ਾਸ਼ਤਰ ਹਥ ਕਰ ਲਓ ਅਤੇ ਗੀਤਾ ਦੇ ਅਰਥ ਕਰਕੇ ਵਿਖਾਉ। ਗੁਰੂ ਜੀ ਨੇ ਪੰਡਿਤ ਨੂੰ ਸਮਝਾਇਆ ਕਿ ਗੁਰੂ ਦੀ ਸਮਰਥਾ ਅਰਥ ਕਰਨਾ ਹੀ ਨਹੀਂ ਸਗੋਂ ਮਨੁੱਖੀ ਜੀਵਨ ਨੂੰ ਸਾਵੀਂ ਪੱਧਰੀ ਰਾਹ ਤੇ ਤੋਰਨਾ ਹੈ ਅਗਿਆਨਤਾ ਦਾ ਨਾਸ ਕਰਨਾ ਹੈ। ਸਾਡਾ ਤਾਂ ਹਰ ਸਿੱਖ ਗਿਆਨਵਾਨ ਹੈ ਉਸ ਨੂੰ ਗਿਆਨ ਪ੍ਰਾਪਤ ਦੀ ਖੁੱਲ੍ਹ ਹੈ ਤਾਂ ਜੋ ਧਾਰਮਿਕ ਰਾਜਨੀਤਕ ਵਿਦਿਅਕ ਸੋਝੀ ਨਾਲ ਆਪਣਾ ਜੀਵਨ ਸੰਵਾਰ ਸਕੇ। ਤੁਸੀਂ ਕਿਸੇ ਵੀ ਸਿੱਖ ਨੂੰ ਪੁੱਛ ਲਉ ਤੁਹਾਨੂੰ ਉਤਰ ਮਿਲ ਜਾਵੇਗਾ। ਪੰਡਿਤ ਲੰਗਰਾਂ ਦੀ ਜਲ ਨਾਲ ਸੇਵਾ ਕਰਦੇ ਛੱਜੂ ਨੂੰ ਸਾਦਾ ਜਿਹਾ ਸਮਝ ਕੇ ਲੈ ਆਇਆ। ਪੰਡਿਤ ਨੇ ਜੋ ਵੀ ਪੁਛਿਆ ਛੱਜੂ ਨੇ ਉਸਦਾ ਉਤਰ ਦਿੱਤਾ ਕਿਉਂਕਿ ਉਹ ਲੰਗਰਾਂ ਦੀ ਸੇਵਾ ਦੇ ਨਾਲ ਬਾਣੀ ਗੁਣ ਗੁਣਾਉਂਦਾ ਰਹਿੰਦਾ ਸੀ। ਬ੍ਰਾਹਮਣ ਸ਼ਰਮਿੰਦਾ ਹੋ ਗਿਆ।

ਦਿੱਲੀ ਪਹੁੰਚ ਕੇ ਰਾਜਾ ਜੈ ਸਿੰਘ ਨੇ ਗੁਰੂ ਜੀ ਨੂੰ ਆਪਣੇ ਬੰਗਲੇ, ਜਿੱਥੇ ਅਜ ਕਲ ਗੁਰਦੁਆਰਾ ਬੰਗਾਲ ਸਾਹਿਬ ਹ, ਵਿੱਚ ਠਹਿਰਾਇਆ। ਸੰਗਤਾਂ ਦਰਸ਼ਨਾਂ ਲਈ ਉਮੜ ਪਈਆਂ। ਬਾਦਸ਼ਾਹ ਔਰੰਗਜੇਨੇ ਵੀ ਦਰਸ਼ਨਾਂ ਦੀ ਇੱਛਾ ਪ੍ਰਗਟ ਕੀਤੀ। ਪਰ ਗੁਰੂ ਜੀ ਨੇ ਇਨਕਾਰ ਕਰ ਦਿੱਤਾ। ਰਾਜਾ ਜੈ ਸਿੰਘ ਦੀ ਰਾਣੀ ਨੂੰ ਤੌਖਲਾ ਹੋਇਆ ਕਿ ਇਨ੍ਹਾਂ ਛੋਟਾ ਬਾਲਕ ਗੁਰੂ ਕਿਵੇਂ ਹੋ ਸਕਦਾ ਹੈ। ਜੇਕਰ ਗੁਰੂ ਹੈ ਤਾਂ ਮੈਨੂੰ ਹੀ ਢੂੰਡ ਕੇ ਦਸ ਦੇਵੇ ਕਿ ਸਵਾਗਤ ਕਰਨ ਵਾਲੀਆਂ ਵਿਚ ਮੈਂ ਕਿੱਥੇ ਹਾਂ? ਗੁਰੂ ਪਾਤਸ਼ਾਹ ਨੇ ਸਾਰੀਆਂ ਗੋਲੀਆਂ ਸਹੇਲੀਆਂ ਨੂੰ ਵੇਖ ਕੇ ਡੀਲ ਡੋਲ ਤੋਂ ਗੋਲੀ ਬਣੀ ਹੋਈ ਰਾਣੀ ਨੂੰ ਪਛਾਣ ਲਿਆ ਅਤੇ ਇਹ ਭਰਮ ਦੂਰ ਕੀਤਾ ਕਿ ਗੁਰੂ ਜੋਤ ਨੂੰ ਸਰੀਰ ਪੱਖੋਂ ਨਹੀਂ ਪਛਾਣਿਆ ਜਾ ਸਕਦਾ।

ਉਨੀਂ ਦਿਨੀਂ ਦਿੱਲੀ 'ਚ ਭਾਰੀ ਚੇਚਕ ਫੈਲ ਗਈ। ਗੁਰਦੇਵ ਆਪ ਲੋਕਾਂ ਦੇ ਘਰ ਘਰ ਜਾ ਕੇ ਸੇਵਾ ਕਰਨ ਲੱਗੇ ਅਤੇ ਲੋਕਾਈ ਦੇ ਭਲੇ ਲਈ ਮਾਇਆ ਵੀ ਖਰਚ ਕੀਤੀ। ਇਹ ਵੇਖ ਕੇ ਸੰਗਤਾਂ ਵੀ ਇਸ ਨੇਕ ਕੰਮ ਲਈ ਗੁਰੂ ਜੀ ਨਾਲ ਆ ਜੁੜੀਆਂ। ਇਸ ਛੂਤ ਦੀ ਬਿਮਾਰੀ ਵਿਚ ਆਪਣੀ ਬਾਲ ਉਮਰ ਦੀ ਪ੍ਰਵਾਹ ਵੀ ਨਹੀਂ ਕੀਤੀ। ਆਖਰ ਗੁਰੂ ਜੀ ਵੀ ਇਸ ਮਹਾਂਮਾਰੀ ਬਿਮਾਰੀ ਦਾ ਸ਼ਿਕਾਰ ਹੋ ਗਏ। ਮਾਤਾ ਜੀ ਅਤੇ ਸੰਗਤਾਂ ਵਿਚ ਘਬਰਾਹਟ ਹੋ ਗਈ। ਪਰ ਪਾਤਸ਼ਾਹ ਨੇ ਇਸ ਨੂੰ ਰੱਬੀ ਰਮਜ ਦਸਿਆ ਅਤੇ ਧੀਰਜ਼ ਵਿਚ ਰਹਿਣ ਲਈ ਕਿਹਾ। ਆਪਣਾ ਸੰਚਖੰਡ ਜਾਣ ਦਾ ਸਮਾਂ ਆਉਂਦਾ ਵੇਖ ਕੇ ਹੁਕਮ ਦਿੱਤਾ ਕਿ ਅਗਲਾ ਗੁਰੂ 'ਬਾਬਾ ਬਕਾਲਾ' ਜਿਸ ਦਾ ਭਾਵ ਸੀ ਕਿ ਗੁਰੂ 'ਬਾਬਾ ਬਕਾਲਾ' ਰਹਿੰਦਾ ਹੈ। ਆਪ ਜੀ 3 ਵਿਸਾਖ ਸੰਮਤ 1721 ਮੁਤਾਬਕ 3 ਮਾਰਚ ਸੰਨ 1664 ਨੂੰ ਜੋਤੀ ਜੋਤ ਸਮਾ ਗਏ। ਆਪ ਦਾ ਸਸਕਾਰ ਮੌਜੂਦਾ ਗੁਰਦੁਆਰਾ ਬਾਬਾ ਸਾਹਿਬ ਦਿੱਲੀ ਵਿਖੇ ਹੋਇਆ।

ਵਰਨਣਯੋਗ ਹੈ ਕਿ ਆਪ ਨੇ ਬਲ ਉਮਰੇ ਹੀ ਗੁਰਗੱਦੀ ਦੀ ਜਿੰਮੇਵਾਰੀ ਨਿਭਾ ਕੇ ਦੱਸ ਦਿੱਤਾ ਕਿ ਗੁਰੂ ਸਰੀਰ ਨਹੀਂ ਜੋਤਿ ਹੈ। ਸਪਸ਼ਟ ਕੀਤਾ ਕਿ ਸਰੀਰ ਭਾਵੇਂ ਬਿਰਧ ਹੋਵੇ ਜਾਂ ਬਾਲ ਉਮਰ ਗੁਰੂ ਜੋਤ ਨਾਲ ਉਮਰ ਦਾ ਕੋਈ ਸਬੰਧ ਨਹੀਂ। ਢਾਈ ਸਾਲ ਦੀ ਗੁਰੂਤਾ ਵਿਚ ਗੁਰਦੇਵ ਨੇ ਬੜੀ ਸਿਆਣਪ, ਦ੍ਰਿੜਤਾ ਅਤੇ ਨਿਰਭੈਤਾ ਨਾਲ ਜਿੰਮੇਵਾਰੀ ਨਿਭਾਈ। ਉਨ੍ਹਾਂ ਨੇ ਧਰਮ ਪ੍ਰਚਾਰ ਵੀ ਉਸੇ ਤਰ੍ਹਾਂ ਜਾਰੀ ਰਖਿਆ ਜਿਵੇਂ ਪਹਿਲਾਂ ਤੋਂ ਚਲਿਆ ਆ ਰਿਹਾ ਸੀ। ਉਨ੍ਹਾਂ ਦੇ ਹੋਰ ਪਰਉਪਕਾਰਾਂ ਵਿਚ ਜਦ ਭਾਈ ਕਲਿਆਣਾ ਦੀ ਧਰਮਸ਼ਾਲਾ (ਮਹੱਲਾ ਦਿਲਵਾਲੀ ਸਿੰਘ ਦਿਲੀ) ਵਿਖੇ ਡੇਰੇ ਲਾਏ ਤਾਂ ਉਥੇ ਲੋਕ ਗਰੀਬ ਸਨ। ਪੀਣ ਲਈ ਸਾਫ਼ ਪਾਣੀ ਵੀ ਨਹੀਂ ਸੀ। ਲੋਕ ਬਿਮਾਰੀਆਂ ਵਿਚ ਘਿਰੇ ਹੋਏ ਸਨ। ਬੜਾ ਦੁਖੀ ਜੀਵਨ ਬਤੀਤ ਕਰ ਰਹੇ ਸਨ। ਗੁਰੂ ਦੀਆਂ ਸੰਗਤਾਂ ਨੇ ਲੰਗਰ ਲਗਾ ਦਿੱਤੇ। ਥਾਂ ਥਾਂ ਸਾਫ਼ ਪਾਣੀ ਦਾ ਪ੍ਰਬੰਧ ਕੀਤਾ। ਕਈ ਮੁਸਲਮਾਨ ਫਕੀਰ ਵੀ ਗੁਰਾਂ ਦੇ ਉਪਾਸ਼ਕ ਬਣ ਗਏ। ਗੁਰੂ ਜੀ ਨੇ ਸੱਚੀ ਸੁੱਚੀ ਕ੍ਰਿਤ ਕਰਦਿਆਂ ਰੱਬ ਦੀ ਰਜ਼ਾ ਵਿਚ ਰਹਿਣ ਦਾ ਉਪਦੇਸ਼ ਦਿੰਦੇ।

# ਖੇਤੀਬਾੜੀ ਖੇਤਰ ਉੱਤੇ ਜੀਐਸਟੀ ਦਾ ਪਏਗਾ ਮਾੜਾ ਪ੍ਰਭਾਵ

**ਡਾ. ਬਲਵਿੰਦਰ ਸਿੰਘ ਸਿੱਧੂ***



**ਭਾਰਤ ਸਰਕਾਰ ਵੱਲੋਂ ਸਾਲ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਟੀਚਾ ਮਿਥਿਆ ਗਿਆ ਹੈ ਪਰ ਨਵੀਂ ਜੀਐਸਟੀ ਪ੍ਰਣਾਲੀ ਦੇ ਲਾਗੂ ਹੋਣ ਨਾਲ ਫਿਲਹਾਲ ਫਸਲਾਂ ਦੀ ਪੈਦਾਵਾਰ ਲਾਗਤ ਵਧਣ ਅਤੇ ਕਿਸਾਨਾਂ ਦੀ ਆਮਦਨ ਘਟਣ ਦਾ ਖਦਸ਼ਾ ਪੈਦਾ ਹੋ ਗਿਆ ਹੈ। ਇਸ ਲਈ ਚਾਹੀਦਾ ਹੈ ਕਿ ਸ਼ੁਰੂਆਤੀ ਮੁਸ਼ਕਲਾਂ ਨੂੰ ਹੱਲ ਕਰਨ ਅਤੇ ਇਸ ਦਾ ਸਾਰੇ ਵਰਗਾਂ ਦੇ ਲੋਕਾਂ ਨੂੰ ਲਾਭ ਪੁਹੰਚਾਉਣ ਲਈ ਵੱਖ-ਵੱਖ ਵਸਤਾਂ ’ਤੇ ਜੀਐਸਟੀ ਦੀਆਂ ਦਰਾਂ ਉਪਰ ਪੁਨਰ-ਵਿਚਾਰ ਕੀਤਾ ਜਾਵੇ।**

ਸੰਸਦ ਦੇ ਕੇਂਦਰੀ ਹਾਲ ਵਿੱਚ 30 ਜੂਨ, 2017 ਦੀ ਅੱਧੀ ਰਾਤ ਨੂੰ ਹੋਏ ਸਮਾਗਮ ਦੌਰਾਨ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਦੇਸ਼ ਵਾਸੀਆਂ ਨੂੰ ਬਹੁਭਾਂਤੀ ਕਰਾਂ ਤੋਂ ਰਾਹਤ ਦੇਣ ਲਈ, ਸਭ ਤੋਂ ਵੱਡੇ ਕਰ ਸੁਧਾਰ ‘ਵਸਤਾਂ ਤੇ ਸੇਵਾਵਾਂ ਕਰ’ ਨੂੰ ਲਾਗੂ ਕਰਨ ਦਾ ਐਲਾਨ ਕਰਕੇ ‘ਇੱਕ ਦੇਸ਼-ਇੱਕ ਕਰ-ਇੱਕ ਬਾਜ਼ਾਰ’ ਦੀ ਸੋਚ ਨੂੰ ਅਮਲੀ ਜਾਮਾ ਪਹਿਨਾ ਦਿੱਤਾ। ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਇਹ ਆਧੁਨਿਕ ਕਰ ਪ੍ਰਣਾਲੀ ਦੇਸ਼ ਦੇ ਆਰਥਿਕ ਏਕੀਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਵੇਗੀ ਅਤੇ ਇਹ ਦੇਸ਼ ਦੇ ਗਰੀਬਾਂ ਦੇ ਹਿੱਤਾਂ ਦੀ ਸਭ ਤੋਂ ਵੱਡੀ ਸਾਰਥਿਕ ਵਿਵਸਥਾ ਹੋਵੇਗੀ।

ਵਸਤਾਂ ਅਤੇ ਸੇਵਾਵਾਂ ਕਰ ਪ੍ਰਣਾਲੀ ਅਧੀਨ, ਵਸਤਾਂ ਦੇ ਨਿਰਮਾਣ ਤੋਂ ਸ਼ੁਰੂ ਹੋ ਕੇ ਇਨ੍ਹਾਂ ਦੀ ਖਪਤ ਤੱਕ ਦੀ ਇਸ ਦੀ ਕੀਮਤ ਵਿੱਚ, ਪੜਾਅਵਾਰ ਵਾਧੇ ਅਨੁਸਾਰ ਜੀਐਸਟੀ ਲਗਾਇਆ ਜਾਣਾ ਹੈ। ਭਾਵ ਹਰ ਸਟੇਜ ’ਤੇ ਵਸਤੂ ਦੀ ਕੀਮਤ ਵਿੱਚ ਵਾਧੇ ਅਨੁਸਾਰ ਹੀ ਕਰ ਲੱਗਣਾ ਹੈ ਅਤੇ ਟੈਕਸ ਦਾ ਸਾਰਾ ਬੋਝ ਅਖ਼ੀਰਲੇ ਖਪਤਕਾਰ ਨੂੰ ਸਹਿਣ ਕਰਨਾ ਪੈਣਾ ਹੈ। ਇਹ ਦਾਅਵਾ ਕੀਤਾ ਗਿਆ ਹੈ ਕਿ ਇਸ ਦੇ ਲਾਗੂ ਹੋਣ ਨਾਲ ਕਰ ਪ੍ਰਣਾਲੀ ਆਸਾਨ ਹੋ ਜਾਵੇਗੀ, ਵਸਤਾਂ ਸਸਤੀਆਂ ਹੋ ਜਾਣਗੀਆਂ, ਵਪਾਰ ਕਰਨ ਵਿੱਚ ਆਸਾਨੀ ਹੋਵੇਗੀ, ਟੈਕਸਾਂ ਦੀ ਚੋਰੀ ਘੱਟ ਜਾਵੇਗੀ ਅਤੇ ਸਰਕਾਰ ਦੀ ਆਮਦਨ ਵਿੱਚ ਵਾਧਾ ਹੋਵੇਗਾ। ਇਸ ਕਰ ਪ੍ਰਣਾਲੀ ਦੇ ਅਮਲ ਵਿੱਚ ਆਉਣ ਨੂੰ, ਦੇਸ਼ ਦੇ ਲੋਕਾਂ ਲਈ ਆਰਥਿਕ ਅਜ਼ਾਦੀ ਦਾ ਦਰਜਾ ਦਿੱਤਾ ਜਾ ਰਿਹਾ ਹੈ।

ਖੇਤੀਬਾੜੀ ਅੱਜ ਵੀ ਦੇਸ਼ ਦੀ ਆਰਥਿਕਤਾ ਦਾ ਇੱਕ ਮਹੱਤਵਪੂਰਨ ਖੇਤਰ ਹੈ। ਆਜ਼ਾਦੀ ਤੋਂ ਬਾਅਦ ਦੇਸ਼ ਦੀ ਖੇਤੀ ਖੇਤਰ ਵਿੱਚ ਵਾਧੇ ਦੀ ਦਰ 1980 ਦੇ ਦਹਾਕੇ ਦੌਰਾਨ ਸੱਭ ਤੋਂ ਵੱਧ 4.7% ਰਹੀ ਅਤੇ ਉਸ ਤੋਂ ਬਾਅਦ ਲਗਾਤਾਰ ਘਟੀ ਹੈ। ਖੇਤੀ ਖੇਤਰ ਦਾ ਦੇਸ਼ ਦੀ ਕੁੱਲ ਘਰੇਲੂ ਆਮਦਨ ਵਿੱਚ ਯੋਗਦਾਨ ਹੁਣ ਘੱਟ ਕੇ ਤਕਰੀਬਨ 14% ਰਹਿ ਗਿਆ ਹੈ ਜਦਕਿ ਇਹ ਖੇਤਰ ਦੇਸ਼ ਦੇ ਤਕਰੀਬਨ ਅੱਧੇ ਕਾਮਿਆਂ ਨੂੰ ਰੁਜ਼ਗਾਰ ਪ੍ਰਦਾਨ ਕਰ ਰਿਹਾ ਹੈ। ਸਾਡੇ ਦੇਸ਼ ਵਿੱਚ ਦੁਨੀਆ ਦੇ ਗਰੀਬ ਲੋਕਾਂ ਦਾ ਇਕ-ਚੌਥਾਈ ਹਿੱਸਾ ਰਹਿੰਦਾ ਹੈ। ਦੇਸ਼ ਦੀ ਜ਼ਿਆਦਾਤਰ ਆਬਾਦੀ ਆਪਣੀ ਉਪਜੀਵਕਾ ਲਈ ਖੇਤੀਬਾੜੀ ਉਪਰ ਨਿਰਭਰ ਹੈ। ਇਸ ਦੇ ਸਨਮੁੱਖ ਖੇਤੀਬਾੜੀ ਜਿਣਸਾਂ ਭਾਵ ਕਣਕ, ਚਾਵਲ, ਮੱਕੀ, ਜੌਂ, ਆਦਿ ਤਾਜ਼ਾ ਸਬਜ਼ੀਆਂ ਤੇ ਫਲ, ਜਿਵੇਂ ਆਲੂ, ਟਮਾਟਰ, ਪਿਆਜ਼ ਅਤੇ ਜ਼ਿੰਦਾ ਪਸ਼ੂ-ਧਨ ਜਿਵੇਂ ਕਿ ਭੇਡਾਂ, ਬੱਕਰੀਆਂ, ਸੂਰ, ਮੱਛੀਆਂ ਅਤੇ ਇਨ੍ਹਾਂ ਦੇ ਤਾਜ਼ਾ ਮੀਟ ਆਦਿ ਨੂੰ ਜੀਐਸਟੀ ਦੇ ਦਾਇਰੇ ਤੋਂ ਬਾਹਰ ਰੱਖਿਆ ਗਿਆ ਹੈ।

ਵਿੱਤ ਵਿਭਾਗ, ਭਾਰਤ ਸਰਕਾਰ ਵੱਲੋਂ 28 ਜੂਨ, 2017 ਨੂੰ ਜਾਰੀ ਕੀਤੀ ਨੋਟੀਫਿਕੇਸ਼ਨ ਦੇ ਲੜੀ ਨੰਬਰ 54 ਅਨੁਸਾਰ ਇਸ ਪ੍ਰਣਾਲੀ ਹੇਠ ਖੇਤੀ ਪੈਦਾਵਾਰ ਨਾਲ ਸਬੰਧਿਤ ਸੇਵਾਵਾਂ, ਜਿਵੇਂ ਕਿ (ੳ) ਫਸਲ ਲਈ ਵਹਾਈ, ਬਿਜਾਈ, ਕਟਾਈ, ਝੜਾਈ ਅਤੇ ਪੌਦ-ਸੁਰੱਖਿਆਂ ਦੇ ਕਾਰਜਾਂ ਲਈ ਸੇਵਾ; (ਅ) ਮਜ਼ਦੂਰਾਂ ਦੀ ਸਪਲਾਈ; (ੲ) ਖੇਤ ਵਿੱਚ ਪੈਦਾਵਾਰ ਲਈ ਕੀਤੀਆਂ ਜਾਂਦੀਆਂ ਗਤੀਵਿਧੀਆਂ, ਜਿਨ੍ਹਾਂ ਨਾਲ ਫਸਲਾਂ ਦੇ ਮੁੱਢਲੇ ਗੁਣਾਂ ਵਿੱਚ ਤਬਦੀਲੀ ਨਾ ਹੁੰਦੀ ਹੋਵੇ ਪ੍ਰੰਤੂ ਮੁੱਢਲੀ ਮੰਡੀ ਵਿੱਚ ਵੇਚਣਯੋਗ ਹੋ ਜਾਵੇ ਜਿਵੇਂ ਕਿ ਫਸਲਾਂ ਨੂੰ ਸੁਕਾਉਣਾ, ਛਾਂਟਣਾ, ਗਰੇਡ ਕਰਨਾ, ਠੰਢਾ ਕਰਨਾ ਅਤੇ ਪੈਕਜਿੰਗ, ਆਦਿ; (ਸ) ਖੇਤੀਬਾੜੀ ਮਸ਼ੀਨਰੀ ਜਾਂ ਖਾਲੀ ਜ਼ਮੀਨ ਕਿਰਾਏ ਜਾਂ ਲੀਜ਼ ’ਤੇ ਦੇਣਾ; (ਹ) ਖੇਤੀਬਾੜੀ ਵਿਸਥਾਰ ਸੇਵਾਵਾਂ; ਅਤੇ (ਕ) ਖੇਤੀ ਉਤਪਾਦਾਂ ਦੀ ਲੱਦਾਈ, ਲਹਾਈ, ਪੈਕਿੰਗ ਅਤੇ ਸਟੋਰੇਜ ਨੂੰ ਵੀ ਜੀਐਸਟੀ ਦੇ ਦਾਇਰੇ ਤੋਂ ਬਾਹਰ ਰੱਖਿਆ ਗਿਆ ਹੈ। ਇਸ ਤਰ੍ਹਾਂ ਕਿਸਾਨਾਂ ਨੂੰ ਜ਼ਮੀਨ ਦੇ ਠੇਕੇ ਤੋਂ ਪ੍ਰਾਪਤ ਹੋਣ ਵਾਲੀ ਰਾਸ਼ੀ ਅਤੇ ਖੇਤੀ ਦੇ ਕਾਰਜਾਂ ਲਈ ਲੋੜੀਂਦੀਆਂ ਸੇਵਾਵਾਂ ਪ੍ਰਾਪਤ ਕਰਨ ’ਤੇ ਜੀਐਸਟੀ ਨਹੀਂ ਲੱਗੇਗਾ।

ਪ੍ਰੰਤੂ ਖੇਤੀ ਦੀ ਪੈਦਾਵਾਰ ਲਈ ਕਿਸਾਨਾਂ ਨੂੰ ਵੱਖ-ਵੱਖ ਸਮੇਂ, ਵੱਖ-ਵੱਖ ਸਮੱਗਰੀ ਜਿਵੇਂ ਬੀਜ, ਖਾਦਾਂ, ਕੀੜੇਮਾਰ ਦਵਾਈਆਂ, ਖੇਤੀ ਮਸ਼ੀਨਰੀ ਅਤੇ ਸਿੰਚਾਈ ਉਪਕਰਣਾਂ, ਆਦਿ ਦੀ ਜ਼ਰੂਰਤ ਹੈ। ਇਨ੍ਹਾਂ ਵਿੱਚੋਂ ਕੇਵਲ ਬੀਜ ਦੀ ਖਰੀਦ ’ਤੇ ਹੀ ਜੀਐਸਟੀ ਨਹੀਂ ਲੱਗੇਗਾ ਪਰ ਬਾਗਬਾਨੀ ਅਤੇ ਹੋਰ ਸਬਜ਼ੀਆਂ ਅਤੇ ਫੁੱਲਾਂ ਦੀ ਪਨੀਰੀ, ਆਦਿ ਦੀ ਖਰੀਦ ’ਤੇ ਜੀਐਸਟੀ ਦੇਣਾ ਪਵੇਗਾ। ਜਿਥੋਂ ਤਕ ਖਾਦਾਂ ਦਾ ਸਬੰਧ ਹੈ, ਇਨ੍ਹਾਂ ਉੱਤੇ 5% ਦੀ ਦਰ ’ਤੇ ਜੀਐਸਟੀ ਲਗਾਇਆ ਗਿਆ ਹੈ ਜਦਕਿ ਪਹਿਲਾਂ ਤਕਰੀਬਨ 2% ਟੈਕਸ (1% ਐਕਸਾਈਜ਼ ਡਿਊਟੀ ਅਤੇ 1% ਦੇ ਕਰੀਬ ਹੋਰ ਕੇਂਦਰੀ ਟੈਕਸ, ਜਿਨ੍ਹਾਂ ਵਿੱਚ ਥੈਲਿਆਂ ਅਤੇ ਕੱਚੇ ਮਾਲ ’ਤੇ ਟੈਕਸ ਆਦਿ ਸ਼ਾਮਿਲ ਹਨ) ਹੀ ਲਗਦਾ ਸੀ। ਇਸ ਤਰ੍ਹਾਂ ਖਾਦਾਂ ਦੀ ਖਰੀਦ ਲਈ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਤਾਮਿਲਨਾਡੂ, ਕੇਰਲਾ ਅਤੇ ਜੰਮੂ-ਕਸ਼ਮੀਰ ਦੇ ਕਿਸਾਨਾਂ ’ਤੇ ਟੈਕਸ ਦਾ ਕੁੱਝ ਵਾਧੂ ਭਾਰ ਪਵੇਗਾ। ਫਸਲਾਂ ਤੋਂ ਵੱਧ ਝਾੜ ਲੈਣ ਲਈ ਕਿਸਾਨਾਂ ਵੱਲੋਂ ਲਘੂ ਤੱਤਾਂ ਦੀ ਵੀ ਵਰਤੋਂ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਰਾਜਾਂ ਵਿੱਚ, ਇਨ੍ਹਾਂ ’ਤੇ ਨਵੇਂ ਸਿਸਟਮ ਅਧੀਨ ਕਰ ਦੀ ਦਰ 6% ਤੋਂ ਵੱਧ ਕੇ 12% ਹੋ ਗਈ ਹੈ। ਫਸਲਾਂ ਨੂੰ ਕੀੜੇ-ਮਕੌੜਿਆਂ ਦੇ ਹਮਲੇ ਤੋਂ ਬਚਾਉਣ ਲਈ ਵਰਤੀਆਂ ਜਾਂਦੀਆਂ ਕੀੜੇਮਾਰ ਦਵਾਈਆਂ ਉਪਰ 18% ਦੀ ਦਰ ’ਤੇ ਜੀਐਸਟੀ ਦਾ ਭੁਗਤਾਨ ਕਰਨਾ ਪਵੇਗਾ। ਪਹਿਲਾਂ ਇਨ੍ਹਾਂ ਦਵਾਈਆਂ ਦੀ ਵੇਚ ’ਤੇ 12.5% ਕੇਂਦਰੀ ਐਕਸਾਈਜ਼ ਡਿਊਟੀ ਲਗਦੀ ਸੀ ਅਤੇ ਪੰਜਾਬ, ਹਰਿਆਣਾ ਅਤੇ ਕੁੱਝ ਹੋਰ ਰਾਜਾਂ ਵਿੱਚ ਕੀੜੇਮਾਰ ਦਵਾਈਆਂ ’ਤੇ ਵੈਟ ਮੁਆਫ਼ ਸੀ। ਇਸ ਤਰ੍ਹਾਂ ਰਾਜ ਦੇ ਕਿਸਾਨਾਂ ਨੂੰ ਨਵੀਂ ਕਰ ਪ੍ਰਣਾਲੀ ਕਾਰਨ ਵਾਧੂ ਕਰ ਦਾ ਕੁੱਝ ਭਾਰ ਵੀ ਸਹਿਣ ਕਰਨਾ ਪੈ ਸਕਦਾ ਹੈ।

ਖੇਤੀ ਉਪਜਾਂ ਦੀ ਪੈਦਾਵਾਰ ਲਈ ਮਸ਼ੀਨਰੀ ਇੱਕ ਅਨਿੱਖੜਵਾ ਅੰਗ ਬਣ ਗਈ ਹੈ। ਟਰੈਕਟਰ ਖੇਤੀਬਾੜੀ ਦੇ ਮਸ਼ੀਨੀਕਰਨ ਦਾ ਧੁਰਾ ਹੈ। ਨਵੇਂ ਕਰ ਉਪਬੰਧਾਂ ਅਧੀਨ ਨਵੇਂ ਟਰੈਕਟਰ ਦੀ ਖਰੀਦ ’ਤੇ 12% ਦੀ ਦਰ ਅਤੇ ਇਸ ਦੇ ਪੁਰਜ਼ਿਆਂ ਉਪਰ 18% ਦੀ ਦਰ ’ਤੇ ਜੀਐਸਟੀ ਅਦਾ ਕਰਨਾ ਪਵੇਗਾ ਜਦੋਂਕਿ ਪਹਿਲਾਂ ਵੈਟ 6.05% ਦੀ ਦਰ ’ਤੇ ਲਗਦਾ ਸੀ। ਇਸ ਦੇ ਨਾਲ-ਨਾਲ ਕੁੱਝ ਪੁਰਜ਼ਿਆਂ ਉਪਰ 12.6% ਦੀ ਦਰ ’ਤੇ ਐਕਸਾਈਜ਼ ਡਿਊਟੀ ਅਤੇ ਰਾਜ ਤੋਂ ਬਾਹਰੋਂ ਮੰਗਾਏ ਗਏ ਪੁਰਜ਼ਿਆਂ ਉਪਰ 2% ਦੀ ਦਰ ’ਤੇ ਕੇਂਦਰੀ ਵਿਕਰੀ ਕਰ ਲਗਦਾ ਸੀ। ਇਸ ਤਰ੍ਹਾਂ ਕੁੱਲ ਮਿਲਾ ਕੇ ਨਵੀਂ ਕਰ ਪ੍ਰਣਾਲੀ ਅਧੀਨ ਟਰੈਕਟਰ ਦੀ ਕੀਮਤ ਵਿੱਚ ਕੁੱਝ ਵਾਧਾ ਜ਼ਰੂਰ ਹੋਵੇਗਾ। ਇਸੇ ਤਰ੍ਹਾਂ ਖੇਤੀ ਲਈ ਵਰਤੇ ਜਾਣ ਵਾਲੇ ਸੰਦਾਂ ਉਪਰ ਪਹਿਲਾਂ ਰਾਜ ਵਿੱਚ ਕੋਈ ਟੈਕਸ ਨਹੀਂ ਲਗਦਾ ਸੀ ਜਦੋਂਕਿ ਹੁਣ 12% ਦੀ ਦਰ ’ਤੇ ਜੀਐਸਟੀ ਦੇਣਾ ਪਵੇਗਾ। ਭਾਵੇਂ ਮਸ਼ੀਨਰੀ ਨਿਰਮਾਤਾਵਾਂ ਨੂੰ ਅਦਾ ਕੀਤੇ ਇਨਪੁਟ ਟੈਕਸ ਦਾ ਕਰੈਡਿਟ ਮਿਲ ਜਾਵੇਗਾ, ਫਿਰ ਵੀ ਖੇਤੀ ਉਪਕਰਣਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਣਾ ਲਾਜ਼ਮੀ ਹੈ। ਇਸ ਤਰ੍ਹਾਂ ਇਨ੍ਹਾਂ ਉਪਕਰਣਾਂ ਨੂੰ ਬਨਾਉਣ ਲਈ ਵਰਤੇ ਜਾਂਦੇ ਪੁਰਜ਼ਿਆਂ ’ਤੇ ਪਹਿਲਾਂ ਟੈਕਸ ਤੋਂ ਛੋਟ ਸੀ ਪਰ ਹੁਣ ਕੁੱਝ ਉਪਕਰਣ ਜਿਵੇਂ ਗੇਅਰ-ਬੌਕਸ, ਟਰਾਂਸਮਿਸ਼ਨ ਸਾਫਟ ’ਤੇ ਜੀਐਸਟੀ ਲੱਗਣ ਨਾਲ ਇਨ੍ਹਾਂ ਸੰਦਾਂ ਦੀ ਮੁਰੰਮਤ ਅਤੇ ਰੱਖ-ਰਖਾਵ ਉਪਰ ਖ਼ਰਚਾ ਵੀ ਵੱਧ ਜਾਵੇਗਾ। ਇਸੇ ਤਰ੍ਹਾਂ ਸਿੰਚਾਈ ਲਈ ਵਰਤੀ ਜਾਣ ਵਾਲੀ ਮਸ਼ੀਨਰੀ ਵੀ ਮਹਿੰਗੀ ਹੋ ਜਾਵੇਗੀ। ਪਾਣੀ ਦੀ ਸੁਚੱਜੀ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ ਭਾਰਤ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਅਧੀਨ ਡ੍ਰਿੱਪ/ਸਪਰਿੰਕਲਰ ਸਿਸਟਮ ਲਗਾਉਣ ਲਈ ਆਪਣੇ ਹਿੱਸੇ ਵਜੋਂ ਲਾਭਪਾਤਰੀਆਂ ਨੂੰ 27% ਦੀ ਦਰ ’ਤੇ ਸਬਸਿਡੀ ਦਿੱਤੀ ਜਾ ਰਹੀ ਹੈ ਪਰ ਦੂਸਰੇ ਪਾਸੇ ਇਨ੍ਹਾਂ ਸਿਸਟਮਾਂ ’ਤੇ 18% ਜੀਐਸਟੀ ਲਗਾਉਣ ਨਾਲ ਇਹ ਸਬਸਿਡੀ ਨਾ-ਮਾਤਰ ਹੀ ਰਹਿ ਗਈ ਹੈ। ਇਸ ਤਰ੍ਹਾਂ ਨਵੀਂ ਕਰ ਪ੍ਰਣਾਲੀ ਕਾਰਨ ਵਧੀ ਕੀਮਤ ਸਦਕਾ ਸਿੰਚਾਈ ਲਈ ਪਾਣੀ ਦੀ ਸੁਚੱਜੀ ਵਰਤੋਂ ਨੂੰ ਉਤਸ਼ਾਹਿਤ ਕਰਨ ਦੇ ਕੰਮ ਦੀ ਪ੍ਰਗਤੀ ਨੂੰ ਠੇਸ ਪਹੁੰਚੇਗੀ। ਪ੍ਰੰਤੂ ਪੈਟਰੋਲੀਅਮ ਉਤਪਾਦ ਜਿਵੇਂ ਕੱਚਾ ਤੇਲ, ਪੈਟਰੋਲ, ਹਾਈਸਪੀਡ ਡੀਜ਼ਲ ਅਤੇ ਬਿਜਲੀ ਨੂੰ ਜੀਐਸਟੀ ਦੇ ਘੇਰੇ ਤੋਂ ਬਾਹਰ ਰੱਖਦੇ ਹੋਏ ਮੌਜੂਦਾ ਟੈਕਸ ਸਿਸਟਮ ਭਾਵ ਵੈਟ ਅਤੇ ਕੇਂਦਰੀ ਆਬਕਾਰੀ ਡਿਊਟੀ ਨੂੰ ਹੀ ਜਾਰੀ ਰੱਖਿਆ ਗਿਆ ਹੈ ਜਿਸ ਕਰਕੇ ਵੱਖ-ਵੱਖ ਖੇਤੀ ਉਪਰੇਸ਼ਨਾਂ ਲਈ ਮਸ਼ੀਨਰੀ ਦੀ ਵਰਤੋਂ ਦੀ ਲਾਗਤ ਵਿੱਚ ਹਾਲ ਦੀ ਘੜੀ ਕੋਈ ਵਾਧਾ ਨਹੀਂ ਹੋਵੇਗਾ।

ਕਿਸਾਨਾਂ ਦੀ ਆਮਦਨ ਵਧਾਉਣ ਅਤੇ ਪੇਂਡੂ ਖੇਤਰਾਂ ਵਿੱਚ ਰੁਜ਼ਗਾਰ ਦੇ ਬਦਲਵੇ ਮੌਕੇ ਮੁਹੱਈਆ ਕਰਵਾਉਣ ਵਿੱਚ ਖੇਤੀ ’ਤੇ ਆਧਾਰਤ ਉਦਯੋਗ ਅਤੇ ਫੂਡ ਪ੍ਰੋਸੈਸਿੰਗ ਇੰਡਸਟਰੀ ਮਹੱਤਵਪੂਰਨ ਯੋਗਦਾਨ ਪਾ ਸਕਦੇ ਹਨ। ਹੁਣ ਪ੍ਰੋਸੈਸਡ ਫੂਡ ਜਿਵੇਂ ਕਿ ਫਲਾਂ ਦੇ ਜੂਸ ਅਤੇ ਡੱਬਾ-ਬੰਦ ਸਬਜ਼ੀਆਂ, ਆਦਿ ’ਤੇ ਪਹਿਲਾਂ ਲੱਗਦੇ 5% ਵੈਟ ਦੀ ਥਾਂ ’ਤੇ 12% ਜੀਐਸਟੀ ਲਗਾਉਣ ਦਾ ਉਪਬੰਧ ਕੀਤਾ ਗਿਆ ਹੈ। ਇਸੇ ਤਰ੍ਹਾਂ ਫਲਾਂ ਦੇ ਮੁਰੱਬੇ, ਜੈਲੀ ਅਤੇ ਸਬਜ਼ੀਆਂ ਦੀ ਪਿਊਰੀ ਉਪਰ ਵੀ ਮੌਜੂਦਾ 5% ਦੀ ਥਾਂ ’ਤੇ 18% ਦੀ ਦਰ ’ਤੇ ਜੀਐਸਟੀ ਲਗਾਇਆ ਜਾਵੇਗਾ। ਡੇਅਰੀ ਰਾਜ ਦੇ ਕਿਸਾਨਾਂ ਲਈ ਇੱਕ ਮਹੱਤਵਪੂਰਨ ਸਹਾਇਕ ਧੰਦਾ ਹੈ ਅਤੇ ਦੁੱਧ ਦੇ ਉਤਪਾਦਾਂ ’ਤੇ ਵੀ 18% ਦੀ ਦਰ ’ਤੇ ਜੀਐਸਟੀ ਲਗਾਉਣ ਕਰਕੇ ਕਿਸਾਨਾਂ ਨੂੰ ਪ੍ਰਾਪਤ ਹੋਣ ਵਾਲੇ ਇਸ ਮੁੱਲ ਵਿੱਚ ਨੇੜਲੇ ਭਵਿੱਖ ਵਿੱਚ ਬਹੁਤਾ ਵਾਧਾ ਸੰਭਵ ਨਹੀਂ ਹੋਵੇਗਾ। ਇਨ੍ਹਾਂ ਹਾਲਤਾਂ ਵਿੱਚ ਕੁੱਲ ਮਿਲਾ ਕੇ ਖੇਤੀ ਆਧਾਰਤ ਉਦਯੋਗਾਂ ਦੇ ਪ੍ਰਫੁੱਲਤ ਹੋਣ ਉਪਰ ਸਵਾਲੀਆ ਨਿਸ਼ਾਨ ਲੱਗ ਗਿਆ ਹੈ।

ਭਾਰਤ ਸਰਕਾਰ ਵੱਲੋਂ ਸਾਲ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਟੀਚਾ ਮਿਥਿਆ ਗਿਆ ਹੈ ਪਰ ਨਵੀਂ ਜੀਐਸਟੀ ਪ੍ਰਣਾਲੀ ਦੇ ਲਾਗੂ ਹੋਣ ਨਾਲ ਫਿਲਹਾਲ ਫਸਲਾਂ ਦੀ ਪੈਦਾਵਾਰ ਲਾਗਤ ਵਧਣ ਅਤੇ ਕਿਸਾਨਾਂ ਦੀ ਆਮਦਨ ਘਟਣ ਦਾ ਖਦਸ਼ਾ ਪੈਦਾ ਹੋ ਗਿਆ ਹੈ। ਇਸ ਲਈ ਚਾਹੀਦਾ ਹੈ ਕਿ ਸ਼ੁਰੂਆਤੀ ਮੁਸ਼ਕਲਾਂ ਨੂੰ ਹੱਲ ਕਰਨ ਅਤੇ ਇਸ ਦਾ ਸਾਰੇ ਵਰਗਾਂ ਦੇ ਲੋਕਾਂ ਨੂੰ ਲਾਭ ਪੁਹੰਚਾਉਣ ਲਈ ਵੱਖ-ਵੱਖ ਵਸਤਾਂ ’ਤੇ ਜੀਐਸਟੀ ਦੀਆਂ ਦਰਾਂ ਉਪਰ ਪੁਨਰ-ਵਿਚਾਰ ਕੀਤਾ ਜਾਵੇ। ਮਾਹਰਾਂ ਦਾ ਇਹ ਵੀ ਮੰਨਣਾ ਹੈ ਕਿ ਇਸ ਕਰ ਪ੍ਰਣਾਲੀ ਤੋਂ ਭਵਿੱਖ ਵਿੱਚ ਕਾਫੀ ਫਾਇਦਾ ਹੋਵੇਗਾ ਅਤੇ ਟੈਕਸ ਵਸੂਲੀ ਵਿੱਚ ਸੁਧਾਰ ਹੋਣ ਨਾਲ ਸਰਕਾਰ ਦਾ ਮਾਲੀਆ ਵਧੇਗਾ। ਇਸ ਲਈ ਆਰਥਿਕ ਸੰਕਟ ਵਿੱਚ ਘਿਰੀ ਕਿਸਾਨੀ ਨੂੰ ਆਰਥਿਕ ਅਜ਼ਾਦੀ ਦਾ ਲਾਭ ਪਹੁੰਚਾਉਣ ਲਈ, ਖੇਤੀ ਖੇਤਰ ਵਿੱਚ ਵਧੇਰੇ ਪੂੰਜੀ ਨਿਵੇਸ਼ ਕਰਨ ਦੀ ਵੀ ਜ਼ਰੂਰਤ ਹੈ।

*ਕਮਿਸ਼ਨਰ ਖੇਤੀਬਾੜੀ, ਪੰਜਾਬ

# ਪੀ.ਸੀ.ਐਸ. ਸ਼ਿਕਾਗੋ ਬਾਸਕਿਟ ਬਾਲ ਟੂਰਨਾਮੈਂਟ ਸਫਲਤਾ ਪੂਰਵਕ ਸਮਾਪਤ







**ਸ਼ਿਕਾਗੋ/ਬਿਊਰੋ ਨਿਊਜ਼ :**
ਪੰਜਾਬੀ ਕਲਚਰਲ ਸੁਸਾਇਟੀ ਆਫ਼ ਸ਼ਿਕਾਗੋ (ਪੀ.ਸੀ.ਐਸ.) ਵਲੋਂ ਪੈਲਾਟਾਈਨ ਇਲੀਨੋਇਸ ਦੇ ਪੈਲਾਟਾਈਨ ਪਾਰਕ ਡਿਸਟ੍ਰਿਕਟ ਵਿਚ 23ਵੇਂ ਸਾਲਾਨਾ ਖੇਡ ਮੇਲੇ ਦੌਰਾਨ ਬਾਸਕਿਟ ਬਾਲ ਟੂਰਨਾਮੈਂਟ ਕਰਵਾਇਆ ਗਿਆ। ਇਲੀਨੋਇਸ, ਇੰਡਿਆਨਾ, ਵਿਸਕਾਨਸਿਨ ਅਤੇ ਓਹੀਓ ਦੀਆਂ 8 ਟੀਮਾਂ ਨੇ ਫੈਂਸੀ ਨਾਵਾਂ ‘ਟੀ.ਐਮ.ਟੀ.’, ‘ਸ਼ਿਕਾਗੋ ਡਿਫਰੈਂਟ ਬਰੀਡ’, ‘ਪਿੱਕ ਯੂਅਰ ਪੈਸ਼ਨ’, ‘ਨੋ ਰਿਸਪੈਕਟ’, ‘ਏਅਰ ਸਿੰਘਜ਼’, ‘ਸਿਨਸਿਨਾਟੀ ਡਿਨੈਸਟੀ’, ‘ਇੰਡੀਅਨਐਪਲਿਸ ਹੋਰਨੈੱਟ’, ਅਤੇ ‘ਮਿਲਵਾਕੀ ਸਪੋਰਟਸ ਕਲੱਬ’ ਨਾਲ ਸ਼ਿਰਕਤ ਕੀਤੀ। ਟੂਰਨਾਮੈਂਟ ਦੌਰਾਨ ਇਨ੍ਹਾਂ ਟੀਮਾਂ ਨੇ ਇਕ-ਦੂਜੇ ਨੂੰ ਸਖ਼ਤ ਟੱਕਰ ਦਿੱਤੀ। ਸ਼ਿਕਾਗੋ ਦੀ ‘ਪਿੱਕ ਯੂਅਰ ਪੈਸ਼ਨ’ ਨੇ ਸੈਮੀ ਫਾਈਨਲ ਵਿਚ ‘ਮਿਲਵਾਕੀ ਸਪੋਰਟਸ ਕਲੱਬ’ ਨੂੰ 56-31 ਨਾਲ ਅਤੇ ਫਾਈਨਲ ਵਿਚ ‘ਸ਼ਿਕਾਗੋ ਡਿਫਰੈਂਟ ਬਰੀਡ’ ਨੂੰ 75-41 ਨਾਲ ਮਾਤ ਦੇ ਕੇ ਟੂਰਨਾਮੈਂਟ ਜਿੱਤ ਲਿਆ। ‘ਇੰਡੀਅਨਪੋਲਿਸ ਹੋਰਨੈੱਟ’ ਨੇ ‘ਏਅਰ ਸਿੰਘਜ਼’ ਨੂੰ 43-32 ਨਾਲ ਹਰਾਇਆ ਪਰ ‘ਸ਼ਿਕਾਗੋ ਡਿਫਰੈਂਟ ਬਰੀਡ’ ਹੱਥੋਂ 51-36 ਨਾਲ ਹਾਰ ਗਈ। ਜੇਤੂ ਟੀਮ ‘ਪਿੱਕ ਯੂਅਰ ਪੈਸ਼ਨ’ ਨੂੰ ਇਥੋਂ ਦੇ ਟਰਾਂਸਪੋਰਟਰ ਹਰਕੇਵਲ ਸਿੰਘ ਲਾਲੀ ਵਲੋਂ ਸਪੋਂਸਰ 1500 ਡਾਲਰ ਦਾ ਨਗਦ ਇਨਾਮ ਦਿੱਤਾ ਗਿਆ। ਦੂਜੇ ਸਥਾਨ ’ਤੇ ਰਹੀ ‘ਸ਼ਿਕਾਗੋ ਡਿਫਰੈਂਟ ਬਰੀਡ’ ਨੂੰ ਹਜ਼ਾਰ ਡਾਲਰ ਦਿੱਤੇ ਗਏ, ਜੋ ਇਕ ਹੋਰ ਕਾਰੋਬਾਰੀ ਲਖਵੀਰ ਸਿੰਘ ਸਹੋਤਾ ਵਲੋਂ ਸਪੋਂਸਰ ਕੀਤਾ ਗਿਆ ਸੀ। ਇਹ ਇਨਾਮ ਪੀ.ਸੀ.ਐਸ. ਦੇ ਸਮਰਥਕ ਰਾਜ ਧਾਲੀਵਾਲ ਵਲੋਂ ਦਿੱਤੇ ਗਏ। ਮੋਸਟ ਵੈਲੀਊਏਬਲ ਪਲੇਅਰ ਲਈ ਪਿੱਕ ਯੂਅਰ ਪੈਸ਼ਨ ਦੇ ਮਾਈਕ ਕੋਲ ਨੂੰ ਚੁਣਿਆ ਗਿਆ। ਇਹ ਪੁਰਸਕਾਰ ਪੌਲ ਲੇਲ ਵਲੋਂ ਸਪੋਂਸਰ ਕੀਤਾ ਗਿਆ ਸੀ। ਪੀ.ਸੀ.ਐਸ. ਦੇ ਚੇਅਰਮੈਨ ਹਰਦਿਆਲ ਸਿੰਘ ਦਿਓਲ ਨੇ ਦੱਸਿਆ ਕਿ ਇਸ ਟੂਰਨਾਮੈਂਟ ਨੂੰ ਦੇਖਣ ਲਈ ਲੋਕ ਪਰਿਵਾਰਾਂ ਸਮੇਤ ਪੁੱਜੇ ਸਨ। ਇਸ ਨਾਲ ਸਾਡੇ ਨੌਜਵਾਨਾਂ ਨੂੰ ਕਾਫ਼ੀ ਉਤਸ਼ਾਹ ਮਿਲਿਆ। ਪੀ.ਸੀ.ਐਸ. ਦੇ ਪ੍ਰਧਾਨ ਸੁਖਮੇਲ ਸਿੰਘ ਅਟਵਾਲ ਨੇ ਕਿਹਾ ਕਿ ਸਾਨੂੰ ਖ਼ੁਸ਼ੀ ਹੈ ਕਿ ਸਾਡੇ ਬੱਚੇ ਅਜਿਹੇ ਟੂਰਨਾਮੈਂਟਾਂ ਵਿਚ ਹਿੱਸਾ ਲੈ ਰਹੇ ਹਨ ਤੇ ਉਮੀਦ ਹੈ ਕਿ ਇਹ ਬੱਚੇ ਐਨ.ਬੀ.ਏ. ਵਰਗੇ ਟੂਰਨਾਮੈਂਟਾਂ ਵਿਚ ਹਿੱਸਾ ਲੈਣਗੇ। ਪੀ.ਸੀ.ਐਸ. ਦੇ ਪ੍ਰਬੰਧਕਾਂ ਵਿਚ ਸ਼ਾਮਲ ਰਜਿੰਦਰ ਸਿੰਘ ਮਾਗੋ ਨੇ ਕਿਹਾ ਕਿ ਬਾਸਕਿਟ ਬਾਲ ਟੂਰਨਾਮੈਂਟ ਹੋਰ ਵੀ ਵੱਡੇ ਪੱਧਰ ’ਤੇ ਕਰਵਾਏ ਜਾਣਗੇ। ਇਸ ਟੂਰਨਾਮੈਂਟ ਦੀ ਸਫਲਤਾ ਲਈ ਇਕਬਾਲ ਸਿੰਘ, ਗੁਰਪ੍ਰੀਤ ਗਰਿਨ, ਜਸਕਰਨ ਸੈਣੀ, ਜਸਬੀਰ ਪਾਲੀਆ, ਮਨਜੀਤ ਭੱਲਾ ਨੇ ਭਰਪੂਰ ਯੋਗਦਾਨ ਦਿੱਤਾ।

# ਅਣਦੇਖੇ ਕਸ਼ਮੀਰ ਦੀਆਂ ਅਣਕਹੀਆਂ, ਅਣਸੁਣੀਆਂ ਕਹਾਣੀਆਂ

## ਅਣਦੇਖਿਆ ਕਸ਼ਮੀਰ : 'ਪੱਥਰਬਾਜ਼ ਕੁੜੀਆਂ 'ਤੇ ਫ਼ੌਜ ਨੇ ਫਾਇਰਿੰਗ ਕਿਉਂ ਕੀਤੀ ?'

**ਕੀ ਤੁਸੀਂ ਕਦੇ ਸੋਚਿਆ ਹੈ ਕਿ ਦਹਾਕਿਆਂ ਤੋਂ ਤਣਾਅ ਅਤੇ ਹਿੰਸਾ ਦਾ ਕੇਂਦਰ ਰਹੀ ਕਸ਼ਮੀਰ ਵਾਦੀ ਵਿਚ ਵੱਡੀਆਂ ਹੋ ਰਹੀਆਂ ਕੁੜੀਆਂ ਅਤੇ ਬਾਕੀ ਭਾਰਤ ਵਿਚ ਰਹਿਣ ਵਾਲੀਆਂ ਕੁੜੀਆਂ ਦੀ ਜ਼ਿੰਦਗੀ ਕਿੰਨੀ ਇਕੋ ਜਿਹੀ ਅਤੇ ਕਿੰਨੀ ਵੱਖਰੀ ਹੋਵੇਗੀ ? ਇਹ ਸਮਝਣ ਲਈ ਬੀ.ਬੀ.ਸੀ. ਹਿੰਦੀ ਨੇ ਵਾਦੀ ਵਿਚ ਰਹਿ ਰਹੀ ਦੁਆ ਅਤੇ ਦਿੱਲੀ ਵਿਚ ਰਹਿ ਰਹੀ ਸੌਮਿਆ ਨੂੰ ਇਕ-ਦੂਸਰੇ ਨੂੰ ਖ਼ਤ ਲਿਖਣ ਲਈ ਕਿਹਾ। ਸੌਮਿਆ ਅਤੇ ਦੁਆ ਕਦੇ ਇਕ-ਦੂਜੇ ਨੂੰ ਨਹੀਂ ਮਿਲੀਆਂ। ਉਨ੍ਹਾਂ ਨੇ ਇਕ-ਦੂਸਰੇ ਦੀ ਜ਼ਿੰਦਗੀ ਨੂੰ ਪਿਛਲੇ ਡੇਢ ਮਹੀਨੇ ਵਿਚ ਇਨ੍ਹਾਂ ਖ਼ਤਾਂ ਰਾਹੀਂ ਜਾਣਿਆ। ਆਓ, ਇਨ੍ਹਾਂ ਲੜੀਵਾਰ ਖ਼ਤਾਂ ਰਾਹੀਂ ਤੁਸੀਂ ਵੀ ਇਨ੍ਹਾਂ ਕੁੜੀਆਂ ਦੀ ਜ਼ਿੰਦਗੀ ਤੇ ਭਾਰਤ ਦੇ ਹਾਲਾਤ ਨਾਲ ਰੂਬਰੂ ਹੋਵੋ। ਬੀ.ਬੀ.ਸੀ. ਤੋਂ ਧੰਨਵਾਦ ਸਹਿਤ**







**ਪਿਆਰੀ ਦੁਆ**

ਮੈਂ ਇਥੇ ਬਿਲਕੁਲ ਠੀਕ ਹਾਂ ਤੇ ਮੇਰਾ ਪਰਿਵਾਰ ਵੀ ਠੀਕ ਹੈ। ਹਾਲੇ ਮੇਰੇ ਘਰ ਵਿਚ ਮੇਰੀ ਭੂਆ ਆਈ ਹੋਈ ਹੈ। ਸਮਰੱਥ ਵੀ ਬਿਲਕੁਲ ਠੀਕ ਹੈ, ਪਰ ਉਸ ਦੀਆਂ ਸ਼ੈਤਾਨੀਆਂ ਹਾਲੇ ਵੀ ਘੱਟ ਨਹੀਂ ਹੋਈਆਂ।

ਉਮੀਦ ਹੈ ਤੂੰ ਤੇ ਤੇਰਾ ਪਰਿਵਾਰ ਵੀ ਠੀਕ ਹੋਵੇਂਗੇ।

ਪਿਛਲੇ ਖ਼ਤ ਵਿਚ ਲਿਖੀਆਂ ਤੇਰੀਆਂ ਗੱਲਾਂ ਤੋਂ ਜ਼ਾਹਰ ਹੁੰਦਾ ਹੈ ਕਿ ਸਾਡਾ ਸਮਾਜ, ਭਾਵੇਂ ਉਹ ਦਿੱਲੀ ਹੋਵੇ ਜਾਂ ਕਸ਼ਮੀਰ ਜਾਂ ਫਿਰ ਦੇਸ਼ ਦਾ ਕੋਈ ਹੋਰ ਹਿੱਸਾ, ਕੁੜੀਆਂ ਲਈ




ਓਨਾ ਸੁਰੱਖਿਅਤ ਨਹੀਂ ਹੈ।

ਹਾਂ, ਦਿੱਲੀ ਵਿਚ ਕੁਝ ਕੁੜੀਆਂ 'ਸੈਲਫ਼ ਡਿਫੈਂਸ' ਦੀਆਂ ਚੀਜ਼ਾਂ ਰੱਖਦੀਆਂ ਹਨ। ਫਿਰ ਵੀ ਕੁੜੀਆਂ 'ਤੇ ਜ਼ੁਲਮ ਘੱਟ ਨਹੀਂ ਹੋ ਰਿਹਾ।

ਹਾਲੇ ਹਾਲ ਹੀ ਵਿਚ ਹਰਿਆਣਾ ਵਿਚ 'ਨਿਰਭਯਾ' ਵਾਂਗ ਘਟਨਾ ਵਾਪਰੀ ਹੈ। ਦੇਖਿਆ ਜਾਵੇ ਤਾਂ ਭਾਰਤ ਦਾ ਕੋਈ ਵੀ ਸ਼ਹਿਰ ਸੁਰੱਖਿਅਤ ਨਹੀਂ ਹੈ।

ਪੱਥਰਬਾਜ਼ ਕੁੜੀਆਂ ਦੀ ਕਹਾਣੀ ਸੁਣ ਕੇ ਮੈਨੂੰ ਇਹ ਸਮਝ ਨਹੀਂ ਆਇਆ ਕਿ ਫ਼ੌਜ ਨੇ ਕੁੜੀਆਂ 'ਤੇ ਹਮਲਾ ਕਿਉਂ




ਕੀਤਾ ? ਫ਼ੌਜ ਤਾਂ ਸਾਡੀ ਸੁਰੱਖਿਆ ਲਈ ਹੁੰਦੀ ਹੈ ਨਾ ?

ਮੈਂ ਤੈਨੂੰ ਦੱਸਣਾ ਚਾਹੁੰਦੀ ਹਾਂ ਕਿ ਜੇਕਰ ਮੈਂ ਅਜਿਹੇ ਹਾਲਾਤ ਵਿਚ ਫਸ ਜਾਂਦੀ ਤਾਂ ਮੈਂ ਵੀ ਕੁਝ ਅਜਿਹਾ ਹੀ ਕਰਦੀ ਆਪਣੀ ਸੁਰੱਖਿਆ ਲਈ। ਤੂੰ ਮੈਨੂੰ ਦਿੱਲੀ ਦੀ ਜ਼ਿੰਦਗੀ ਬਾਰੇ ਪੁੱਛਿਆ ਸੀ, ਤਾਂ ਮੈਂ ਤੈਨੂੰ ਦੱਸਣਾ ਚਾਹੁੰਦੀ ਹਾਂ ਕਿ ਇਥੋਂ ਦੀ ਜ਼ਿੰਦਗੀ ਇਕਦਮ ਮਸਤ ਹੈ।

ਰਮਜ਼ਾਨ ਸ਼ੁਰੂ ਹੋ ਚੁੱਕਾ ਹੈ। ਇਨ੍ਹੀਂ ਦਿਨੀਂ ਪੁਰਾਣੀ ਦਿੱਲੀ ਵਿਚ ਕਾਫ਼ੀ ਰੌਣਕ ਰਹਿੰਦੀ ਹੈ। ਵੈਸੇ ਇੰਡੀਆ ਗੇਟ ਵੀ ਅੱਧੀ ਰਾਤ ਤੱਕ ਗੁਲਜ਼ਾਰ ਰਹਿੰਦਾ ਹੈ।

ਦਿੱਲੀ ਵਿਚ ਇੰਟਰਨੈੱਟ ਤੇ ਬਾਕੀ ਸੰਚਾਰ ਮਾਧਿਅਮਾਂ ਬਿਨਾਂ ਜ਼ਿੰਦਗੀ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ।

ਮੈਨੂੰ ਬੇਹੱਦ ਦੁੱਖ ਹ ਕਿ ਕਸ਼ਮੀਰ ਵਿਚ ਲੋਕਾਂ ਨੂੰ ਏਨੀ ਬੁਰੀ ਹਾਲਤ ਵਿਚੋਂ ਲੰਘਣਾ ਪੈਂਦਾ ਹੈ। ਪਰ ਇਨ੍ਹਾਂ ਹਾਲਾਤ ਲਈ ਕੁਝ ਦੰਗਾ ਕਰਨ ਵਾਲੇ ਲੋਕ ਹੀ ਜ਼ਿੰਮੇਵਾਰ ਹੁੰਦੇ ਹਨ ਜਾਂ ਕੁਝ ਹੋਰ ਹੀ ਗੱਲ ਹੈ ?

ਜੇਕਰ ਉਥੋਂ ਦੇ ਲੋਕਾਂ ਨੂੰ ਏਨੀ ਪ੍ਰੇਸ਼ਾਨੀ ਹੁੰਦੀ ਹੈ ਤਾਂ ਫਿਰ ਇੰਟਰਨੈੱਟ ਤੇ ਸ਼ੋਸ਼ਲ ਮੀਡੀਆ ਬੰਦ ਕਿਉਂ ਕੀਤਾ ਜਾਂਦਾ ਹੈ ?

ਮੈਂ ਅਖ਼ਬਾਰ ਵਿਚ ਪੜ੍ਹਿਆ ਸੀ ਕਿ 16 ਸਾਲ ਦੇ ਇਕ ਲੜਕੇ ਨੇ 'ਕਾਸ਼ਬੁਕ' ਨਾਂ ਨਾਲ ਸ਼ੋਸ਼ਲ ਮੀਡੀਆ 'ਐਪ' ਬਣਾਇਆ ਹੈ। ਕੀ ਤੂੰ ਵੀ ਇਸ ਨੂੰ ਇਸਤੇਮਾਲ ਕਰਦੀ ਹੈਂ ਜਾਂ ਫਿਰ ਤੇਰਾ ਕੋਈ ਜਾਣਕਾਰ ਇਸ ਨੂੰ ਇਸਤੇਮਾਲ ਕਰਦਾ ਹੈ ?

ਕੀ ਕਸ਼ਮੀਰੀ ਆਵਾਮ ਇਨ੍ਹਾਂ ਹਾਲਾਤ ਤੋਂ ਅੱਕ ਨਹੀਂ ਗਿਆ ਹੈ ?

ਤੇਰੇ ਜਵਾਬ ਦੇ ਇੰਤਜ਼ਾਰ ਵਿਚ...

## 'ਕਸ਼ਮੀਰੀ ਹਾਂ, ਬਾਕੀ ਭਾਰਤ ਵਿਚ ਪੜ੍ਹਨ ਤੋਂ ਡਰਦੀ ਹਾਂ'

**ਪਿਆਰੀ ਸੌਮਿਆ**

ਇਹ ਜਾਣ ਕੇ ਚੰਗਾ ਲੱਗਾ ਕਿ ਤੂੰ ਤੇ ਤੇਰਾ ਪਰਿਵਾਰ ਠੀਕ-ਠੀਕ ਹੋ। ਮੈਂ ਤੇ ਮੇਰਾ ਪਰਿਵਾਰ ਵੀ ਇੱਥੇ ਠੀਕ ਹਾਂ।

ਜਿਸ ਤਰ੍ਹਾਂ ਤੂੰ ਸਮਰੱਥ ਬਾਰੇ ਦੱਸਦੀ ਹੈ, ਉਸ ਤੋਂ ਲਗਦਾ ਹੈ ਕਿ ਉਹ ਅਵੀਨ ਵਾਂਗ ਹੀ ਸ਼ੈਤਾਨੀਆਂ ਕਰਦਾ ਹੈ।

ਪਿਛਲੇ ਹਫ਼ਤੇ ਅਸੀਂ ਸਕੂਲ ਤੋਂ ਪਿਕਨਿਕ ਲਈ 'ਸੋਨਮਰਗ' ਗਏ ਸੀ। ਕਸ਼ਮੀਰੀ ਵਿਚ 'ਸੋਨ' ਮਤਲਬ 'ਸੋਨਾ' ਹੁੰਦਾ ਹੈ ਤੇ 'ਮਰਗ' ਮਤਲਬ 'ਘਾਟੀ' ਤਾਂ ਸੋਨਮਰਗ ਦਾ ਮਤਬਲ ਹੋਇਆ 'ਸੋਨੇ ਦੀ ਘਾਟੀ'

ਅਜਿਹਾ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਹ ਅਜਿਹੀ ਉੱਚੀ ਥਾਂ 'ਤੇ ਹੈ ਜਿਥੋਂ ਪਹਾੜਾਂ ਦੀਆਂ ਬਰਫ਼ੀਲੀਆਂ ਚੋਟੀਆਂ ਸਾਲ ਭਰ ਦਿਖਾਈ ਦਿੰਦੀਆਂ ਹਨ।

ਅਤੇ ਜਦੋਂ ਸੂਰਜ ਦੀਆਂ ਕਿਰਨਾਂ ਇਸ ਬਰਫ਼ 'ਤੇ ਪੈਂਦੀਆਂ ਹਨ ਤਾਂ ਉਹ ਸੋਨੇ ਵਾਂਗ ਲਗਦੀ ਹੈ। ਮੈਂ ਜਾਣਨਾ ਚਾਹੁੰਦੀ ਹਾਂ ਕਿ ਤੇਰਾ ਸਕੂਲ ਤੈਨੂੰ ਪਿਕਨਿਕ ਲਈ ਕਿੱਥੇ ਲੈ ਕੇ ਜਾਂਦਾ ਹੈ ?






ਤੇਰੇ ਖ਼ਤ ਵਿਚ ਤੂੰ ਮੈਨੂੰ ਫ਼ੌਜ ਬਾਰੇ ਬਹੁਤ ਸਵਾਲ ਕੀਤੇ ਹਨ। ਫ਼ੌਜ ਬਾਰੇ ਮੈਂ ਪਹਿਲਾਂ ਇਹ ਸਾਫ਼ ਕਰਨਾ ਚਾਹੁੰਦੀ ਹਾਂ ਕਿ ਉਹ ਫ਼ੌਜ ਦੇ ਲੋਕ ਨਹੀਂ, ਬਲਕਿ ਸੁਰੱਖਿਆ ਅਤੇ ਪੁਲੀਸ ਦੇ ਲੋਕ ਸਨ। ਇਨ੍ਹਾਂ ਵਿਚ ਫ਼ਰਕ ਹੈ।

ਇਹ ਇਕ ਰਹੱਸ ਹੈ ਕਿ ਉਨ੍ਹਾਂ ਨੇ ਕੁੜੀਆਂ 'ਤੇ ਹਮਲਾ ਕਿਉਂ ਕੀਤਾ ਹੋਵੇਗਾ। ਇਹ ਕੋਈ ਨਹੀਂ ਜਾਣਦਾ, ਕੋਈ ਨਹੀਂ, ਬੱਸ ਉਨ੍ਹਾਂ ਤੋਂ ਇਲਾਵਾ।

ਤੇ ਤੇਰੇ ਦੂਸਰੇ ਸਵਾਲ ਲਈ, ਮੈਂ ਕਿਸੇ ਹੋਰ ਭਾਰਤੀ ਸ਼ਹਿਰ ਵਿਚ ਨਹੀਂ ਰਹਿਣਾ ਚਾਹਾਂਗੀ।

ਮੇਰੀ ਅੱਗੇ ਦੀ ਪੜ੍ਹਾਈ ਲਈ ਮੈਂ ਜਾਂ ਤਾਂ ਕਸ਼ਮੀਰ ਵਿਚ ਰਹਿਣਾ ਪਸੰਦ ਕਰਾਂਗੀ ਜਾਂ ਵਿਦੇਸ਼ ਜਾਣਾ ਚਾਹਾਂਗੀ ਕਿਉਂਕਿ ਸਚਾਈ ਤਾਂ ਇਹ ਹੈ ਕਿ ਮੈਂ ਇਕ ਵਿਦਿਆਰਥਣ ਵਜੋਂ ਕਿਸੇ ਹੋਰ ਭਾਰਤੀ ਸ਼ਹਿਰ ਵਿਚ ਰਹਿਣ ਤੋਂ ਡਰਦੀ ਹਾਂ।

ਅਜਿਹੀਆਂ ਕਈ ਖ਼ਬਰਾਂ ਹਨ, ਤੂੰ ਤਾਂ ਸੁਣੀਆਂ ਹੀ ਹੋਣਗੀਆਂ ਕਿ ਕਈ ਕਸ਼ਮੀਰੀ ਵਿਦਿਆਰਥੀ, ਜਿਨ੍ਹਾਂ ਵਿਚ ਕੁੜੀਆਂ ਵੀ ਸ਼ਾਮਲ ਹਨ, ਉਨ੍ਹਾਂ ਨੂੰ ਵੱਡੀਆਂ ਯੂਨੀਵਰਸਿਟੀਆਂ ਵਿਚ ਕਈ ਤਰ੍ਹਾਂ ਦੀ ਰੈਗਿੰਗ ਦਾ ਸ਼ਿਕਾਰ ਬਣਾਇਆ ਗਿਆ ਤੇ ਕਈ ਵਿਦਿਆਰਥੀ ਰਾਤੋ-




ਰਾਤ ਕਾਲਜ ਤੋਂ ਬਾਹਰ ਕੱਢ ਦਿੱਤੇ ਗਏ, ਬੱਸ ਇਸ ਲਈ ਕਿਉਂਕਿ ਉਹ ਕਸ਼ਮੀਰੀ ਸਨ।

ਤੈਨੂੰ ਜਾਣਨਾ ਚਾਹੀਦਾ ਹੈ ਕਿ ਕਸ਼ਮੀਰ ਦੇ ਲੋਕ ਉਨ੍ਹਾਂ ਦੀ 'ਕਸ਼ਮੀਰੀਅਤ' ਭਾਵ ਮਹਿਮਾਨਨਵਾਜ਼ੀ, ਸਾਦਾਪਣ ਤੇ ਸਾਫ਼ੇ ਸੱਚੇ ਦਿਲ ਲਈ ਮਸ਼ਹੂਰ ਹੈ।

ਜੇਕਰ ਤੂੰ ਵਿਦੇਸ਼ ਜਾਵੇਂ ਤੇ ਉਥੋਂ ਦੇ ਲੋਕਾਂ ਨੂੰ ਦੱਸੇਂ ਕਿ ਤੂੰ ਕਸ਼ਮੀਰੀ ਹੈਂ ਤਾਂ ਉਹ ਤੇਰੇ ਨਾਲ ਆਪਣੇ ਪਰਿਵਾਰ ਦੇ ਮੈਂਬਰ ਵਾਂਗ ਜਾਂ ਕਿਸੇ ਪੁਰਾਣੇ ਦੋਸਤ ਵਾਂਗ ਵਿਹਾਰ ਕਰਨਗੇ ਕਿਉਂਕਿ ਉਹ ਜਾਣਦੇ ਹਨ ਕਿ ਅਸੀਂ ਆਪਣੇ ਮਹਿਮਾਨਾਂ ਨਾਲ ਕਿਹੋ ਜਿਹਾ ਵਿਹਾਰ ਕਰਦੇ ਹਾਂ।






ਮੈਂ ਤੇਰੇ ਤੇ ਤੇਰੇ ਪਰਿਵਾਰ ਨੂੰ ਸਾਡਾ ਮਹਿਮਾਨ ਬਣਨ ਦਾ ਸੱਦਾ ਦਿੰਦੀ ਹਾਂ, ਜਿਸ ਨਾਲ ਤੂੰ ਵੀ ਕਸ਼ਮੀਰ ਦੇਖ ਸਕੇਂ।

ਤੂੰ ਮੈਨੂੰ ਇਕ 16 ਦੇ ਲੜਕੇ ਬਾਰੇ ਦੱਸਿਆ ਸੀ, ਜਿਸ ਨੇ 'ਕਾਸ਼' ਨਾਂ ਦਾ ਐਪ ਬਣਾਇਆ ਹੈ। ਮੈਂ ਤਾਂ ਉਸ ਨੂੰ ਹਾਲੇ ਤੱਕ ਇਸਤੇਮਾਲ ਨਹੀਂ ਕੀਤਾ ਨਾ ਹੀ ਮੈਂ ਕਿਸੇ ਨੂੰ ਜਾਣਦੀ ਹਾਂ ਜਿਨ੍ਹਾਂ ਨੇ ਕੀਤਾ ਹੋਵੇ। ਪਰ ਇਹ ਇਸ ਗੱਲ ਦਾ ਪ੍ਰਤੀਕ ਹੈ ਕਿ ਸਾਡੇ ਕਸ਼ਮੀਰੀਆਂ ਵਿਚ ਬਹੁਤ ਟੈਲੇਂਟ ਹੈ। ਇਹ ਸਾਡੀ ਬਦਕਿਸਮਤੀ ਹੈ ਕਿ ਅਧਿਕਾਰੀ ਇਹ ਸਮਝ ਨਹੀਂ ਪਾਉਂਦੇ। ਅਸੀਂ ਇਸ ਦੁਨੀਆ ਵਿਚ ਸਭ ਤੋਂ ਚੰਗਾ ਕੰਮ ਕਰ ਸਕਦੇ ਹਾਂ ਪਰ ਕੋਈ ਚੰਗੇ 'ਪਲੇਟਫਾਰਮ' ਦੇ ਨਾ ਹੋਣ ਕਾਰਨ ਕੁਝ ਹੀ ਲੋਕ ਉਪਰ ਤੱਕ ਪਹੁੰਚ ਸਕਦੇ ਹਨ। ਅਤੇ ਰਹੀ ਗੱਲ ਇੰਟਰਨੈੱਟ ਬੈਨ ਕਰਨ ਦੀ, ਇਸ ਦਾ ਜਵਾਬ ਤਾਂ ਬੱਸ ਸਰਕਾਰ ਹੀ ਦੇ ਸਕਦੀ ਹੈ ਕਿ ਉਨ੍ਹਾਂ ਨੇ ਸਾਡਾ 'ਰਾਈਟ ਟੂ ਇਨਫਰਮੇਸ਼ਨ' ਕਿਉਂ ਸਾਡੇ ਤੋਂ ਖੋਹ ਲਿਆ। ਸੱਚ ਕਹਾਂ ਤਾਂ ਸਾਨੂੰ ਲੋਕਾਂ ਨੂੰ ਇਸ ਦੀ ਆਦਤ ਹੋ ਗਈ ਹੈ। ਇਹ ਹਾਲਾਤ ਸਾਡੇ ਪੁਰਵਜਾਂ ਨੇ ਵੀ ਦੇਖੇ ਹਨ।

ਤੇਰੇ ਅਗਲੇ ਖ਼ਤ ਦੇ ਇੰਤਜ਼ਾਰ ਵਿਚ

ਤੇਰੀ ਸਹੇਲੀ, ਦੁਆ

# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। । ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲਫ਼ਜ਼ਾਂ ਨੂੰ ਵੀ ਫੜਦੇ ਹਾਂ।**



ਰਜਿੰਦਰ ਕੌਰ
ਫੋਨ: 98889-02339, 84271-12339

(ਭਾਗ- 12)

## ਸ਼ੰਭੂ ਦੀ ਹੱਟੀ

ਇਹ ਸ਼ੰਭੂ ਹੈ - ਸ਼ੰਭੂ ਤਾਇਆ - ਪੰਸਾਰੀ ਸ਼ੰਭੂ - ਬੋਲੇ ਦੇ ਵੱਡੇ ਪਰ ਛੋਟੇ ਜਿਹੇ ਬਾਜ਼ਾਰ ਵਿਚ - ਘਰੋਂ ਜਾਂਦਿਆਂ - ਖੱਬੇ ਹੱਥ ਤੇ ਸਕੂਲੋਂ ਆਉਂਦਿਆਂ ਸੱਜੇ ਹੱਥ - ਤਾਏ ਦੀ ਹੱਟੀ ਹੈ - ਛੋਟੀ ਜਿਹੀ - ਇਕ ਕਮਰੇ ਦੀ।

ਬੋਰਿਆਂ - ਕੱਟਿਆਂ ਥੈਲਿਆਂ ਦਾ ਮੂੰਹ ਮੋੜ ਮੋੜ ਧਰਿਆ ਸਾਮਾਨ - ਹੱਟੀ ਦੇ ਬਾਹਰ ਵਾਰ ਵੀ - ਆਟਾ ਦਾਣਾ, ਦਾਲਾਂ, ਤੋਂ ਲੈ ਕੇ ਪਸ਼ੂਆਂ ਦੇ ਚਾਰੇ - ਖ਼ਲ ਬੜੇਵੇਂ (ਪਾਕਿਸਤਾਨੀ) ਲੂਣ ਦੇ ਢੇਲਿਆਂ ਸਣੇ ਸਭ - ਪੀਪੇ, ਕਨਸਤਰ, ਚੌਰਸ ਪੀਪੀਆਂ, ਗੋਲ ਡੱਬਿਆਂ, ਮਿੱਟੀ ਦੇ ਭਾਂਡਿਆਂ ਤੇ ਖੁੱਲ੍ਹੇ ਮੂੰਹਾਂ ਆਲੀਆਂ ਸ਼ੀਸ਼ੀਆਂ ਸਣੇ ਸਭ ਹੈ - ਨਿੱਕ-ਸੁੱਕ ਨਾਲ ਭਰਿਆ।

ਪਿੱਛੋਂ ਥੋੜ੍ਹੇ ਡੂੰਘੇ ਤੇ ਹਨੇਰੇ ਕਮਰੇ ਵਾਲੀ - ਤਾਏ ਸ਼ੰਭੂ ਦੀ ਹੱਟੀ - ਤੇ ਬਾਹਰ ਬਿਨਾਂ ਥੜ੍ਹੇ ਦੇ ਬਿਨਾਂ ਛੱਤ ਦੇ - ਵਰਾਂਡੇ ਨੁਮਾ ਖੁਲ੍ਹੀ ਥਾਂ 'ਤੇ - ਜਿੱਥੇ ਬੂਹੇ ਕੋਲ ਦਿਓਲੀ ਦੇ ਨੇੜੇ ਕਰਕੇ - ਚੌਰਸ ਦਿੱਖ ਦੇ ਘਸੇ ਜਿਹੇ ਮੂੜ੍ਹੇ 'ਤੇ ਬੈਠਾ ਮਿਲਦਾ ਹੈ ਅਕਸਰ ਸਾਨੂੰ ਇੱਥੇ - ਸ਼ੰਭੂ ਤਾਇਆ-

ਥੋੜ੍ਹੇ ਮੋਟੇ ਜਿਹੇ ਢਿੱਡ ਵਾਲ - ਕਣਕਵੰਨਾ - ਰਤਾ ਸਾਂਵਲੇ ਜਿਹੇ ਰੰਗ ਦਾ - ਹਸਮੁੱਖ ਚਿਹਰਾ - ਨਿੱਕੇ ਨਿੱਕੇ ਜਮ੍ਹਾ ਈ ਨਿੱਕੇ ਨਿੱਕੇ ਕਾਲੇ - ਵਿਚ ਵਿਚ ਕਿਤੇ-ਕਿਤੇ ਚਿੱਟੇ ਵਾਲ ਵੀ ਹਨ ਸਿਰ 'ਤੇ - ਕਦੀ ਸਿਰ 'ਤੇ ਲਾਲ ਧਾਰੀਦਾਰ ਕਦੀ ਚਿੱਟਾ ਘਸਮੈਲਾ ਜਿਹਾ ਬਰੀਕ ਖੱਦਰ ਦਾ ਪਰਨਾ ਲਪੇਟ ਕੇ ਰੱਖਦਾ ਹੈ - ਮਾੜਾ ਜਿਹਾ ਇਕ ਪਾਸੇ ਨੂੰ ਨਿਕਾ ਜਿਹਾ ਲੜ ਛੱਡ ਕੇ - ਤੇ ਕਦੇ ਕਦੇ ਨੰਗੇ ਸਿਰ ਹੀ ਹੁੰਦਾ - ਮੋਟੀਆਂ ਮੋਟੀਆਂ ਅੱਖਾਂ ਵਾਲਾ - ਮੋਟੇ ਮੋਟੇ ਬੁਲ੍ਹ-ਉੱਪਰ ਭੌਡੀਆਂ ਭੌਡੀਆਂ ਮੁੱਛਾਂ ਵੀ ਹਨ ਉਸ ਦੇ ਬਿਨਾਂ ਦਾੜ੍ਹੀਏ ਮੂੰਹ 'ਤੇ।

ਗੋਲ ਗਲਵੇਂ ਦੀ ਰੇਬਕਾਟ - ਜੇਬਾਂ ਵਾਲੀ ਖੱਦਰ ਦੀ ਬੁਨੈਣ ਤੇ ਤੇੜ ਛੋਟਾ ਜਿਹਾ ਪਰਨਾ ਬੰਨ੍ਹੀ ਬੈਠਾ ਹੁੰਦਾ ਹੈ ਅਕਸਰ - ਕਦ ਕਿੱਡਾ ਕੁ ਹੋਵੇਗਾ ਤਾਏ ਦਾ - ਮੈਂ ਨਹੀਂ ਜਾਣਦੀ ਹਾਂ - ਮੈਂ ਉਹਨੂੰ ਖੜ੍ਹੇ ਨੂੰ ਕਦੇ ਘੱਟ ਹੀ ਦੇਖਿਆ ਹੈ ਜਾਂ ਖ਼ਬਰੇ ਦੇਖਿਆ ਹੀ ਨਾ ਹੋਵੇ - ਬੱਸ ਕਿਆਸ ਕਰ ਸਕਦੀ ਹਾਂ - ਉਹ ਦਰਮਿਆਨੇ ਜਿਹੇ ਕਦ ਦਾ ਹੋਊ - ਨਹੀਂ - ਜਾਂ ਖ਼ਬਰੇ ਲੰਮਾ ਹੀ ਹੋਵੇ। ਚੱਲੋ ਛੱਡੋ ਆਪਾਂ ਨੇ ਕੀ ਲੈਣਾ।

ਉਂਜ ਅਸੀਂ ਤਾਂ ਲੈਣਾ ਹੀ ਕੁਝ ਨਹੀਂ ਹੁੰਦਾ ਸੀ - ਆਮ ਤਾਏ ਦੀ ਹੱਟੀ ਤੋਂ - ਸਿਵਾਏ ਕਦੀ ਕਦਾਈਂ ਕਾਲੀ ਸਿਆਹੀ ਦੀਆਂ ਪੁੜੀਆਂ, ਸਲੇਟੀ ਤੇ ਗਾਚਣੀ ਤੋਂ ਬਿਨਾਂ - ਹੋਰ ਕੁਝ ਦੂਸਰਾ .... ਦੂਜਾ ਪਿੰਡ - ਲੋੜ ਦਾ ਸਾਮਾਨ ਜੋ ਘਰਦਿਆਂ ਨੂੰ ਚਾਹੀਦਾ ਹੁੰਦਾ-ਉਹ ਅਸੀਂ ਪਿੰਡ ਵਿਚ 'ਹਜ਼ੂਰੇ-ਚਾਚੇ' ਦੀ ਹੱਟੀ ਤੋਂਹੀ ਲੈ ਲੈਂਦੇ ਹਾਂ -

ਤੀਜਾ - ਨਾ ਸਾਡੇ ਕੋਲ ਕਦੀ ਲੋੜ ਤੋਂ ਵੱਧ ਪੈਸਾ-ਧੇਲਾ ਹੀ ਹੋਇਆ ਹੈ ਕਦੇ ਜੋ ਉੱਥੋਂ ਮਨਪਸੰਦ ਕੁਝ ਖ਼ਰੀਦ ਸਕੀਏ - ਉਂਜ ਉੱਥੇ ਪਈਆਂ - ਲਾਲ ਨੀਲੀ ਸਿਆਹੀ ਦੀਆਂ ਚਮਕੀਲੀਆਂ ਗੋਲ ਗੋਲ ਬੱਟੀਆਂ - ਮੈਨੂੰ ਬਹੁਤ ਚੰਗੀਆਂ ਲਗਦੀਆਂ - ਜੋ ਲੋੜ ਵੇਲੇ ਕਦੇ ਕਦੇ ਮਾਸਟਰ ਜੀ ਕਿਸੇ ਨਾ ਕਿਸੇ ਨਿਆਣੇ ਤੋਂ ਮੰਗਵਾ ਲੈਂਦੇ ਹਨ - ਤੇ ਫੇਰ ਕੱਚ ਦੀਆਂ ਚੌਰਸ ਦਵਾਤਾਂ ਵਿਚ ਘੋਲ ਘੋਲ, ਲਾਲ ਨੀਲੀ ਸਿਆਹੀ ਬਣਾ ਲੈਂਦੇ - ਆਪਣੇ ਕੰਮਾਂ ਕਾਰਾਂ ਲਈ।

ਬੋਲੇ ਪੜ੍ਹਨ ਆਉਣ ਵੇਲੇ ਅਸੀਂ ਨਿਆਣੇ - ਛੱਲੀਆਂ ਦੇ ਦਿਨੀਂ - ਲੋਕਾਂ ਦੇ ਗੁਗਰਿਆਂ ਵਿਚੋਂ - ਟਾਂਡਿਆਂ ਹੇਠ ਲੁਕਾਈਆਂ ਛੱਲੀਆਂ ਕੱਢ ਲਿਆਉਂਦੇ - ਕੱਢ ਕੀ, ਲੁੱਟ ਲਿਆਉਂਦੇ - ਲੁਕ ਲੁਕ ਕੇ ਚੋਰੀ ਚੋਰੀ - ਨਿੱਕੀਆਂ ਵੱਡੀਆਂ - ਛੋਟੀਆਂ ਮੋਟੀਆਂ - ਪੇਟ ਘਰੋੜੀਆਂ ਵੀ - ਪੱਕੇ ਪੀਲੇ ਰੰਗ ਦੀਆਂ - ਕੱਚੀਆਂ ਪੀਲੀਆਂ - ਵਿਚ ਵਿਚ ਕਿਤੇ ਕਿਤੇ ਚਿੱਟੇ ਕਾਲੇ ਦਾਣਿਆਂ ਵਾਲੀਆਂ ਵੀ - ਸੋਹਣੀਆਂ ਸੋਹਣੀਆਂ ਹੋਣ ਇਸ ਨਾਲ ਸਾਨੂੰ ਕੋਈ ਸਰੋਕਾਰ ਨਹੀਂ ਹੁੰਦਾ ਬਸ ਦਾਣੇ ਹੋਣ ਲੋੜ ਜੋਗੇ - ਜਿਹਨੂੰ ਜਿਹੜੀ ਮਿਲਗੀ - ਮਿਲਗੀ।

ਉਂਜ ਸਾਡੇ ਇੱਥੇ ਬਹੁਤ ਵਧੀਆ ਮੱਕੀ ਨਹੀਂ ਹੁੰਦੀ - ਹੁੰਦੀ ਕੀ - ਮੱਕੀ ਤਾਂ ਹੁੰਦੀ ਹੀ ਨਹੀਂ - ਬਹੁਤ ਘੱਟ - ਟਾਵੇਂ ਟਾਵੇਂ, ਕਿਸੇ ਕਿਸੇ ਦੇ - ਅੱਧ ਸੁੱਕੀਆਂ ਅੱਧ ਗਿੱਲੀਆਂ - ਅੱਧ ਕੱਚੀਆਂ - ਅੱਧ ਪੱਕੀਆਂ ਛੱਲੀਆਂ - ਇਕ ਇਕ - ਦੋ ਦੋ- ਅਸੀਂ ਆਪਣੇ ਆਪਣੇ ਬਸਤਿਆਂ ਵਿਚ ਤੁੰਨ ਨੱਠ ਜਾਂਦੇ ਸਕੂਲ ਨੂੰ।

ਜਮਾਤ ਵਿਚ ਬੈਠ - ਮੌਕਾ ਮਿਲਦੇ ਹੀ ਭੋਰਦੇ ਰਹਿੰਦੇ ਹਾਂ ਝੋਲੇ ਵਿਚ ਨੂੰ ਹੱਥ ਪਾ ਪਾ ਕੇ ਜਾਂ ਕਮੀਜ਼ ਦੇ ਪੱਲੇ ਵਿਚ ਗੋਡਿਆਂ ਵਿਚ ਲੁਕ ਲੁਕਾ ਕੇ - ਅੱਧੀ ਛੁੱਟੀ ਦੇ ਇੰਤਜ਼ਾਰ ਵਿਚ - ਅੱਧੀ ਛੁੱਟੀ ਹੋਈ ਨੀ - ਆਪਣੇ ਆਪਣੇ ਦਾਣੇ - ਸਮੇਟ - ਪੁੱਜ ਜਾਂਦੇ ਸਕੂਲੋਂ ਬਾਹਰ ਬਣੀ ਭੱਠੀ 'ਤੇ।

ਅਧਿਓਂ ਵੱਧ - ਦਾਣਿਆਂ ਦਾ ਝੂੰਗਾ ਦੇਹ - ਆਖੇ ਚੋਰਾਂ ਦੇ ਕਪੜੇ ਡਾਂਗਾਂ ਦੇ ਗਜ਼।

ਪਰ ਉਂ ਜਦ ਭੱਠੀ ਆਲੀ ਨੇ ਛਾਨਣੇ 'ਚ ਦਾਣੇ ਪਾਉਣ ਲੱਗਿਆਂ ਵੱਡੀ ਸਾਰੀ ਲੱਪ ਭਰ ਲੈਣੀ ਦਾਣਿਆਂ ਦੀ ਝੂੰਗਾ ਜਾਂ ਭੰਨਾਈ - ਕੱਢ ਲੈਣੀ (ਪਤਾ ਨਹੀਂ ਉਹ ਸਾਨੂੰ ਹੀ ਵੱਡੀ ਲਗਦੀ ਹੋਵੇ) ਇਕ ਵਾਰ ਤਾਂ ਜ਼ਰੂਰ ਧੱਕ ਕਰਕੇ ਕਾਲਜਾ ਬੈਠ ਜਾਂਦਾ - ਤੇ ਨਾਲ ਦਾਣੇ ਭੋਰ ਭੋਰ ਪੋਟਿਆਂ ਦੀ ਪੀੜ ਹੋਰ ਤਰੋ ਤਾਜ਼ਾ ਹੋ ਜਾਂਦੀ - ਬਸ ਕਸੀਸ ਜਿਹੀ ਵਟ ਕੇ ਹੀ ਰਹਿ ਜਾਂਦਾ ਮਨ ਅੰਦਰੋਂ ਅੰਦਰੀ - ਇਕ ਵਾਰ ਤਾਂ।

ਮੁਰਮਰੇ ਜਿਹੇ ਦਾਣੇ ਭੁਨਾ ਆ ਜਾਂਦੇ ਹਾਂ ਖਾਂਦੇ ਖਾਂਦੇ - ਵੱਡੇ ਬੋਹੜ ਦੀ ਛਾਵੇਂ ਐਨ ਸਕੂਲ ਦੇ ਗੱਭੇ ਬੈਠ ਜਾਂਦੇ ਉਹਦੀਆਂ ਮੋਟੀਆਂ ਮੋਟੀਆਂ ਜੜ੍ਹਾਂ 'ਤੇ, ਤਣੇ ਨੂੰ ਢੋਅ ਲਾ ਕੇ-ਨਾਲੇ ਚੱਬੀ ਜਾਂਦੇ ਨਾਲੇ ਆਸੇ ਪਾਸੇ ਝਾਕੀ ਜਾਂਦੇ - ਬਾਂਦਰਾਂ ਵਾਂਗ - ਮੌਜ ਮਸਤੀ ਨਾਲ।





ਹੁਣ ਰੋਟੀਆਂ ਵੀ ਖਾ ਲਈਆਂ ਜਾਂਦੀਆਂ - ਉਹ ਭਾਵੇਂ ਮੱਕੀ ਦੀਆਂ ਹੋਣ ਬੇਤੁਲੀਆਂ ਮੇਥੇਆਂ ਵਾਲੀਆਂ ਜਾਂ ਸ਼ੱਕਰ ਪਾ ਕੇ ਬਣਾਇਆ ਚੂਰੀ ਦਾ ਪਿੰਨਾ - ਖਾ ਪੀ - ਪੌਣੇ ਝਾੜ ਆ ਬਹਿੰਦੇ ਹਾਂ ਆਪਣੀਆਂ ਆਪਣੀਆਂ ਜਮਾਤਾਂ ਵਿਚ। ਰੱਬ ਜਾਣੇ - ਹੁਣ - ਖ਼ਬਰਨੀ ਢਿੱਡ ਦੁਖਦਾ ਜਾਂ ਨਹੀਂ - ਜਾਂ ਖ਼ਬਰੇ ਕਦੇ ਦੁਖਿਆ ਹੀ ਨਾ ਹੋਵੇ - ਪਤਾ ਨਹੀਂ ਕਿਵੇਂ ਸਾਨੂੰ ਸੂਹ ਲੱਗ ਗਈ - ਸ਼ੰਭੂ ਤਾਏ ਕੋਲ ਪਈਆਂ ਚੂਰਨ ਦੀਆਂ ਖਟਮਿੱਠੀਆਂ ਗੋਲੀਆਂ ਦੀ - ਲਗ ਗਿਆ ਪਤਾ ਜਾਣੇ ਅਣਜਾਣੇ - ਫੇਰ ਕੀ।

ਛੁੱਟੀ ਹੁੰਦਿਆਂ ਤੱਪੜ ਝਾੜ - ਬਸਤੇ ਸਾਂਭ - ਪੁੱਜ ਜਾਂਦੇ ਤਾਏ ਦੀ ਹੱਟੀ 'ਤੇ -ਕੀੜੀਆਂ ਵਾਂਗ ਕਤਾਰਾਂ ਬੰਨ੍ਹ ਬੰਨ੍ਹ - ਸੁੰਘੜੇ ਸੁੰਘੜੇ।

"ਤਾਏ ਢਿੱਡ ਦੁਖਣ ਦੀਆਂ ਗੋਲੀਆਂ ਦੇਈਂ" ਇਕ ਦਿਨ ਮੈਂ ਕਹਿੰਦੀ ਹਾਂ। ਉਂਜ ਤਾਇਆ ਸਾਨੂੰ ਪਿਆਰ ਵੀ ਬਹੁਤ ਕਰਦਾ ਹੈ। ਭਾਪਾ ਜੀ ਦਾ ਜੋਟੀਦਾਰ ਜੋ ਹੋਇਆ - ਜਮਾਤੀ ਵੀ ਤੇ ਜਾਤ ਭਾਈ ਵੀ।

"ਭਾਈ ਮੁੰਨੀ - ਢਿੱਡ ਦੁਖਣ ਦੀਆਂ ਚਾਹੀਦੀਆਂ ਹਨ ਜਾਂ ਹਟਾਉਣ ਦੀਆਂ..." ਉਹ ਮੁਸਕੜੀਆਂ ਹਸਦਾ ਹੈ - ਤੇ ਜ਼ਰੂਰ ਜਾਣਦਾ ਵੀ ਹੋਵੇਗਾ ਕਿ ਮੈਂ ਕਿੱਥੇ ਬੋਲਦੀ ਹਾਂ।

"ਹਾਂ ਤਾਏ- ਉਹ ਈਓ - ਉਹੀ ਹੀ ਓ-"

ਉਹ ਵੱਡੇ ਮੂੰਹ ਵਾਲੀ ਕੱਚ ਦੀ ਸ਼ੀਸ਼ੀ 'ਚੋਂ ਢੱਕਣ ਖੋਲ੍ਹ ਦੋ ਦੋ ਗੋਲੀਆਂ ਕੱਢ - ਅੱਗੇ ਕੀਤੇ ਸਾਰਿਆਂ ਹੱਥਾਂ 'ਤੇ ਵਾਰੀ ਵਾਰੀ ਧਰ ਦਿੰਦਾ ਹੈ - ਰੋਜ਼ ਵਾਂਗ - ਖੱਟੀਆਂ ਮਿੱਠੀਆਂ ਚੂਰਨ ਦੀਆਂ ਗੋਲੀਆਂ - ਜਿਨ੍ਹਾਂ ਬਾਰੇ ਸੋਚ ਕੇ ਪਹਿਲਾਂ ਹੀ ਸਾਡੇ ਮੂੰਹ ਪਾਣੀ ਨਾਲ ਭਰੇ ਹੁੰਦੇ।

ਮੂੰਹ ਵਿਚ ਸਿਟ - ਨੱਠ ਜਾਂਦੇ ਪੁੱਠੇ ਪੈਰੀਂ - ਅਸੀਂ ਸਭ - ਗੋਲੀਆਂ ਢਿੱਡ ਵਿਚ - ਤੇ ਦਰਦ ਉੱਥੇ ਹੀ ਕਿਤੇ ਤਾਏ ਦੇ ਗੋਡੇ ਕੋਲੇ - ਉਹਦੀ ਹੱਟੀ 'ਤੇ ਛੱਡ ਆ ਜਾਂਦੇ ਹਾਂ - ਅਗਲੀ ਕਿਸੇ ਕੱਲ੍ਹ ਲਈ-

ਸੋਚਦੀ ਹਾਂ ਇਸ ਦੀ ਕਿਤੇ ਸੂਹ ਵੀ ਹੁੰਦੀ ਹੋਵੇਗੀ -ਤਾਏ ਨੂੰ ਜ਼ਰੂਰ - ਤੇ ਕਿਤੇ ਸਾਡੀਆਂ ਲਲਚਾਈਆਂ ਤਰਸ ਭਰੀਆਂ ਤੇ ਬਹਾਨੇ-ਖੋਰ ਅੱਖਾਂ ਦੀ ਵੀ-ਉਹ ਜ਼ਰੂਰ ਜਾਣਦਾ ਹੋਵੇਗਾ ਕਿਤੇ - ਇਸ ਅੱਧਮਿਲੇ ਜਾਂ ਸਾਰੇ ਦੇ ਸਾਰੇ ਝੂਠ ਵਰਗੇ ਸੱਚ ਨੂੰ ਵੀ- ਕਿਤੇ ਜੇ ਢਿੱਡ ਦੁਖੇ ਤਾਂ ਕਿਵੇਂ ਕੋਈ ਹੱਸ ਹੱਸ ਕੇ ਨੱਠ ਨੱਠ ਕੇ ਪੁੱਜ ਜਾਏ ਤਾਏ ਦੀ ਹੱਟੀ - ਦੱਸ ਭਾਈ।

ਉਹ ਵੀ ਮੌਕਾ ਮਿਲਣ 'ਤੇ ਜਾਂ ਨਾ ਮਿਲਣ 'ਤੇ ਵੀ।

'ਅ' - ਮੁਕਤਾ 'ਆ' - ਕੰਨਾ

ਪਿੰਡ ਵਿਚ ਸਕੂਲ ਨਾ ਹੋਣ ਕਰਕੇ ਜਿੱਥੇ ਕੁਝ ਬੱਚੇ 'ਬੋਲੇ' ਜਾਂਦੇ ਹਨ, ਉੱਥੇ ਬਹੁਤੇ ਕੁੜੀਆਂ ਮੁੰਡੇ, ਵੱਡੇ ਵੀ ਤੇ ਛੋਟੇ ਵੀ ਪਿੰਡ ਵਿਚ ਹੀ ਪੜ੍ਹਦੇ ਹਨ, ਗੁਰਦੁਆਰੇ ਦੇ ਭਾਈ ਜੀ ਅਮਰ ਸਿੰਘ ਜੀ ਹੋਰਾਂ ਕੋਲ।

ਭਾਈ ਜੀ ਦੇ ਸਕੂਲ ਦਾ ਸਮਾਂ ਨਿਯਤ ਨਹੀਂ ਹੈ। ਕੋਈ ਕਦੇ ਵੀ ਆ ਸਕਦਾ ਹੈ। ਉਂਜ ਸਭ ਤੋਂ ਵਧੀਆਂ ਸਮਾਂ ਹੁੰਦਾ ਹੈ ਦੁਪਹਿਰ ਤੋਂ ਬਾਅਦ, ਕੰਮਾਂ ਕਾਰਾਂ ਤੋਂ ਵਿਹਲੇ ਹੋ।

ਤੇ ਰਾਤ ਨੂੰ ਵੀ।

ਸਕੂਲੋਂ ਆ ਕਦੇ ਕਦੇ ਛੁੱਟੀ ਵਾਲੇ ਦਿਨ ਅਸੀਂ ਵੀ ਚਲ ਜਾਂਦੇ ਹਾਂ -ਭਾਈ ਜੀ ਕੋਲ। ਇਹ ਪੜ੍ਹਾਈ ਸਾਡੇ ਸਕੂਲ ਦੀ ਪੜ੍ਹਈ ਤੋਂ ਬਿਲਕੁਲ ਵੱਖਰੀ ਤਰ੍ਹਾਂ ਦੀ ਹੈ।

ਕੈਦੇ ਤੋਂ ਪੰਜ ਗ੍ਰੰਥੀ, ਦਸਗ੍ਰੰਥੀ, ਬਾਈ ਵਾਰਾਂ, ਭਗਤਾਂ ਦੀ ਬਾਣੀ ਤੇ ਫੇਰ 'ਬੀੜ ਸਾਹਿਬ' ਦੇ ਪਾਠ। ਬੀੜ ਸਾਹਿਬ ਦੇ ਪਾਠ ਵੇਲੇ ਭਾਈ ਜੀ ਲਾਜ਼ਮੀ ਹਰ ਵਿਦਿਆਰਥੀ ਨਾਲ ਆਪ ਬੈਠਦੇ ਹਨ। ਉਚਾਰਨ ਸ਼ੁਧ ਕਰਵਾਉਂਦੇ ਹਨ।

'ਕੱਲੀ 'ਕੱਲੀ ਲਗ ਮਾਤਰ ਦਾ ਸਹੀ ਉਚਾਰਨ, ਕਿੱਥੇ ਕਿਵੇਂ ਪੜ੍ਹਨਾ ਹੈ, ਕਿੱਥੇ 'ਠਹਿਰਾਓ' ਦੇਣਾ ਹੈ, ਸਭ - ਕੀ ਮਜ਼ਾਲ ਕਿ ਕੋਈ ਮਾੜਾ ਜਿਹਾ ਵੀ ਗ਼ਲਤ ਉਚਰ ਜਾਏ।

ਕਿਸੇ ਕੁੜੀ ਜਾਂ ਮੁੰਡੇ ਦੇ ਵਿਆਹ ਵੇਲੇ ਵੀ ਇਹੋ ਪੜ੍ਹਾਈ ਕੰਮ ਆਉਂਦੀ ਹੈ।

ਜਿਵੇਂ ਕਿਹਾ ਜਾਂਦਾ, "ਬੇਬੋ ਤਾਂ ਹੁਣ ਪੰਜ ਗ੍ਰੰਥੀ ਪੜ੍ਹ ਲੈਂਦੀ ਹੈ", "ਗਿਆਨੋ ਖ਼ਤ ਵੀ ਲਿਖ ਲੈਂਦੀ ਹੈ।"

"ਲਾਡੋ ਮਾੜੇ ਮਾੜੇ ਅੱਖਰ 'ਠਾਲ ਲੈਂਦੀ ਹੈ।'

"ਭਾਗਾ ਤਾਂ ਮਹਾਰਾਜ ਪਰ ਬੀ ਬੈਠ ਲੈਂਦਾ ਹੈ।"

ਇਹ ਮਹਾਰਾਜ 'ਤੇ ਬੈਠਣਾ ਜਾਂ ਸ਼ੁੱਧ ਪਾਠ ਕਰ ਲੈਣਾ ਵੱਡੀ ਤੋਂ ਵੱਡੀ 'ਡਿਗਰੀ' ਹੁੰਦੀ ਹੈ ਇੱਥੇ - 'ਯੂਨੀਵਰਸਿਟੀ' ਦੀ ਡਿਗਰੀ ਵਾਂਗ।

ਇੱਥੇ ਭਾਈ ਜੀ ਕੋਲ ਜਾਂ ਪਿੰਡ ਦੀਆਂ ਵੱਡੀਆਂ ਵੱਡੀਆਂ ਕੁੜੀਆਂ ਪੜ੍ਹਦੀਆਂ, ਕੋਈ ਸਾਡੀ 'ਬੀਬੀ' ਲਗਦੀ, ਕੋਈ 'ਭੂਆ'।

ਅਸੀਂ ਇਨ੍ਹਾਂ ਦੀ ਕੋਈ ਗੱਲ ਕਰਨੀ ਹੁੰਦੀ ਤਾਂ ਇਹੋ ਸ਼ਬਦ ਲਾਉਂਦੀਆਂ 'ਨਾਂ' ਦੇ ਨਾਲ - 'ਕੇਸਰੋ ਬੀਬੀ' 'ਤੇਜੋ ਭੂਆ' ਜਾਂ 'ਪ੍ਰੀਤੋ ਬੀਬੀ'।

ਉਂਜ ਹਰ ਹਾੜੀ ਜਾਂ ਸਾਉਣੀ ਉਨ੍ਹਾਂ ਵਿਚੋਂ ਇਕੜ -ਦੁੱਕੜ ਦਾ ਤਾਂ ਜ਼ਰੂਰ ਹੀ ਵਿਆਹ ਹੋ ਜਾਂਦਾ ਤੇ ਫੇਰ ਉਹ ਪ੍ਰਾਹੁਣੀਆਂ ਹੋ ਜਾਂਦੀਆਂ। ਕਦੇ ਕਦਾਈਂ ਆਉਂਦੀਆਂ ਪਿੰਡ। ਨਵੇਂ ਨਵੇਂ ਕੱਪੜਿਆਂ 'ਚ। ਹੱਸਦੀਆਂ ਗੁਟਕਦੀਆਂ ਤੇ ਥੋੜ੍ਹਾ ਥੋੜ੍ਹਾ ਸ਼ਰਮਾਉਂਦੀਆਂ ਵੀ। ਉਂਜ ਉਹ ਕਦ ਆਉਂਦੀਆਂ, ਕਦ ਚਲੇ ਜਾਂਦੀਆਂ, ਪਤਾ ਹੀ ਨਾ ਲਗਦਾ ਸਾਨੂੰ। ਪਰ ਅਸੀਂ ਜਾਣੀ ਉਨ੍ਹਾਂ ਨੂੰ ਦੇਖਣ ਲਈ ਤਰਸਦੇ ਜੇ ਰਹਿੰਦੇ - ਉਨ੍ਹਾਂ ਨੂੰ ਉਨ੍ਹਾਂ ਦੇ ਸੁਹਣੇ ਸੁਹਣੇ ਕੱਪੜਿਆਂ ਨੂੰ ਤੇ ਉਨ੍ਹਾਂ ਦੇ ਪ੍ਰਾਹੁਣਿਆਂ ਨੂੰ ਵੀ।

ਲਿਖਾਈ ਲਿਖਣ ਲਈ ਇੱਥੇ ਵੀ ਫੱਟੀਆਂ ਹੀ ਹੁੰਦੀਆਂ ਹਨ - ਪਰ ਭਾਈ ਜੀ ਦੇ ਵਿਦਿਆਰਥੀ ਸਾਡੇ ਵਾਂਗ ਨਹੀਂ ਲਿਖਦੇ ਹਨ।

ਇਹ ਆਡੇ ਰੁਖ ਦੀ ਫੱਟੀ ਕਰ, ਮੁੰਨਾ ਖੱਬੇ ਹੱਥ ਵਿਚ, ਇੱਕ ਗੋਡੇ 'ਤੇ ਫੱਟੀ ਟਿਕਾ ਕੇ ਇਕ ਭੋਇੰ 'ਤੇ ਰੱਖ ਫੱਟੀਆਂ ਲਿਖਦੇ-

ਲਿਖਣ ਦੇ ਮਜ਼ਬੂਨ ਵੀ ਅਤਿ ਸਾਧਾਰਨ ਹੁੰਦੇ ਹਨ, ਆਮ ਜਾਣਕਾਰੀ ਦੇ, ਜਿਵੇਂ-

ਇਕ ਬੀਬੀ ਭਜਨ ਕੌਰ ਹੈ ਜੀ,
ਇਕ ਬੀਬੀ ਚੰਨਣ ਕੌਰ ਹੈ ਜੀ
ਇਕ ਬੀਬੀ ਹਰਬੰਸ ਕੌਰ...
ਭਾਈ ਰਤਨ ਸਿੰਘ ਜੀ
ਭਾਈ ਦਇਆ ਸਿੰਘ ਜੀ
ਭਾਈ ਬਹਾਲ ਸਿੰਘ...

ਇਕ ਪਿੰਡ ਭੱਕੂ ਮਾਜਰਾ ਹੈ ਜੀ
ਇਕ ਪਿੰਡ ਬਜਾਬਤ ਹੈ ਜੀ
ਇਕ ਪਿੰਡ ਜਗਤਪੁਰ ਹੈ ਜੀ....

ਇਕ ਸ਼ਹਿਰ ਰੋਪੜ ਹੈ ਜੀ
ਇਕ ਸ਼ਹਿਰ ਅੰਬਾਲਾ ਹੈ ਜੀ
ਇਕ ਸ਼ਹਿਰ ਦਿੱਲੀ ਹੈ ਜੀ ... ਆਦਿ

ਇਸ ਤਰ੍ਹਾਂ ਇਕ ਦਿਨ - ਇਕੋ ਵਿਸ਼ੇ 'ਤੇ ਨਾ ਲਿਖ ਕੇ ਫੱਟੀ ਭਰੀ ਜਾਂਦੀ ਹੈ।

ਤੇ ਇੱਕ ਦਿਨ ਇਵੇਂ ਹੀ ਮੈਂ ਵੀ ਫੱਟੀ ਲਿਖ ਰਹੀ ਹਾਂ - ਮੇਰੀ ਸਿਆਹੀ ਬਹੁਤ 'ਫਿੱਕੜ' ਹੈ। ਮੈਂ ਨਾਲ ਬੈਠੀ 'ਗਿਆਨੋ' ਦੀ ਦਵਾਤ 'ਚੋਂ ਡੋਬਾ ਲੈ ਲੈਂਦੀ ਹਾਂ। ਉਹ ਖਿੱਝ ਕੇ ਮੇਰੇ ਹੱਥ ਵਿਚ ਕਲਮ ਮਾਰਦੀ ਹੈ - ਕਿਲਕ ਦੀ ਤਿੱਖੀ ਕਲਮ, ਮੇਰੇ ਖੱਬੇ ਹੱਥ ਦੀ ਚੀਚੀ ਉਂਗਲੀ ਦੇ ਬਿਲਕੁਲ ਹੇਠਾਂ। ਮੈਂ ਉਚੀ ਉਚੀ ਰੋਂਦੀ ਹਾਂ। ਉਹ ਬੀਹੀ ਗਲੀ ਵਿਚੋਂ ਹੋ ਆਪਣੇ ਘਰ ਜਾ ਲੁਕਦੀ ਹੈ। ਮੈਂ ਅੰਗੂਠੇ ਨਾਲ ਹੱਥ ਦੱਬੀ ਉਹਦੇ ਪਿੱਛੇ ਪਿੱਛੇ। ਫੇਰ ਪਤਾ ਨਹੀਂ ਕੀ ਹੁੰਦਾ ਹੈ ਗਿਆਨੋ ਮੈਨੂੰ ਨਹੀਂ ਲੱਭਦੀ ਹੈ। ਪਰ 'ਗਿਆਨੋ' ਮੈਨੂੰ ਭੁਲਦੀ ਵੀ ਨਹੀਂ ਹੈ। ਉਹ ਸਿਆਹੀ ਦਾ ਨਿਸ਼ਾਨ ਅੱਜ ਵੀ ਮੇਰੇ ਹੱਥ ਵਿਚ ਹੈ, ਚੀਚੀ ਉਂਗਲ ਦੇ ਹੇਠਾਂ, ਜਿਵੇਂ ਕੋਈ 'ਪਲ' ਖੁਣਿਆ ਗਿਆ ਹੋਵੇ, ਕਿਸੀ ਇਤਿਹਾਸਕ ਯਾਦ ਵਾਂਗ।

ਉਂਜ ਫੱਟੀਆਂ ਲਿਖਣ ਲਈ ਸਿਆਹੀ ਅਸੀਂ ਘਰ ਹੀ ਬਣਾ ਲੈਂਦੇ ਹਾਂ - ਕਿੱਕਰਾਂ ਆਮ ਹਨ ਸਾਡੇ ਪਿੰਡ ਇੱਥੇ - ਤੇ ਗੂੰਦ ਵੀ ਬਥੇਰਾ ਮਿਲ ਜਾਂਦਾ ਹੈ ਸਾਨੂੰ। ਗੰਨਿਆਂ ਦੇ ਛਿਲਕਾਂ ਨਾਲ ਘਰੇੜ ਘਰੇੜ ਤਵਿਆਂ ਤੋਂ ਕਾਲਖ ਲਾਹ ਲੈਂਦੇ ਹਾਂ ਅਸੀਂ। ਫਿਰ ਕਿਸੀ ਭਾਂਡੇ ਵਿਚ ਗੂੰਦ ਮਿਲਾ, ਘੋਲ, ਸਿਆਹੀ ਬਣਾ ਲੈਂਦੇ ਹਾਂ, ਵਧੀਆ ਚਮਕੀਲੀ - ਤੇ ਭਰ ਲੈਂਦੇ ਆਪਣੀਆਂ ਆਪਣੀਆਂ ਦਵਾਤਾਂ। ਪਰ ਜਦ ਕਦੇ ਸਾਨੂੰ ਗੂੰਦ ਨਹੀਂ ਲੱਭਦਾ ਤਾਂ ਅਸੀਂ ਗੂੰਦ ਦੀ ਥਾਂ ਗੁੜ ਘੋਲ ਲੈਂਦੇ ਹਾਂ, ਪਰ ਇਹ ਸਿਆਹੀ, ਚਮਕੀਲੀ ਨਹੀਂ ਹੁੰਦੀ। ਦੂਜੇ ਨੰਬਰ ਦੀ ਸਿਆਹੀ ਬਣਦੀ ਹੈ, ਕੰਮ ਸਾਰਨ ਨੂੰ।

ਅੱਜ ਮੈਂ ਗੁੜ ਘੋਲ ਕੇ ਹੀ ਸਿਆਹੀ ਬਣਾਈ ਹੈ। ਅਸੀਂ ਵਰਤਣ ਵਾਲੇ ਵੀ ਤਾਂ ਤਿੰਨ ਜਣੇ ਹਾਂ - ਸਿੰਦਰ, ਮੋਹਣ ਤੇ ਮੈਂ। ਤਿੰਨ ਦਵਾਤਾਂ ਭਰ ਬਾਕੀ ਦੀ ਸਿਆਹੀ ਨਾਲ ਮੈਂ ਅਧੀਆ (ਛੋਟੀ ਬੋਤਲ) ਭਰ ਲੈਂਦੀ ਹਾਂ। 'ਅਧੀਏ' ਤਾਂ ਸਾਨੂੰ ਆਮ ਮਿਲ ਜਾਂਦੇ ਹਨ ਘਰਾਂ 'ਚੋਂ ਪਰ ਢੱਕਣਾਂ ਤੋਂ ਬਿਨਾਂ। ਢੱਕਣ ਦੀ ਥਾਂ ਸਭ ਛੱਲੀ ਦਾ ਗੁੱਲਾ ਤੋੜ ਬੋਤਲ ਦਾ ਮੂੰਹ ਬੰਦ ਕਰ ਦਿੰਦੇ ਹਨ, ਕੰਮ ਸਾਰਨ ਨੂੰ। ਪਰ ਅੱਜ ਖ਼ਬਰੇ ਮੈਨੂੰ ਕਿਧਰੋਂ 'ਗੁੱਲਾ' ਵੀ ਨਹੀਂ ਮਿਲਦਾ। ਮੈਂ ਨੰਗੇ ਮੂੰਹ ਹੀ ਬੋਤਲ ਖਿੜਕੀ ਵਿਚ ਰੱਖ ਦਿੰਦੀ ਹਾਂ। ਸਾਡੇ ਘਰਾਂ ਵਿਚ ਆਮ ਖਿੜਕੀਆਂ ਸਰੀਏ ਵਾਲੀਆਂ ਹੀ ਹੁੰਦੀਆਂ ਹਨ।

ਸਵੇਰੇ ਉੱਠ ਕੇ ਦੇਖਦੀ ਹਾਂ ਸਿਆਹੀ ਤਾਂ ਅੱਧੀ ਵੀ ਨਹੀਂ ਬਚੀ - ਬੋਤਲ ਵਿਚ। ਬਹੁਤ ਹੈਰਾਨ ਹਾਂ, ਸਾਰੀਆਂ ਦਵਾਤਾਂ ਪਹਿਲਾਂ ਹੀ ਭਰੀਆਂ ਪਈਆਂ ਹਨ - ਸਿਆਹੀ ਗਈ ਤਾਂ ਕਿੱਥੇ।

ਸੰਝਾਂ ਨੂੰ ਸਾਰੇ ਬਾਹਰ ਬੈਠੇ ਹਨ ਵਿਹੜੇ ਵਿਚ। ਮੈਂ ਕਿਸੇ ਕੰਮ ਅੰਦਰ ਆਉਂਦੀ ਹਾਂ। ਦੇਖਦੀ ਹਾਂ ਖਿੜਕੀ ਵਿਚ ਇਕ ਮੋਟਾ ਸਾਰਾ ਚੂਹਾ ਬੈਠਾ ਹੈ - ਪੂੰਛ 'ਡਬਕੋ' 'ਡਬਕੋ' ਸਿਆਹੀ ਚੂਸ ਰਿਹਾ ਹੈ। "ਹੱਦ ਹੋਗੀ", ਹੈਰਾਨ ਹੁੰਦੀ ਹਾਂ ਮੈਂ।

ਬਾਹਰ ਨੱਠ ਸਾਰਿਆਂ ਨੂੰ ਦਸਦੀ ਹਾਂ 'ਚੂਹੇ ਦੀ ਕਾਰਸਤਾਨੀ' ਤੇ ਅਗਲੇ ਦਿਨ ਸਕੂਲ ਜਾ - ਸੁਣਾ ਸੁਣਾ ਨਹੀਂ ਥੱਕਦੀ ਹਾਂ - ਇਹ ਅਣਹੋਣੀਆਂ ਵਰਗੀ ਹੋਣੀ।

ਹੁਣ ਰਾਤ ਨੂੰ ਦੂਸਰੀ ਘੰਟੀ ਵੱਜਦੀ ਹੈ - ਪਹਿਲੀ ਘੰਟੀ - ਸੰਝਾਂ ਨੂੰ ਹੁੰਦੀ - ਦੋ ਜੂਨ ਮਿਲਦੇ, ਰਹਿਰਾਸ ਦੇ ਸਮੇਂ।

ਅਸੀਂ ਸਾਰੇ ਗੁਰਦੁਆਰੇ ਪੁੱਜ ਜਾਂਦੇ ਹਾਂ। ਗੁਰਦੁਆਰੇ ਦੇ ਵਿਹੜੇ ਵਿਚ ਬੈਠ ਜਾਂਦੇ-ਘੇਰਾ ਜਿਹਾ ਬਣਾ ਕੇ। ਇਹ ਵੇਲਾ ਹੁੰਦਾ ਹੈ 'ਮੁਹਾਰਨੀ' ਕਹਿਣ ਦਾ। ਮੂਹਰੇ ਮੂਹਰੇ ਭਾਈ ਜੀ ਤੇ ਪਿੱਛੇ ਪਿੱਛੇ ਅਸੀਂ ਬੋਲਦੇ। ਮੁਹਾਰਨੀ ਵੇਲੇ ਤਾਂ ਬੀਜੀ ਸਾਨੂੰ ਜ਼ਬਰਦਸਤੀ ਭੇਜਦੇ ਹਨ - ਰੋਜ਼।

ਬਾਕੀ ਸਫ਼ਾ 32 'ਤੇ


Sir Speedy Tustin Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਜੀ ਐਚ ਜੀ ਫਰਿਜ਼ਨੋ ਦੇ ਛੇਵੇਂ ਵਿਰਾਸਤੀ ਖੇਡ ਮੇਲੇ ਵਿੱਚ ਪੰਜਾਬੀਅਤ ਦੇ ਨਜ਼ਾਰਿਆਂ ਨੇ ਮਾਹੌਲ ਨੂੰ ਕੀਤਾ ਰੂਪਮਾਨ

*• ਰੱਸੀ ਕਸ਼ੀ ਮੁਕਾਬਲੇ 'ਚ ਟਰੱਕਾਂ ਵਾਲੇ ਵੀਰਾਂ ਦੀਆਂ ਟੀਮਾਂ ਨੇ ਬਾਜ਼ੀ ਮਾਰੀ • ਬੀਬੀਆਂ ਦੇ ਮੁਕਾਬਲੇ 'ਚ ਧੀਆਂ ਨੇ ਮਾਵਾਂ ਨੂੰ ਦਿੱਤੀ ਕਰਾਰੀ ਹਾਰ*

**ਫਰਿਜ਼ਨੋ/ਕੁਲਵੰਤ ਉਭੀ ਧਾਲੀਆ:** ਪੰਜਾਬ, ਪੰਜਾਬੀ ਮਾਂ ਬੋਲੀ ਅਤੇ ਪੰਜਾਬੀਅਤ ਨੂੰ ਸਮਰਪਿਤ ਜੀਐਚਜੀਅਕੈਡਮੀ ਫਰਿਜ਼ਨੋ ਵਲੋਂ ਪਿਛਲੇ ਦਿਨੀਂ ਕਰਵਾਇਆ ਗਿਆ ਛੇਵਾਂ ਵਿਰਾਸਤੀ ਖੇਡ ਮੇਲਾ ਮਿਸਾਲੀ ਹੋ ਨਿੱਬੜਿਆ। ਪੰਜ ਸੌ ਤੋਂ ਵਧੇਰੇ ਬੱਚਿਆਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਪੁੱਜੇ ਦਰਸ਼ਕਾਂ ਦੇ ਸਾਹਮਣੇ ਪੰਜਾਬ ਦੀਆਂ ਵਿਰਾਸਤੀ ਖੇਡਾਂ ਦਾ ਪ੍ਰਦਰਸ਼ਨ ਕਰਕੇ ਮੂੰਹ ਵਿਚ ਉਂਗਲਾਂ ਪਵਾ ਦਿੱਤੀਆਂ। ਹਰ ਕੋਈ ਇਸ ਖੇਡ ਮੇਲੇ ਦੀ ਦਿਲ ਦੀਆਂ ਗਹਿਰਾਈਆਂ ਵਿਚੋਂ ਸਿਫ਼ਤ ਕਰ ਰਿਹਾ ਸੀ।

ਮੇਲੇ ਮੌਕੇ ਫਰਿਜ਼ਨੋ ਦਾ ਰੋਇਡਿੰਗ ਪਾਰਕ ਪੰਜਾਬ ਦੇ ਪਿੰਡ ਦਾ ਭੁਲੇਖਾ ਪਾ ਰਿਹਾ ਸੀ। ਬੱਚਿਆਂ ਨੂੰ ਆਸ਼ੀਰਵਾਦ ਦੇਣ ਲਈ ਭਾਰੀ ਗਿਣਤੀ ਵਿੱਚ ਪਹੁੰਚੇ ਦਾਦੇ, ਦਾਦੀਆਂ, ਨਾਨੇ, ਨਾਨੀਆਂ ਅਤੇ ਚਾਚੇ, ਤਾਏ ਅਤੇ ਕਮਿਊਨਿਟੀ ਦੀਆਂ ਪ੍ਰਮੁੱਖ ਸ਼ਖਸੀਅਤਾਂ ਸਾਰੇ ਹੀ ਆਪਣੇ ਬਚਪਨ ਦੀਆਂ ਯਾਦਾਂ ਵਿਚ ਗੁਆਚੇ ਰਹੇ ਅਤੇ ਆਨੰਦ ਮਾਣਦੇ ਰਹੇ।

ਪੰਜਾਬੀਅਤ ਦੇ ਰੰਗ 'ਚ ਰੰਗਿਆ ਅਤੇ ਵੱਖ ਵੱਖ ਨਜ਼ਾਰਿਆਂ ਵਾਲਾ ਇਹ ਮੇਲਾ ਸਵੇਰੇ 11:00 ਵਜੇ ਦੇ ਕਰੀਬ ਗੁਰੂ ਸਾਹਿਬ ਅੱਗੇ ਅਰਦਾਸ ਕਰਨ ਉਪਰੰਤ ਆਰੰਭ ਹੋਇਆ। ਇਸ ਤੋਂ ਬਾਅਦ ਡਲੀਨੋ ਤੋਂ ਆਏ ਬੱਚਿਆਂ ਨੇ ਰਸ ਭਿੰਨਾ ਕੀਰਤਨ ਕਰਕੇ ਸਭ ਨੂੰ ਮੰਤਰ ਮੁਗਧ ਕਰ ਦਿੱਤਾ। ਉਸ ਤੋਂ ਬਾਅਦ ਅਮੈਰਿਕਨ ਐਂਥਮ ਨਾਲ ਖੇਡ ਮੈਦਾਨ ਵਿਚ ਮਾਰਚ ਪਾਸਟ ਕੀਤਾ ਗਿਆ। ਇਸ ਤੋਂ ਬਾਅਦ ਬੱਚੇ ਅਤੇ ਮਾਪੇ ਆਪੋ-ਆਪਣੇ ਵੱਖੋ-ਵੱਖ ਗਰੁੱਪਾਂ ਵਿਚ ਵੱਖ-ਵੱਖ ਖੇਡਾਂ ਖੇਡਦੇ ਰਹੇ । ਖੇਡ ਮੁਕਾਬਲਿਆਂ ਵਿਚ ਪਹਿਲੇ, ਦੂਜੇ ਅਤੇ ਤੀਜੇ ਮੁਕਾਬਲੇ ਤੇ ਆਉਣ ਵਾਲੇ ਹਰ ਇਕ ਜੇਤੂ ਨੂੰ ਇਨਾਮਾਂ ਨਾਲ ਸਨਮਾਨਿਤ ਕੀਤਾ। ਖੇਡਾਂ ਵਿਚ ਬੰਟੇ, ਖੋ-ਖੋ, ਬਾਂਦਰ ਕੀਲਾ, ਕਬੱਡੀ, ਗੁੱਲੀ ਡੰਡਾ, ਬੈਗ ਰੇਸ, ਸਪੂਨ ਰੇਸ, ਤਿੰਨ ਟੰਗੀ ਰੇਸ, ਟਾਵਲ ਰੇਸ, ਚਾਟੀ ਰੇਸ ਅਤੇ ਹੋਰ ਬਹੁਤ ਸਾਰੀਆਂ ਖੇਡਾਂ ਖਿੱਚ ਦਾ ਕੇਂਦਰ ਬਣੀਆਂ। ਵਾਲੀਬਾਲ ਦਾ ਮੁਕਾਬਲਾ ਜੋ ਯੂਨਾਈਟਿਡ ਸਪੋਰਟਸ ਕਲੱਬ ਦੇ ਸਹਿਯੋਗ ਨਾਲ ਕਰਵਾਇਆ ਗਿਆ, ਇਸਦੇ ਵਿਚ ਫਰਿਜ਼ਨੋ ਦੀ ਟੀਮ ਨੇ ਪਹਿਲਾ ਅਤੇ ਸੈਨਹੋਜ਼ੇ ਦੀ ਟੀਮ ਨੇ ਦੂਜਾ ਸਥਾਨ ਹਾਸਲ ਕੀਤਾ। ਘੋੜਾ ਕਬੱਡੀ ਵਿਚ ਜੀਐਚਜੀਦੇ ਗੱਭਰੂ ਪਹਿਲੇ



ਅਤੇ ਖਾਲਸਾ ਟੀਮ ਗੁਰੂ ਘਰ ਨਾਨਕ ਪ੍ਰਕਾਸ਼ ਦੇ ਬੱਚੇ ਬਹੁਤ ਹੀ ਸਖ਼ਤ ਮੁਕਾਬਲੇ ਵਿਚ ਦੂਜੇ ਸਥਾਨ 'ਤੇ ਰਹੇ। ਰੱਸਾ ਕੱਸੀ ਵਿਚ ਇੰਦਰਜੀਤ ਨਾਗਰਾ ਦੀ ਅਗਵਾਈ ਵਿਚ ਆਏ ਬਜ਼ੁਰਗਾਂ ਦੀ ਟੀਮ ਨੇ ਮੇਲਾ ਲੁੱਟ ਲਿਆ।

ਰੱਸੀ ਕਸ਼ੀ ਮੁਕਾਬਲੇ ਵਿਚ ਟਰੱਕਾਂ ਵਾਲੇ ਵੀਰਾਂ ਦੀਆਂ ਦੋਵੇਂ ਟੀਮਾਂ ਬਾਜ਼ੀ ਮਾਰ ਗਈਆਂ। ਬੀਬੀਆਂ ਦੇ ਰੱਸਾਕਸ਼ੀ ਮੁਕਾਬਲੇ ਵਿਚ ਧੀਆਂ ਦੀ ਟੀਮ ਨੇ ਮਾਵਾਂ ਦੀ ਟੀਮ ਨੂੰ ਕਰਾਰੀ ਹਾਰ ਦਿੱਤੀ। ਗੀਤ ਸੰਗੀਤ ਸਾਰਾ ਦਿਨ ਚਲਦਾ ਰਿਹਾ। ਸਟੇਜ ਦੀ ਸੇਵਾ ਗੁਰਦੀਪ ਸਿੰਘ ਸ਼ੇਰਗਿੱਲ ਨੇ ਬਾਖੂਬੀ ਨਿਭਾਈ। ਕਬੱਡੀ ਦੀ ਕਮੈਂਟਰੀ ਕਰਕੇ ਜਸਪ੍ਰੀਤ ਸਿੱਧੂ ਨੇ ਚੰਗਾ ਰੰਗ ਬੰਨ੍ਹਿਆ। ਇਸ ਤਰ੍ਹਾਂ ਸਾਰਾ ਦਿਨ ਲੋਕੀ ਆਪਣੇ ਪਿੰਡਾਂ ਦੀਆਂ ਪੁਰਾਣੀਆਂ ਯਾਦਾਂ ਨਾਲ ਜੁੜ ਕੇ ਵਿਰਾਸਤੀ ਖੇਡਾਂ ਦਾ ਆਨੰਦ ਮਾਣਦੇ ਰਹੇ। ਮਿਊਜ਼ੀਕਲ ਚੇਅਰ ਦੇ ਮੁਕਾਬਲੇ ਦੌਰਾਨ ਵੱਖੋ-ਵੱਖ ਉਮਰਾਂ ਦੇ ਹਿਸਾਬ ਨਾਲ ਬਹੁਤ ਹੀ ਰੌਚਕ ਮੁਕਾਬਲੇ ਹੋਏ ਅਤੇ ਸਭ ਨੇ ਰੱਜ ਕੇ ਆਨੰਦ ਮਾਣਿਆ।

ਗੁਰੂ ਕੇ ਲੰਗਰ ਸਾਰਾ ਦਿਨ ਅਤੁੱਟ ਵਰਤਦੇ ਰਹੇ। ਗੁਰੂ ਮਹਾਰਾਜ ਦੀ ਕਿਰਪਾ ਸਦਕਾ ਲੰਗਰਾਂ ਦੀ ਸੇਵਾ ਜਿਹਨਾਂ ਪਰਿਵਾਰਾਂ ਨੇ ਕੀਤੀ, ਉਨ੍ਹਾਂ ਵਿੱਚ ਸਿਕੰਦਰ ਚੀਮਾ, ਸ਼ਿਕਾਗੋ ਪੀਜ਼ਾ, ਸੰਗੂ ਫੈਮਿਲੀ, ਮਨਜਿੰਦਰ ਚਾਹਲ, ਤਲਵਿੰਦਰ ਓਟਲ, ਜੋਗਾ ਅਤੇ ਬਿੱਟੂ (ਪੀਐਮਫਲੀਟ ਸਰਵਿਸ) ਅਤੇ ਜੀਤਾ ਆਰ ਵੀ ਟਰਾਂਸਪੋਰਟ ਸ਼ਾਮਲ ਸਨ। ਪਾਣੀ ਦੀ ਸੇਵਾ ਦਵਿੰਦਰ ਢਿੱਲੋਂ ਅਤੇ ਗੁਰਪ੍ਰੀਤ ਧਾਰੀਵਾਲ ਪਰਿਵਾਰ ਵਲੋਂ ਕੀਤੀ ਗਈ। ਇੰਡੋ ਅਮੈਰਿਕਨ ਹੈਰੀਟੇਜ਼ ਫੋਰਮ ਅਤੇ ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ ਸੰਸਥਾਵਾਂ ਨੇ ਵੀ ਪੂਰਨ ਸਹਿਯੋਗ ਦਿੱਤਾ। ਸਾਊਂਡ ਸਿਸਟਮ ਦੀ ਸੇਵਾ ਬਲਦੇਵ ਵਿਰਕ ਵੱਲੋਂ ਕੀਤੀ ਗਈ। ਮੋਗਾ ਵੀਡੀਓ ਦੇ ਅਜੀਤ ਸਿੰਘ ਗਿੱਲ ਸਾਰਾ ਦਿਨ ਬੱਚਿਆਂ ਦੀਆਂ ਯਾਦਾਂ ਨੂੰ ਆਪਣੇ ਕੈਮਰੇ ਵਿਚ ਬੰਦ ਕਰਦੇ ਰਹੇ। ਸਮੁੱਚੇ ਮੇਲੇ ਨੂੰ ਸਫਲ ਬਣਾਉਣ ਵਿਚ ਅਕੈਡਮੀ ਦੇ ਮੁੱਖ ਮੈਂਬਰਾਂ ਵਿਚ ਪਰਮਜੀਤ ਧਾਲੀਵਾਲ, ਸੁਖਮਿੰਦਰ ਸਰੋਏ, ਸੁਖਦੇਵ ਚੀਮਾ, ਉਦੈਦੀਪ ਸਿੱਧੂ, ਰਾਜਿੰਦਰ ਧਾਲੀਵਾਲ, ਪਰਮਪ੍ਰੀਤ ਪੰਨੂ, ਜਗਰੂਪ ਸਿੰਘ ਧਾਲੀਵਾਲ, ਜਤਿੰਦਰ ਪਾਲ ਮਾਨ, ਅਮਨਦੀਪ ਖਹਿਰਾ, ਪ੍ਰੀਤਮ ਪਾਸਲਾ, ਕੁਲਵੰਤ ਖਹਿਰਾ, ਸਰਬਜੀਤ ਸਿੱਧੂ, ਅਰਵਿੰਦਰ ਸਿੰਘ ਕਾਹਲੋਂ, ਸੀਤਲ ਮਾਹਲ, ਹਰਦੀਪ ਕਲੇਰ, ਤਰਨਜੀਤ ਕੌਰ ਕਲੇਰ, ਸ਼ਗਨਦੀਪ ਕੌਰ ਵੜੈਚ, ਗੁਰਪ੍ਰੀਤ ਧਾਲੀਵਾਲ (ਬੱਧਨੀ ਕਲਾਂ), ਗੁਰਦੀਪ ਸ਼ੇਰਗਿੱਲ, ਦਵਿੰਦਰ ਸਿੰਘ ਨਾਗੀ, ਬਸੰਤ ਸਿੰਘ ਧਾਲੀਵਾਲ, ਕੁਲਵੰਤ ਕੌਰ ਧਾਲੀਵਾਲ, ਦਲਜੀਤ ਕੌਰ ਧਾਲੀਵਾਲ, ਸੈਣੀ ਧਾਲੀਵਾਲ, ਜਗਜੀਤ ਸਿੰਘ ਧਾਲੀਵਾਲ ਅਤੇ ਸਮੁੱਚਾ ਅਕੈਡਮੀ ਦਾ ਯੂਥ ਵਿੰਗ ਸ਼ਾਮਲ ਸਨ। ਸੀਨੀਅਰ ਪ੍ਰਮੁੱਖ ਮੈਂਬਰਾਂ, ਜੋ ਸਮੇਂ-ਸਮੇਂ ਅਕੈਡਮੀ ਨੂੰ ਆਪਣੀ ਅਗਵਾਈ ਦਿੰਦੇ ਹਨ, ਉਹਨਾਂ ਵਿਚ ਜਗਜੀਤ ਸਿੰਘ ਥਿੰਦ, ਮਹਿੰਦਰ ਸਿੰਘ ਗਰੇਵਾਲ, ਕੁਲਦੀਪ ਸਿੰਘ ਕਾਲੇਕੇ, ਸੁਖਦੇਵ ਸਿੰਘ ਸਿੱਧੂ, ਅਵਤਾਰ ਸਿੰਘ ਗਿੱਲ ਅਤੇ ਡਾ. ਗੁਰਦਾਵਰ ਸਿੰਘ ਧਾਲੀਵਾਲ ਪ੍ਰਮੁੱਖ ਹਨ। ਪ੍ਰਬੰਧਕਾਂ ਵਲੋਂ ਇਨ੍ਹਾਂ ਸਭਨਾਂ ਦਾ ਉਚੇਚੇ ਤੌਰ ਉੱਤੇ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਸ ਵਰ੍ਹੇ ਡਾ. ਅਜੀਤ ਸਿੰਘ ਖਹਿਰਾ ਵੱਲੋਂ ਮੈਡੀਕਲ ਕੈਂਪ ਵੀ ਲਗਾਇਆ ਗਿਆ।

ਅੰਤ ਵਿਚ ਸਮੂਹ ਆਏ ਹੋਏ ਦਰਸ਼ਕਾਂ, ਮਾਪਿਆਂ, ਬੱਚਿਆਂ ਅਤੇ ਮੀਡੀਏ ਦਾ ਅਕੈਡਮੀ ਦੇ ਬੁਲਾਰੇ ਗੁਰਦੀਪ ਸ਼ੇਰਗਿਲ ਨੇ ਧੰਨਵਾਦ ਕੀਤਾ। ਆਉਂਦੇ ਸਾਲ ਫਿਰ ਮਿਲਣ ਦਾ ਵਾਅਦਾ ਕਰਕੇ ਸਾਰੇ ਖੁਸ਼ੀ-ਖੁਸ਼ੀ ਆਪਣੇ ਘਰਾਂ ਨੂੰ ਗਏ।

## ਜੀ.ਐਚ.ਜੀ. ਅਕੈਡਮੀ ਫਰਿਜ਼ਨੋਂ ਵੱਲੋਂ ਕੌਮਾਂਤਰੀ ਯੁਵਕ ਮੇਲਾ 29 ਜੁਲਾਈ ਨੂੰ

**ਫਰਿਜ਼ਨੋ/ਹੁਸਨ ਲੜੋਆ ਬੰਗਾ :** ਜੀ.ਐਚ.ਜੀ. ਸੰਗੀਤ ਅਤੇ ਡਾਂਸ ਅਕੈਡਮੀ ਫਰਿਜ਼ਨੋ ਵੱਲੋਂ ਡਾ. ਦਲਜਿੰਦਰ ਸਿੰਘ ਜੌਹਲ (ਅੰਤਰ ਰਾਸ਼ਟਰੀ ਭੰਗੜਾ ਕੋਚ) ਦੀ ਅਗਵਾਈ ਅਧੀਨ ਸਭਿਆਚਾਰਕ ਸਿਖਲਾਈ ਕੈਂਪ 14 ਜੁਲਾਈ ਤੋਂ ਪੰਜਾਬੀ ਸਕੂਲ ਫਰਿਜ਼ਨੋ ਵਿਖੇ ਸ਼ੁਰੂ ਕੀਤਾ ਗਿਆ ਹੈ। ਕੈਂਪ ਦੀ ਸਮਾਪਤੀ ਮੌਕੇ 29 ਜੁਲਾਈ, ਸ਼ਨਿੱਚਰਵਾਰ ਨੂੰ ਕੌਮਾਂਤਰੀ ਪੱਧਰ 'ਤੇ ਯੁਵਕ ਮੇਲਾ ਸੈਂਟਰਲ ਹਾਈ ਸਕੂਲ ਫਰਿਜ਼ਨੋ ਵਿਖੇ ਖੁੱਲ੍ਹੇ ਹਾਲ ਵਿੱਚ ਕਰਵਾਇਆ ਜਾਵੇਗਾ।

ਇਸ ਕੈਂਪ ਵਿੱਚ ਸੁਚੱਜੇ ਕੋਚਾਂ ਵਲੋਂ ਗਿੱਧੇ-ਭੰਗੜੇ ਦੀ ਸਿਖਲਾਈ ਦਿੱਤੀ ਜਾ ਰਹੀ ਹੈ। ਪ੍ਰਬੰਧਕਾਂ ਅਨੁਸਾਰ ਇਸ ਕੈਂਪ ਵਿੱਚ 500 ਤੋਂ ਵੱਧ ਬੱਚੇ ਦਾਖਲ ਹੋਏ ਹਨ। ਇਹ ਬੱਚੇ ਰੋਜ਼ਾਨਾ ਗੁਰਬਾਣੀ ਮੂਲ-ਮੰਤਰ ਦੇ ਜਾਪ ਕਰਨ ਮਗਰੋਂ ਅਰਦਾਸ ਕਰਦੇ ਹਨ। ਇਸ ਤੋਂ ਬਾਅਦ ਗਿੱਧਾ-ਭੰਗੜਾ ਤੇ ਹੋਰ ਗੀਤ-ਸੰਗੀਤ ਦੀ ਸਿਖਲਾਈ ਹਾਸਲ ਕਰਦੇ ਹਨ। ਸ਼ਾਮ ਵੇਲੇ ਬੱਚੇ ਅਤੇ ਮਾਪੇ ਗੁਰੂ ਕਾ ਲੰਗਰ ਛਕਦੇ ਹਨ।

ਇਸੇ ਤਰ੍ਹਾਂ ਕੈਂਪ ਦੌਰਾਨ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵੱਖ-ਵੱਖ ਵਿਭਾਗਾਂ ਨਾਲ ਸੰਬੰਧਤ ਅਮਰੀਕੀ ਅਧਿਕਾਰੀਆਂ ਨਾਲ ਮਿਲਵਾਇਆ ਜਾਂਦਾ ਹੈ। ਇਸ ਨਾਲ ਬੱਚਿਆਂ ਵਿੱਚ ਆਤਮ-ਵਿਸ਼ਵਾਸ਼ ਆਉਂਦਾ ਹੈ ਅਤੇ ਸਿੱਖ ਭਾਈਚਾਰੇ ਨੂੰ ਬਾਕੀ ਅਮਰੀਕੀ ਲੋਕਾਂ ਵਿੱਚ ਆਪਣੀ ਪਹਿਚਾਣ ਬਣਾਉਣ ਦਾ ਮੌਕਾ ਵੀ ਮਿਲਦਾ ਹੈ। ਇਸੇ ਲਈ ਕੈਂਪ ਪ੍ਰਤੀ ਬੱਚਿਆਂ ਦੇ ਨਾਲ-ਨਾਲ ਮਾਪਿਆਂ ਵਿੱਚ ਵੀ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਕੈਂਪ ਦੀ ਸਮਾਪਤੀ ਮੌਕੇ ਕਰਵਾਏ ਜਾਣ ਵਾਲੇ ਕੌਮਾਂਤਰੀ ਪੱਧਰ ਦੇ ਯੁਵਕ ਮੇਲੇ ਦੀ ਕੋਈ ਦਾਖਲਾ ਟਿਕਟ ਨਹੀਂ ਹੋਵੇਗੀ। ਇਸ ਵਿੱਚ ਅਮਰੀਕਾ ਦੀਆਂ ਵੱਖ-ਵੱਖ ਸਟੇਟਾਂ ਤੋਂ ਇਲਾਵਾ ਕੈਨੇਡਾ ਤੋਂ ਵੀ ਟੀਮਾਂ ਸ਼ਿਰਕਤ ਕਰਨਗੀਆਂ। ਇਸ ਸਾਂਝੇ ਕਾਰਜ ਨੂੰ ਨੇਪਰੇ ਚਾੜ੍ਹਨ ਵਿੱਚ ਉਦੈਦੀਪ ਸਿੰਘ ਸਿੱਧੂ, ਪਰਮਜੀਤ ਸਿੰਘ ਧਾਲੀਵਾਲ, ਸੁਖਵਿੰਦਰ ਸਿੰਘ ਸਰੋਏ, ਜਗਰੂਪ ਸਿੰਘ ਧਾਲੀਵਾਲ, ਸੁਖਦੇਵ ਸਿੰਘ ਚੀਮਾ, ਗੁਰਦੀਪ ਸ਼ੇਰਗਿੱਲ, ਸਤਿੰਦਰ ਸਿੰਘ ਸੱਗੂ ਅਤੇ ਸਮੁੱਚੀ ਜੀ.ਐਚ.ਜੀ. ਟੀਮ ਦਾ ਸ਼ਲਾਘਾਯੋਗ ਉੱਦਮ ਹੈ।

## ਸਮੋਕੀ ਪਾਰਕ 'ਚ ਖੇਡ ਮੁਕਾਬਲੇ 22 ਜੁਲਾਈ, ਸ਼ਨਿੱਚਰਵਾਰ ਨੂੰ

**ਰਿਚਮੰਡ ਹਿਲ/ਬਿਊਰੋ ਨਿਊਜ਼ :**

ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿਲ ਵਲੋਂ ਗਰਮੀਆਂ ਦੀਆਂ ਛੁੱਟੀਆਂ ਵਿੱਚ ਬੱਚਿਆਂ ਲਈ ਗੁਰਮਤਿ ਕੈਂਪ ਲਾਇਆ ਜਾਂਦਾ ਹੈ ਅਤੇ ਇਸ ਕੈਂਪ ਵਿੱਚ ਗੁਰਮਤਿ ਸਿੱਖਿਆ ਦੇ ਨਾਲ-ਨਾਲ ਬੱਚਿਆਂ ਦੇ ਸਰੀਰਕ ਵਿਕਾਸ ਦਾ ਧਿਆਨ ਰੱਖਦੇ ਹੋਏ ਸਮੋਕੀ ਪਾਰਕ ਵਿੱਚ ਖੇਡ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਇਸ ਵਾਰ ਵੀ ਗੁਰਮਤਿ ਕੈਂਪ ਦੌਰਾਨ 22 ਜੁਲਾਈ, ਸ਼ਨਿੱਚਰਵਾਰ ਨੂੰ ਸਵੇਰ 09 :00 ਵਜੇ ਤੋਂ ਸ਼ਾਮ 06:00 ਵਜੇ ਤੱਕ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ। ਵਧੇਰੇ ਜਾਣਕਾਰੀ ਲਈ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿਲ ਦੇ ਦਫ਼ਤਰ 718-846-3333 ਅਤੇ ਮੁੱਖ ਸੇਵਾਦਾਰ ਕੁਲਦੀਪ ਸਿੰਘ ਢਿੱਲੋਂ ਨਾਲ 347-324-2405 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਹੱਸਦਾ ਪੰਜਾਬ ਦੀ ਨਵੀਂ ਕਮੇਟੀ ਦੀ ਸਰਬਸੰਮਤੀ ਨਾਲ ਚੋਣ

**ਡੈਲਸ (ਟੈਕਸਸ)/ਹਰਜੀਤ ਢੇਸੀ:** ਸਥਾਨਕ ਸਭਿਆਚਾਰਕ ਸੰਸਥਾ, ਪੰਜਾਬੀ ਐਸੋਸੀਏਸ਼ਨ ਹੱਸਦਾ ਪੰਜਾਬ ਦੀ ਪ੍ਰਬੰਧਕ ਕਮੇਟੀ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ। ਇਸ ਸਬੰਧੀ ਫੈਸਲਾ ਸੰਸਥਾ ਦੀ ਇੱਥੇ ਹੋਈ ਜਨਰਲ ਬਾਡੀ ਮੀਟਿੰਗ ਵਿਚ ਲਿਆ ਗਿਆ. ਇਸ ਕਮੇਟੀ ਦੀ ਮਿਆਦ ਦੋ ਸਾਲ ਦੀ ਹੈ। ਸੰਸਥਾ ਦੀ ਜਨਰਲ ਬਾਡੀ ਮੀਟਿੰਗ ਦੌਰਾਨ ਇਸ ਦੇ ਹਿਸਾਬ ਕਿਤਾਬ ਦਾ ਲੇਖਾ ਜੋਖਾ ਕੀਤਾ ਗਿਆ। ਮੈਂਬਰਾਂ ਨੇ ਪਿਛਲੀ ਪ੍ਰਬੰਧਕ ਕਮੇਟੀ ਵੱਲੋਂ ਪੂਰੀ ਮਿਹਨਤ ਨਾਲ ਕਰਵਾਏ ਗਏ ਕਾਰਜਾਂ ਦੀ ਭਰਪੂਰ ਪ੍ਰੰਸ਼ਸਾ ਕੀਤੀ। ਰਾਜਾ ਸਿੰਘ ਨਿੱਜਰ ਨੇ ਜਦੋਂ 16 ਮੈਂਬਰੀ ਕਮੇਟੀ ਦਾ ਐਲਾਨ ਕੀਤਾ ਤਾਂ ਹਾਜ਼ਰ ਮੈਂਬਰਾਂ ਨੇ ਤਾੜੀਆਂ ਦੀ ਗੂੰਜ ਨਾਲ ਇਸ ਨੂੰ ਪ੍ਰਵਾਨਗੀ ਦਿੱਤੀ। ਨਵੀਂ ਚੁਣੀ ਗਈ ਪ੍ਰਬੰਧਕ ਕਮੇਟੀ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਪ੍ਰਤੀ ਨਿਸ਼ਠਾ ਨਾਲ ਸੇਵਾ ਕਰਨ ਦਾ ਪ੍ਰਣ ਲਿਆ।



# ਸਿਆਟਲ ਸਪੋਰਟਸ ਕਲੱਬ ਦੀ ਕਬੱਡੀ ਟੀਮ ਨੇ ਯੂਬਾ ਸਿਟੀ ਕਲੱਬ ਨੂੰ ਹਰਾਇਆ

### *ਸੁਲਤਾਨ ਬੈਸਟ ਰੇਡਰ ਅਤੇ ਪਾਲਾ ਜਲਾਲਪੁਰੀਆ ਬੈਸਟ ਸਟਾਪਰ ਐਲਾਨੇ*

**ਸ਼ਿਕਾਗੋ/ਬਿਊਰੋ ਨਿਊਜ਼ :**ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਵੱਲੋਂ ਇੱਥੇ ਪ੍ਰਧਾਨ ਅਮਰੀਕ ਸਿੰਘ ਦੀ ਅਗਵਾਈ ਹੇਠ ਮੇਲਾ ਲਾਇਆ ਗਿਆ। ਇਹ ਕਲੱਬ, ਸ਼ਿਕਾਗੋ ਮਿਡਵੈਸਟ ਦੀ ਸਭ ਤੋਂ ਪੁਰਾਣੀ ਖੇਡ ਸੰਸਥਾ ਹੈ ਜਿਸ ਨੇ ਆਪਣਾ ਪਹਿਲਾ ਖੇਡ ਮੇਲਾ 2002 ਵਿਚ ਲਾਇਆ ਸੀ।

ਇਸ ਮੌਕੇ ਹੋਏ ਕਬੱਡੀ ਮੁਕਾਬਲਿਆਂ ਵਿਚ ਸਿਆਟਲ ਸਪੋਰਟਸ ਕਲੱਬ ਦੀ ਟੀਮ ਯੂਬਾ ਸਿਟੀ ਸਪੋਰਟਸ ਕਲੱਬ ਨੂੰ 23 ਦੇ ਮੁਕਾਬਲੇ 35 ਅੰਕਾਂ ਨਾਲ ਹਰਾ ਕੇ ਜੇਤੂ ਰਹੀ। ਸੁਲਤਾਨ ਬੈਸਟ ਰੇਡਰ ਅਤੇ ਪਾਲਾ ਜਲਾਲਪੁਰੀਆ ਬੈਸਟ ਸਟਾਪਰ ਐਲਾਨੇ ਗਏ। ਕਬੱਡੀ ਦੇ ਪਹਿਲੇ ਇਨਾਮ ਦੇ ਸਪਾਂਸਰ ਮਿਲਵਾਕੀ ਤੋਂ ਉਘੇ ਪੰਜਾਬੀ ਕਾਰੋਬਾਰੀ ਦਰਸ਼ਨ ਸਿੰਘ ਧਾਲੀਵਾਲ ਸਨ ਜਿਨ੍ਹਾਂ ਆਪਣੇ ਪਿਤਾ ਬਾਪੂ ਕਰਤਾਰ



**ਜੇਤੂ ਕਬੱਡੀ ਟੀਮ ਦੇ ਮੈਂਬਰ ਟਰਾਫੀ ਹਸਲ ਕਰਨ ਬਾਅਦ ਦਰਸ਼ਨ ਸਿੰਘ ਧਾਲੀਵਾਲ ਅਤੇ ਪ੍ਰਧਾਨ ਅਮਰੀਕ ਸਿੰਘ ਅਤੇ ਪਤਵੰਤੇ ਸੱਜਣਾਂ ਨਾਲ।**

ਸਿੰਘ ਦੀ ਯਾਦ ਵਿੱਚ ਇਹ ਇਨਾਮ ਦਿੱਤਾ। ਦੂਜੇ ਇਨਾਮ ਦੇ ਸਪਾਂਸਰ ਇੰਡੀਆਨਾ ਤੋਂ ਘੁਮਾਣ ਭਰਾ-ਹੈਰੀ ਘੁਮਾਣ ਤੇ ਅਮਰਵੀਰ ਘੁਮਾਣ ਸਨ। ਵਾਲੀਬਾਲ ਮੁਕਾਬਲਿਆਂ ਵਿੱਚ ਕੁਲ 5 ਟੀਮਾਂ ਭਿੜੀਆਂ। ਫਾਈਨਲ ਵਿੱਚ ਸ਼ਹੀਦ ਭਗਤ ਸਿੰਘ ਕਲੱਬ-1 ਨੇ ਸ਼ਹੀਦ ਭਗਤ ਸਿੰਘ ਕਲੱਬ-2 ਨੂੰ ਹਰਾ ਕੇ ਟਰਾਫੀ ਜਿੱਤੀ। ਜੇਤੂ ਟੀਮਾਂ ਨੂੰ ਟਰਾਫੀਆਂ ਦਰਸ਼ਨ ਸਿੰਘ ਧਾਲੀਵਾਲ, ਡਾ. ਭੁਪਿੰਦਰ ਸਿੰਘ ਸੈਣੀ ਤੇ ਕਲੱਬ ਦੇ ਚੇਅਰਮੈਨ ਬਲਦੇਵ ਸਿੰਘ ਸੱਲਾਂ ਨੇ ਵੰਡੀਆਂ। ਡੇਅਟਨ (ਓਹਾਇਓ) ਤੋਂ ਆਏ ਅਵਤਾਰ ਸਿੰਘ ਸਪਰਿੰਗਫੀਲਡ ਨੇ ਸਿਰ ਪਰਨੇ ਹੋ ਕੇ ਆਪਣੀ ਕਲਾ ਦੇ ਜੌਹਰ ਦਿਖਾਏ।

ਮੇਲੇ ਵਿੱਚ ਗਾਇਕ ਹੰਸ ਰਾਜ ਹੰਸ, ਸਮਾਜ ਸੇਵੀ ਐਸ.ਪੀ. ਸਿੰਘ ਉਬਰਾਏ, ਉਲੰਪੀਅਨ ਸੁਰਿੰਦਰ ਸਿੰਘ ਸੋਢੀ, ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਤੀ, ਸ਼ਿਕਾਗੋ ਵਿੱਚ ਭਾਰਤੀ ਕੌਂਸਲ ਜਨਰਲ ਨੀਤਾ ਭੂਸ਼ਣ, ਡਾ. ਭੁਪਿੰਦਰ ਸਿੰਘ ਸੈਣੀ, ਮਨਜੀਤ ਸਿੰਘ ਰਾਜਪੁਰ ਭਾਈਆਂ (ਕੈਨੇਡਾ), ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ ਦੇ ਸਰਪ੍ਰਸਤ ਅਮੋਲਕ ਸਿੰਘ ਗਾਖਲ, ਜਥੇਦਾਰ ਤਾਰਾ ਸਿੰਘ ਸੱਲਾਂ, ਢੀਂਡਸਾ ਭਰਾ-ਅਮਰਜੀਤ ਸਿੰਘ ਤੇ ਲਖਵੀਰ ਸਿੰਘ, ਹਰਵਿੰਦਰ ਸਿੰਘ ਵਾਲੀਆ, ਬਲਦੇਵ ਸਿੰਘ ਸੱਲਾਂ, ਪਾਲ ਖਲੀਲ, ਮਿਸ਼ੀਗਨ ਦੇ ਸਿਆਸੀ ਹਲਕਿਆਂ ਵਿੱਚ ਸਰਗਰਮ ਸੰਨੀ ਧੂੜ, ਜੀ.ਪੀ. ਐਸ. ਖਹਿਰਾ, ਅਟਾਰਨੀ ਜਸਪ੍ਰੀਤ ਸਿੰਘ, ਜਗੀਰ ਸਿੰਘ ਸਬਜ਼ੀ ਮੰਡੀ, ਵਰਿੰਦਰਪਾਲ ਸਿੰਘ ਅਤੇ ਸੁਖਨਿੰਦਰ ਸਿੰਘ ਨੀਟੂ ਵਡਿਆਲ ਸ਼ਾਮਲ ਹੋਏ। ਕਲੱਬ ਦੇ ਚੇਅਰਮੈਨ ਬਲਦੇਵ ਸਿੰਘ ਸੱਲਾਂ ਨੇ ਦਰਸ਼ਕਾਂ ਦਾ ਧੰਨਵਾਦ ਕੀਤਾ। ਵਿਸ਼ੇਸ਼ ਮਹਿਮਾਨ ਅਟਾਰਨੀ ਜਸਪ੍ਰੀਤ ਸਿੰਘ ਨੇ ਵਧੀਆ ਮੇਲਾ ਕਰਾਉਣ ਲਈ ਦਰਸ਼ਕਾਂ ਤੇ ਕਲੱਬ ਨੂੰ ਵਧਾਈ ਦਿੱਤੀ।

ਮੇਲੇ ਦਾ ਦੂਜਾ ਹਿੱਸਾ ਗਾਇਕੀ ਦਾ ਖੁੱਲ੍ਹਾ ਅਖਾੜਾ ਸੀ ਜਿਸ ਵਿੱਚ ਪੌਪ ਗਾਇਕਾ ਜੈਸਮੀਨ ਸੈਂਡਲਸ ਤੋਂ ਇਲਾਵਾ ਰੁਪਿੰਦਰ ਹਾਂਡਾ ਤੇ ਸ਼ੈਰੀ ਮਾਨ, ਸਥਾਨਕ ਗਾਇਕ ਤਾਰਾ ਮੁਲਤਾਨੀ, ਜਗਮੀਤ ਸਿੰਘ ਅਤੇ ਸਿਨਸਿਨੈਟੀ (ਓਹਾਇਓ) ਤੋਂ ਪਹੁੰਚੇ ਨਿੰਮਾ ਡੱਲੇਵਾਲ ਨੇ ਗੀਤ ਪੇਸ਼ ਕੀਤੇ। ਮੇਲੇ ਦੇ ਅੰਤ ਵਿੱਚ ਸੰਸਥਾ ਦੇ ਪ੍ਰਧਾਨ ਅਮਰੀਕ ਸਿੰਘ, ਜੋ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੀ ਹਾਈਪਾਵਰ ਕੋਰ ਕਮੇਟੀ ਦੇ ਮੈਂਬਰ ਤੇ ਮੀਡੀਆ ਇੰਚਾਰਜ ਵੀ ਹਨ, ਨੇ ਸਭ ਦਾ ਧੰਨਵਾਦ ਕੀਤਾ। ਮੇਲੇ ਨੂੰ ਕਾਮਯਾਬ ਕਰਨ ਲਈ ਪ੍ਰਧਾਨ ਅਮਰੀਕ ਸਿੰਘ ਤੋਂ ਇਲਾਵਾ ਜਸਕਰਨ ਸਿੰਘ ਧਾਲੀਵਾਲ, ਹੈਪੀ ਸਿੰਘ ਹੀਰ, ਨਰਿੰਦਰ ਸਿੰਘ ਸਰਾਂ, ਲਵਦੀਪ ਦੂੱਲਤ, ਹਰਵਿੰਦਰ ਸਿੰਘ ਬਿੱਲਾ, ਅੰਮ੍ਰਿਤਪਾਲ ਸਿੰਘ ਸੰਘਾ, ਗੁਰਮੀਤ ਸਿੰਘ ਭੋਲਾ, ਰਾਜਿੰਦਰ ਸਿੰਘ ਦਿਆਲ, ਲੱਕੀ ਸਹੋਤਾ, ਹਰਦੀਪ ਸਿੰਘ ਗਿੱਲ, ਮਨਮਿੰਦਰ ਸਿੰਘ ਹੀਰ ਅਤੇ ਗੁਰਪ੍ਰੀਤ ਸਿੰਘ ਗਿੱਲ ਨੇ ਦਿਨ ਰਾਤ ਇਕ ਕਰੀ ਰੱਖਿਆ।

## ਪਾਠਕਾਂ ਦੀ ਸੱਥ

# ਸਿੱਖ ਕੌਮ ਸਿਰ ਕਰਜ਼ਾ

ਕਰਜ਼ਾਈ ਬੰਦਾ ਕਦੀ ਸੁੱਖ ਦੀ ਨੀਂਦ ਨਹੀਂ ਸੌਂ ਸਕਦਾ। ਜੇਕਰ ਕਰਜ਼ਾ ਸਿਰ ਚੜ੍ਹ ਹੀ ਜਾਵੇ ਤਾਂ ਜਿਵੇਂ-ਕਿਵੇਂ ਛੇਤੀ ਉਤਾਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਵਰਨਾ, ਆਪਾਂ ਹਰ ਰੋਜ਼ ਖ਼ਬਰਾਂ ਪੜ੍ਹਦੇ ਸੁਣਦੇ ਹਾਂ ਕਿ ਪੰਜਾਬ ਵਿਚ ਆਏ ਦਿਨ ਗਰੀਬ ਖ਼ੁਦਕੁਸ਼ੀ ਕਰ ਰਿਹਾ ਹੈ। ਮੈਂ ਇਸ ਕਰਜ਼ੇ ਦੀ ਨਹੀਂ, ਬਲਕਿ ਗੁਰਬਾਣੀ ਦੀ ਹੋ ਰਹੀ ਬੇਅਦਬੀ ਦੇ ਕਰਜ਼ੇ ਦੀ ਗੱਲ ਕਰ ਰਿਹਾ ਹਾਂ। ਦੇਖ ਰਹੇ ਹਾਂ ਕਿ ਇੱਕ ਨਹੀਂ, ਦੋ ਨਹੀਂ, ਚਾਰ ਨਹੀਂ ਕਰੀਬ ਸੌ ਵਾਰ, ਕਿਸੇ ਨ ਕਿਸੇ ਰੂਪ ਵਿਚ ਕਦੀ ਕਿਤੇ ਅਤੇ ਕਦੀ ਕਿਤੇ ਬੇਅਦਬੀ ਦੀ ਘਟਨਾ ਵਾਪਰ ਚੁੱਕੀ ਹੈ। ਜਿਸ ਗੁਰਬਾਣੀ ਦਾ ਸਤਿਕਾਰ ਕਰਦਿਆਂ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜੁਨ ਦੇਵ ਜੀ ਮਹਾਰਾਜ ਉਬਲਦੀ ਦੇਗ, ਤੱਤੀ ਤਵੀ 'ਤੇ ਬੈਠ ਅਸਹਿ ਅਤੇ ਅਕਹਿ ਕਸ਼ਟ ਸਹਾਰਦਿਆਂ ਸ਼ਹੀਦ ਤਾਂ ਹੋ ਗਏ ਪਰ ਮਨੁੱਖਤਾ ਦੇ ਭਲੇ ਲਈ ਰੱਬੀ ਗਿਆਨ ਦਾ ਸਾਗਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਸਾਨੂੰ ਬਖ਼ਸ਼ ਗਏ। ਜਿਸ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਸਾਨੂੰ 84 ਤੋਂ ਮੁਕਤ ਕਰਨਾ ਹੈ, ਸਿੱਖ ਕੌਮ ਆਪਣੇ ਉਸ ਸ਼ਬਦ ਗੁਰੂ ਦਾ ਸਤਿਕਾਰ ਵੀ ਬਹਾਲ ਨਹੀਂ ਕਰ ਸਕੀ।

ਖ਼ਾਲਸਾ ਜੀ! ਗੁਰਬਾਣੀ ਦਾ ਸਤਿਕਾਰ ਬਹਾਲ ਕਰਨਾ ਸਿੱਖ ਕੌਮ ਦਾ ਮੁੱਢਲਾ ਫ਼ਰਜ਼ ਹੈ। ਕਿਸੇ ਸਰਕਾਰ ਤੋਂ ਆਪਾਂ ਨੂੰ ਆਸ ਨਹੀਂ ਰੱਖਣੀ ਚਾਹੀਦੀ। ਨਾ ਹੀ ਇਹ ਕਿਸੇ ਇੱਕ ਜਥੇਬੰਦੀ ਦਾ ਕੰਮ ਹੈ ਅਤੇ ਨਾ ਹੀ ਕਿਸੇ ਇੱਕ ਧਾਰਮਿਕ ਅਸਥਾਨ ਦਾ। ਇਹ ਤਾਂ ਹਰ ਇੱਕ ਸਿੱਖ ਨੂੰ ਹੀ ਧਿਆਨ ਦੇਣਾ ਪਵੇਗਾ, ਆਪਣੇ ਬਣਦੇ ਫ਼ਰਜ਼ ਨੂੰ ਪਹਿਚਾਣ ਕੇ ਯੋਗਦਾਨ ਪਾਉਣਾ ਪਵੇਗਾ। ਕਿਤੇ ਆਪਾਂ ਇੱਥੋਂ ਤੱਕ ਹੀ ਸੀਮਤ ਨਾ ਰਹਿ ਜਾਈਏ ਕਿ ਗੁਰਦੁਆਰਾ ਸਾਹਿਬ ਗਏ, ਮੱਥਾ ਟੇਕਿਆ, ਦੇਗ ਛਕੀ ਅਤੇ ਪਕੌੜੇ ਖਾ ਕੇ ਘਰ ਪਰਤ ਗਏ।

ਹਰ ਇੱਕ ਸਿੱਖ ਨੂੰ ਸੋਚਣਾ ਚਾਹੀਦਾ ਹੈ ਕਿ ਉਹ ਬਾਣੀ ਦੀ ਬੇਅਦਬੀ ਰੋਕਣ ਲਈ ਉਹ ਕੀ ਯੋਗਦਾਨ ਪਾ ਸਕਦਾ ਹੈ। ਜੇਕਰ ਅਸੀਂ ਗੁਰਬਾਣੀ ਦੀ ਬੇਅਦਬੀ ਰੋਕਣ ਲਈ ਕੁੱਝ ਨਾ ਕੀਤਾ ਤਾਂ ਸਾਨੂੰ ਅੱਗੇ ਜਾ ਕੇ ਗੁਰੂ ਦੀ ਹਜ਼ੂਰੀ ਵਿੱਚ ਜਵਾਬ ਦੇਹ ਹੋਣਾ ਪਵੇਗਾ।

ਜੋ ਲੋਕ ਗੁਰਬਾਣੀ ਦੀ ਬੇਅਦਬੀ ਕਰ ਰਹੇ ਹਨ ਜਾਂ ਕਰਵਾ ਰਹੇ ਹਨ ਅਤੇ ਕਰਨ ਦੀ ਸ਼ਹਿ ਦੇ ਰਹੇ ਹਨ, ਉਨ੍ਹਾਂ ਦੀ ਬੁੱਧੀ ਭ੍ਰਿਸ਼ਟ ਹੋ ਚੁੱਕੀ ਹੈ। ਉਨ੍ਹਾਂ ਨੂੰ ਸਿੰਘਾਂ ਦੇ ਇਤਿਹਾਸ ਤੋਂ ਸਬਕ ਸਿੱਖ ਲੈਣਾ ਚਾਹੀਦਾ ਹੈ ਕਿ ਕੌਮ ਦੇ ਯੋਧਿਆਂ ਨੇ ਬੇਅਦਬੀ ਕਰਨ ਵਾਲਿਆਂ ਨੂੰ ਕਦੀ ਨਹੀਂ ਬਖ਼ਸ਼ਿਆ।

ਇਹ ਵੱਖਰੀ ਗੱਲ ਹੈ ਕਿ ਸਿੱਖ ਕੌਮ ਅਜੇ ਪੂਰੀ ਤਰ੍ਹਾਂ ਆਜ਼ਾਦ ਨਹੀਂ ਹੈ, ਦੂਸਰਾ ਸਿੱਖਾਂ ਵਿੱਚ ਕੁੱਝ ਇੱਕ ਵਿਕਾਊ ਗ਼ਦਾਰ ਬਿਰਤੀ ਵਾਲੇ ਲੋਕ ਵੀ ਹਨ ਜੋ ਹੋ ਰਹੇ ਨੁਕਸਾਨ ਵਿੱਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ, ਜਿਸ ਕਰਕੇ ਥੋੜ੍ਹੀ ਦੇਰ ਤਾਂ ਹੋ ਸਕਦੀ ਹੈ ਪਰ ਕੌਮ ਹਮੇਸ਼ਾਂ ਕਰਜ਼ਾ ਉਤਾਰਦੀ ਆਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਨੂੰ ਦੁਨੀਆ ਦੀ ਕੋਈ ਵੀ ਤਾਕਤ ਨਾ ਘਟਾ ਸਕੀ ਹੈ ਅਤੇ ਨਾ ਹੀ ਅੱਗੇ ਲਈ ਕੋਈ ਘਟਾ ਸਕਦੀ ਹੈ। ਬੇਅਦਬੀ ਕਰਨ ਵਾਲਿਆਂ ਦਾ ਨਾਮੋ ਨਿਸ਼ਾਨ ਹਮੇਸ਼ਾ ਲਈ ਮਿਟਦਾ ਆਇਆ ਹੈ ਅਤੇ ਅੱਗੇ ਲਈ ਵੀ ਮਿਟਦਾ ਜਾਵੇਗਾ, ਖ਼ਾਲਸੇ ਦੀ ਸਦਾ ਜੈ ਜੈ ਕਾਰ ਹੋਵੇਗੀ।

**ਜਸਦੀਪ ਸਿੰਘ** (ਫੋਨ :510-579-6327) ਫਰੀਮੌਂਟ

# ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ



**ਰਿਚਮੰਡ ਹਿਲ/ਬਿਊਰੋ ਨਿਊਜ਼ :** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਮੁੱਖ ਸੇਵਾਦਾਰ ਸ. ਕੁਲਦੀਪ ਸਿੰਘ ਢਿੱਲੋਂ ਨੇ ਦੱਸਿਆ ਕਿ ਬੀਤੇ ਦਿਨੀਂ ਬਾਲਾ ਪ੍ਰੀਤਮ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਤੋਂ ਬਾਅਦ ਦੀਵਾਨ ਸਜਾਏ ਗਏ। ਸੰਗਤਾਂ ਦਾ ਉਤਸ਼ਾਹ ਦੇਖਣ ਯੋਗ ਸੀ। ਸੰਗਤ ਨੇ ਸਾਰਾ ਦਿਨ ਲੰਗਰਾਂ ਤੇ ਹੋਰ ਸਥਾਨਾਂ 'ਤੇ ਹੁਮ-ਹੁਮਾ ਕੇ ਸੇਵਾ ਕੀਤੀ ਤੇ ਗੁਰੂ ਸਾਹਿਬ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਤੋਂ ਉਪਰੰਤ ਆਤਮ ਰਸ ਕੀਰਤਨ ਦਰਬਾਰ ਸਜਾਇਆ ਗਿਆ ਜਿਸ ਵਿੱਚ ਭਾਈ ਗੁਰਸੇਵਕ ਸਿੰਘ ਲੁਧਿਆਣੇ ਵਾਲੇ, ਭਾਈ ਹਰਭਜਨ ਸਿੰਘ ਜਗਾਧਰੀ ਵਾਲਿਆਂ ਨੇ ਹਾਜ਼ਰੀ ਭਰੀ ਤੇ ਕਥਾਵਾਚਕ ਗਿਆਨੀ ਰਣਜੀਤ ਸਿੰਘ ਨਡਾਲੇ ਵਾਲਿਆਂ ਨੇ ਕਥਾ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਢਾਡੀ ਜਥਾ ਭਾਈ ਸੁੱਖਵਿੰਦਰ ਸਿੰਘ ਅੰਮ੍ਰਿਤਸਰ ਵਾਲਿਆਂ ਨੇ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਿਆ। ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਹੈੱਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ ਨੇ ਵੀ ਸੰਗਤਾਂ ਨੂੰ ਗੁਰੂ ਬਚਨਾਂ ਨਾਲ ਨਿਹਾਲ ਕੀਤਾ ਤੇ ਗੁਰੂ ਸਾਹਿਬਾਂ ਦੇ ਦਰਸਾਏ ਹੋਏ ਮਾਰਗਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਸੰਗਤਾਂ ਨੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹੋਏ ਜੈਕਾਰਿਆਂ ਦੀ ਗੂੰਜ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ 'ਤੇ ਫੁੱਲਾਂ ਦੀ ਵਰਖਾ ਕੀਤੀ। ਸ. ਕੁਲਦੀਪ ਸਿੰਘ ਢਿੱਲੋਂ ਤੇ ਸਮੂਹ ਪ੍ਰਬੰਧਕ ਕਮੇਟੀ ਨੇ ਸੰਗਤਾਂ ਨੂੰ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ।

# ਨਰਮ ਧਾਤ ਜਾਂ ਪਲਾਸਟਿਕ ਨੁਮਾ ਕਿਰਪਾਨਾਂ ਦਾ ਅਮਲ ਸਿੱਖ ਸਿਧਾਂਤਾਂ ਦੇ ਉਲਟ : ਯੂਨਾਈਟਿਡ ਖਾਲਸਾ ਦਲ ਯੂ.ਕੇ.

**ਲੰਡਨ/ਬਿਊਰੋ ਨਿਊਜ਼ :** ਯੂਨਾਈਟਿਡ ਖਾਲਸਾ ਦਲ ਯੂ.ਕੇ. ਦੇ ਪ੍ਰਧਾਨ ਸ. ਨਿਰਮਲ ਸਿੰਘ ਸੰਧੂ, ਜਨਰਲ ਸਕੱਤਰ ਸ. ਲਵਸ਼ਿੰਦਰ ਸਿੰਘ ਡੱਲੇਵਾਲ, ਧਰਮਯੁੱਧ ਜਥਾ ਦਮਦਮੀ ਟਕਸਾਲ ਦੇ ਮੁਖੀ ਸ. ਚਰਨ ਸਿੰਘ ਅਤੇ ਸ. ਬਲਵਿੰਦਰ ਸਿੰਘ ਚਹੇੜੂ ਵਲੋਂ ਸਿੱਖ ਕੌਮ ਦੇ ਜ਼ਿੰਮੇਵਾਰ ਧਾਰਮਿਕ ਵਿਅਕਤੀਆਂ ਨੂੰ ਸੁਚੇਤ ਰਹਿੰਦਿਆਂ ਸਿੱਖ ਕਰਾਰਾਂ ਦੀ ਹੋਣ ਜਾ ਰਹੀ ਅਵੱਗਿਆ ਨੂੰ ਰੋਕਣ ਦੀ ਅਪੀਲ ਕੀਤੀ ਗਈ ਹੈ। ਅਜਿਹਾ ਕਰਨ ਵਾਲੇ ਤਾਂ ਭਵਿੱਖ ਵਿੱਚ ਲੱਕੜ ਦੀਆਂ ਕਿਰਪਾਨਾਂ ਵੀ ਅਮਲ ਵਿੱਚ ਲੈ ਆਉਣਗੇ। ਕਿਰਪਾਨ ਜਿਸ ਦਾ ਅੱਖਰੀ ਅਰਥ ਕਿਰਪਾ ਦੀ ਆਨ ਹੈ, ਜੋ ਕੇਵਲ ਚਿੰਨ ਮਾਤਰ ਨਹੀਂ ਹੈ ਬਲਕਿ ਮਜ਼ਲੂਮਾਂ ਦੀ ਢਾਲ ਅਤੇ ਕੌਮੀ ਸਵੈਮਾਨ ਦਾ ਪ੍ਰਤੀਕ ਹੈ। ਪਲਾਸਟਿਕ ਜਾਂ ਕਿਸੇ ਹੋਰ ਨਰਮ ਧਾਤ ਦੀ ਕਿਰਪਾਨ ਬਣਾਉਣ ਵਾਲੇ ਤਾਂ ਭਵਿੱਖ ਵਿੱਚ ਬਾਕੀ ਚਾਰ ਕਰਾਰਾਂ ਕੇਸ, ਕੰਘਾ, ਕੜਾ ਅਤੇ ਕਛਿਹਰੇ ਨੂੰ ਵੀ ਬਦਲਵਾਂ ਰੂਪ ਦੇ ਸਕਦੇ ਹਨ। ਸਿੱਖ ਆਗੂਆਂ ਨੇ ਕਿਹਾ ਕਿ ਇਹ ਬਹੁਤ ਹੀ ਗੰਭੀਰ ਮਸਲਾ ਹੈ, ਜਿਸ ਨੂੰ ਹਰ ਹਾਲਤ ਵਿੱਚ ਰੋਕਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਕਿਰਪਾਨ ਸਿੱਖਾਂ ਦਾ ਅਨਿੱਖੜਵਾਂ ਅੰਗ ਹੈ ਅਤੇ ਅੰਮ੍ਰਿਤਧਾਰੀ ਗੁਰਸਿੱਖਾਂ ਨੂੰ 24 ਘੰਟੇ ਹਮੇਸ਼ਾਂ ਅੰਗ ਸੰਗ ਰੱਖਣ ਦਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਵਲੋਂ ਹੁਕਮ ਹੈ ਪਰ ਇਟਲੀ ਵਰਗੇ ਕੁੱਝ ਦੇਸ਼ਾਂ ਵਿੱਚ ਜਿੱਥੇ ਸਮੇਂ ਦੀਆਂ ਸਰਕਾਰਾਂ ਨੂੰ ਸਿੱਖਾਂ ਦੇ ਪੰਜ ਕਰਾਰਾਂ ਦੀ ਜਾਣਕਾਰੀ ਅਤੇ ਮਹੱਤਤਾ ਦਾ ਪਤਾ ਨਹੀਂ, ਉਨ੍ਹਾਂ ਵਲੋਂ ਸਿੱਖਾਂ ਨੂੰ ਕਿਰਪਾਨ ਪਹਿਨਣ ਦੇ ਹੱਕ ਤੋਂ ਵਾਂਝਾ ਰੱਖਣ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਲਾਸਟਿਕ ਜਾਂ ਕਿਸੇ ਹੋਰ ਮੋਮ ਨੁਮਾ ਧਾਤ ਦੇ ਫਲ ਵਾਲੀ ਕਿਰਪਾਨ ਨੂੰ ਅਮਲ ਵਿੱਚ ਲਿਆਉਣ ਦੇ ਯਤਨ ਨੂੰ ਸਿੱਖ ਕੌਮ ਕਦੇ ਵੀ ਪ੍ਰਵਾਨ ਨਹੀਂ ਕਰ ਸਕਦੀ।

# ਦਿੱਲੀ ਪੁਲੀਸ ਨੇ 36 ਸਾਲ ਪੁਰਾਣਾ ਜਹਾਜ਼ ਅਗਵਾ ਮਾਮਲਾ ਮੁੜ ਖੋਲ੍ਹਿਆ

## ਸਤਨਾਮ ਸਿੰਘ ਪਾਉਂਟਾ ਸਾਹਿਬ ਅਤੇ ਤੇਜਿੰਦਰਪਾਲ ਸਿੰਘ ਨੂੰ ਦੋ ਦਿਨਾਂ ਦੀ ਆਰਜ਼ੀ ਜ਼ਮਾਨਤ ਮਿਲੀ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਦਿੱਲੀ ਪੁਲੀਸ ਵੱਲੋਂ 36 ਸਾਲ ਪੁਰਾਣੇ ਜਹਾਜ਼ ਅਗਵਾ ਮਾਮਲੇ ਵਿੱਚ ਕੁਝ ਨਵੀਆਂ ਧਾਰਾਵਾਂ ਜੋੜ ਕੇ ਇਸ ਕੇਸ ਨੂੰ ਮੁੜ ਸ਼ੁਰੂ ਕੀਤੇ ਜਾਣ 'ਤੇ ਦਲ ਖ਼ਾਲਸਾ ਨੇ ਸਖ਼ਤ ਇਤਰਾਜ਼ ਪ੍ਰਗਟਾਇਆ ਹੈ। ਇਸ ਮਾਮਲੇ ਵਿੱਚ ਦਲ ਖ਼ਾਲਸਾ ਦੇ ਦੋ ਆਗੂ ਸਤਨਾਮ ਸਿੰਘ ਪਾਉਂਟਾ ਸਾਹਿਬ ਅਤੇ ਤੇਜਿੰਦਰਪਾਲ ਸਿੰਘ ਦਿੱਲੀ ਦੇ ਪਟਿਆਲਾ ਹਾਊਸ ਵਿੱਚ ਪੇਸ਼ ਹੋਏ, ਜਿੱਥੇ ਅਦਾਲਤ ਵੱਲੋਂ ਇਨ੍ਹਾਂ ਨੂੰ ਦੋ ਦਿਨਾਂ ਦੀ ਆਰਜ਼ੀ ਜ਼ਮਾਨਤ ਦੇ ਦਿੱਤੀ ਗਈ। ਦੱਸਣਯੋਗ ਹੈ ਕਿ ਸਿੱਖ ਅਗਵਾਕਾਰਾਂ ਨੇ 29 ਸਤੰਬਰ 1981 ਨੂੰ ਏਅਰ ਇੰਡੀਆ ਦੀ ਨਵੀਂ ਦਿੱਲੀ-ਅੰਮ੍ਰਿਤਸਰ, ਸ੍ਰੀਨਗਰ ਉਡਾਣ ਨੂੰ ਅਗਵਾ ਕਰ ਲਿਆ ਸੀ ਅਤੇ ਜਹਾਜ਼ ਨੂੰ ਪਾਕਿਸਤਾਨ ਲੈ ਗਏ ਸਨ। ਅਗਵਾਕਾਰਾਂ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਰਿਹਾਈ ਦੀ ਮੰਗ ਕੀਤੀ ਸੀ। ਇਨ੍ਹਾਂ ਅਗਵਾਕਾਰਾਂ ਵਿੱਚ ਸਤਨਾਮ ਸਿੰਘ ਪਾਉਂਟਾ ਸਾਹਿਬ, ਤੇਜਿੰਦਰਪਾਲ ਸਿੰਘ, ਗਜਿੰਦਰ ਸਿੰਘ, ਜਸਬੀਰ ਸਿੰਘ ਅਤੇ ਕਰਨ ਸਿੰਘ ਸ਼ਾਮਲ ਸਨ। ਇਨ੍ਹਾਂ ਨੂੰ ਪਾਕਿਸਤਾਨ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਸੀ ਅਤੇ ਪਾਕਿਸਤਾਨੀ ਅਦਾਲਤ ਵੱਲੋਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਸਜ਼ਾ ਭੁਗਤਣ ਮਗਰੋਂ ਸਤਨਾਮ ਸਿੰਘ ਅਤੇ ਤਜਿੰਦਰਪਾਲ ਸਿੰਘ ਨੂੰ ਵੱਖ-ਵੱਖ ਦੇਸ਼ਾਂ ਤੋਂ ਵਾਪਸ ਭਾਰਤ ਭੇਜ ਦਿੱਤਾ ਗਿਆ ਸੀ ਜਦਕਿ ਬਾਕੀ ਤਿੰਨ ਸਿੱਖ ਆਗੂ ਅੱਜ ਵੀ ਭਾਰਤ ਤੋਂ ਬਾਹਰ ਹਨ।

ਇਸ ਸਬੰਧੀ ਦਲ ਖ਼ਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਦੱਸਿਆ ਕਿ ਦਿੱਲੀ ਪੁਲੀਸ ਵੱਲੋਂ ਪੁਰਾਣੇ ਕੇਸ ਵਿੱਚ ਕੁਝ ਨਵੀਆਂ ਧਾਰਾਵਾਂ ਸ਼ਾਮਲ ਕਰਦਿਆਂ ਇਸ ਨੂੰ ਮੁੜ ਖੋਲ੍ਹਿਆ ਗਿਆ ਹੈ। ਇਸ ਮਾਮਲੇ ਵਿੱਚ ਸਿੱਖ ਅਗਵਾਕਾਰਾਂ ਵੱਲੋਂ ਸੀਨੀਅਰ ਵਕੀਲ ਮੋਹਿਤ ਮਾਥੁਰ ਅਤੇ ਮਨੀਸ਼ਾ ਭੰਡਾਰੀ ਅਦਾਲਤ ਵਿਚ ਪੇਸ਼ ਹੋਏ। ਅਦਾਲਤ ਨੇ ਜਾਂਚ ਅਧਿਕਾਰੀ ਨੂੰ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ। ਉਨ੍ਹਾਂ ਖੁਲਾਸਾ ਕੀਤਾ ਕਿ ਅਦਾਲਤ ਵਿੱਚ ਵਕੀਲਾਂ ਨੇ ਆਪਣਾ ਪੱਖ ਰੱਖਦਿਆਂ ਕਿਹਾ ਕਿ ਇਸ ਮਾਮਲੇ ਨੂੰ ਲਗਭਗ 35 ਸਾਲ ਬੀਤ ਚੁੱਕੇ ਹਨ ਅਤੇ ਅਪੀਲਕਰਤਾ ਲੰਮਾ ਸਮਾਂ ਜੇਲ੍ਹ ਵਿੱਚ ਵੀ ਬਿਤਾ ਚੁੱਕੇ ਹਨ। ਹੁਣ ਇਨ੍ਹਾਂ ਨੂੰ ਇਸ ਮਾਮਲੇ ਵਿੱਚੋਂ ਬਰੀ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਲੰਮਾ ਸਮਾਂ ਬੀਤਣ ਮਗਰੋਂ ਇਸ ਕੇਸ ਵਿੱਚ ਨਵੀਆਂ ਧਾਰਾਵਾਂ ਜੋੜ ਕੇ ਇਸ ਨੂੰ ਮੁੜ ਸ਼ੁਰੂ ਕਰਨਾ ਜਾਇਜ਼ ਨਹੀਂ ਹੈ। ਉਨ੍ਹਾਂ ਦੱਸਿਆ ਕਿ ਦਿੱਲੀ ਪੁਲੀਸ ਨੇ ਇਸ ਸਬੰਧੀ ਸਤੰਬਰ 2011 ਵਿਚ ਦਿੱਲੀ ਅਦਾਲਤ ਵਿੱਚ ਦੇਸ਼ ਧ੍ਰੋਹ ਦੀਆਂ ਧਾਰਾਵਾਂ ਤਹਿਤ ਨਵਾਂ ਚਲਾਨ ਪੇਸ਼ ਕੀਤਾ ਸੀ। ਇਸ ਮਾਮਲੇ ਵਿੱਚ ਦੋਵਾਂ ਵਿਅਕਤੀਆਂ ਨੇ ਦਿੱਲੀ ਹਾਈ ਕੋਰਟ ਵਿੱਚ ਪਟੀਸ਼ਨ ਪਾ ਕੇ ਇਸ ਚਾਰਜਸ਼ੀਟ ਨੂੰ ਖਾਰਜ ਕਰਨ ਦੀ ਅਪੀਲ ਕੀਤੀ ਸੀ। ਅਦਾਲਤ ਨੇ ਨਵੇਂ ਕੇਸ ਲਈ 18 ਜੁਲਾਈ ਨੂੰ ਅਦਾਲਤ ਵਿੱਚ ਪੇਸ਼ ਹੋਣ ਲਈ ਕਿਹਾ ਸੀ।

ਦਲ ਖ਼ਾਲਸਾ ਨੇ ਦਿੱਲੀ ਪੁਲੀਸ ਦੀ ਇਸ ਕਾਰਵਾਈ 'ਤੇ ਸਖ਼ਤ ਇਤਰਾਜ਼ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਵਿਅਕਤੀ ਪਾਕਿਸਤਾਨ ਵਿੱਚ ਉਮਰ ਕੈਦ ਭੁਗਤਣ ਮਗਰੋਂ ਸ਼ਾਂਤਮਈ ਢੰਗ ਨਾਲ ਆਪਣੀ ਜ਼ਿੰਦਗੀ ਬਤੀਤ ਕਰ ਰਹੇ ਸਨ ਪਰ ਇਨ੍ਹਾਂ ਨੂੰ ਮੁੜ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ 2011 ਵਿੱਚ ਦਿੱਲੀ ਪੁਲੀਸ ਨੇ ਇਨ੍ਹਾਂ ਪੰਜਾਂ ਖ਼ਿਲਾਫ਼ ਆਈਪੀਸੀ ਦੀ ਧਾਰਾ 121, 121 ਏ, 124 ਏ 120 ਬੀ ਹੇਠ ਨਵਾਂ ਕੇਸ ਦਾਇਰ ਕੀਤਾ ਗਿਆ ਹੈ।

# ਐਸ.ਵਾਈ.ਐਲ: ਸੁਪਰੀਮ ਕੋਰਟ ਦੇ ਹੁਕਮ ਦਾ ਚਾਅ ਕਿਉਂ ਚੜ੍ਹਿਆ ਮੁੱਖ ਮੰਤਰੀ ਨੂੰ ?

**ਗੁਰਪ੍ਰੀਤ ਸਿੰਘ ਮੰਡਿਆਣੀ**

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੁਪਰੀਮ ਕੋਰਟ ਵੱਲੋਂ ਸਤਲੁਜ ਨਹਿਰ ਬਾਬਤ 11 ਜੁਲਾਈ ਨੂੰ ਸੁਣਾਏ ਫੈਸਲੇ ਦਾ ਸੁਆਗਤ ਇਹ ਕਹਿ ਕੇ ਕੀਤਾ ਹੈ ਕਿ ਕੋਰਟ ਨੇ ਦੋਵਾਂ ਧਿਰਾਂ ਨੂੰ ਮੇਜ਼ 'ਤੇ ਬੈਠ ਕੇ ਗੱਲਬਾਤ ਕਰਨ ਦੀ ਖਾਤਰ 57 ਦਿਨਾਂ ਦਾ ਸਮਾਂ ਦਿੱਤਾ ਹੈ। ਦੂਜੇ ਪਾਸੇ ਹਰਿਆਣਾ ਦੇ ਮੁੱਖ ਮੰਤਰੀ ਨੇ ਸੁਪਰੀਮ ਕੋਰਟ ਦੇ ਫੈਸਲੇ ਦਾ ਇਹ ਕਹਿੰਦਿਆਂ ਸੁਆਗਤ ਕੀਤਾ ਹੈ ਕਿ ਕੋਰਟ ਨੇ ਪੰਜਾਬ ਨੂੰ ਸਾਫ ਲਫਜ਼ਾਂ ਵਿੱਚ ਆਖ ਦਿੱਤਾ ਹੈ ਕਿ ਤੁਹਾਨੂੰ ਨਹਿਰ ਹਰ ਹਾਲਤ ਵਿੱਚ ਜਲਦ ਤੋਂ ਜਲਦ ਪੁੱਟਣੀ ਪੈਣੀ ਹੈ ਤੇ ਤੁਸੀਂ ਹੁਣ ਇਸ ਮਾਮਲੇ ਨੂੰ ਹੋਰ ਨਹੀਂ ਲਮਕਾ ਸਕਦੇ।

ਸੁਪਰੀਮ ਕੋਰਟ ਇਸ ਤੋਂ ਪਹਿਲਾਂ 27 ਅਪ੍ਰੈਲ ਨੂੰ ਹੋਈ ਸੁਣਵਾਈ ਦੌਰਾਨ ਜੁਡੀਸ਼ਲ ਬੈਂਚ ਦੇ ਮੁੱਖ ਜਸਟਿਸ ਪੀ.ਸੀ. ਘੋਸ਼ ਨੇ ਕੇਂਦਰ ਸਰਕਾਰ ਨੂੰ ਆਖਿਆ ਸੀ ਕਿ ਕੋਰਟ ਨੂੰ ਤੁਹਾਡੇ ਵੱਲੋਂ ਦੋਵੇਂ ਧਿਰਾਂ ਦੀ ਕਰਾਈ ਜਾ ਰਹੀ ਗੱਲਬਾਤ ਨਾਲ ਕੋਈ ਮਤਲਬ ਨਹੀਂ ਬਲਕਿ ਸਾਡਾ ਸਰੋਕਾਰ ਤਾਂ ਨਹਿਰ ਪੁੱਟਣ ਵਾਲੇ ਅਦਾਲਤੀ ਹੁਕਮ ਨੂੰ ਲਾਗੂ ਕਰਵਾਉਣ ਨਾਲ ਹੈ। ਕੱਲ੍ਹ ਦੀ ਸੁਣਵਾਈ ਮੌਕੇ ਜਦੋਂ ਪੰਜਾਬ ਵੱਲੋਂ ਨਹਿਰ 'ਚ ਛੱਡੇ ਜਾਣ ਲਈ ਪਾਣੀ ਦਸਤਿਆਬ (ਉਪਲੱਬਧ) ਨਾ ਹੋਣ ਦੀ ਗੱਲ ਆਖੀ ਤਾਂ ਅਦਾਲਤ ਨੇ ਪੰਜਾਬ ਨੂੰ ਹੁਕਮ ਦਿੱਤਾ ਕਿ ਤੁਸੀਂ ਪਹਿਲਾਂ ਛੇਤੀ ਤੋਂ ਛੇਤੀ ਨਹਿਰ ਪੁੱਟ ਦਿਓ ਇਹਦੇ 'ਚ ਛੱਡੇ ਜਾਣ ਲਈ ਪਾਣੀ ਹੈ ਜਾਂ ਨਹੀਂ ਇਹ ਬਾਅਦ 'ਚ ਦੇਖਿਆ ਜਾਵੇਗਾ ਸੁਪਰੀਮ ਕੋਰਟ ਦਾ ਰੁੱਖ ਸਪੱਸ਼ਟ ਹੈ ਕਿ ਆਖਰੀ ਫੈਸਲੇ ਵਿੱਚ ਵੀ ਨਹਿਰ ਦੀ ਪੁਟਾਈ ਦਾ ਸਖਤ ਹੁਕਮ ਹੀ ਪੰਜਾਬ ਦੇ ਮੂਹਰੇ ਆਉਣਾ ਹੈ।

ਕੋਰਟ ਦੇ ਇਸ ਫੈਸਲੇ ਦੇ ਮੱਦੇਨਜ਼ਰ ਕੈਪਟਨ ਸਾਹਿਬ ਵੱਲੋਂ ਅਦਾਲਤ ਦੇ ਫੈਸਲੇ ਦਾ ਮਹਿਜ਼ ਗੱਲਬਾਤ ਖਾਤਰ ਟਾਈਮ ਦੇਣ ਬਦਲੇ ਸੁਆਗਤ ਕਰਨਾ ਹੈਰਾਨੀਜਨਕ ਹੈ। ਗੱਲਬਾਤ



ਦੌਰਾਨ ਪੰਜਾਬ ਵੱਲੋਂ ਅਖਤਿਆਰ ਕੀਤੀ ਜਾਣੀ ਵਾਲੀ ਦਲੀਲ ਵੀ ਕੈਪਟਨ ਸਾਹਿਬ ਨੇ ਦੱਸ ਦਿੱਤੀ ਹੈ ਕਿ ਪੰਜਾਬ ਕੋਲ ਕੋਈ ਫਾਲਤੂ ਪਾਣੀ ਨਹੀਂ ਹੈ। ਪਰ ਕੀ ਕੋਈ ਉਮੀਦ ਹੈ ਕਿ ਹਰਿਆਣਾ ਪੰਜਾਬ ਦੀ ਦਲੀਲ ਨੂੰ ਬੜੀ ਹਮਦਰਦੀ ਨਾਲ ਮੰਨ ਲਵੇਗਾ ਜਾਂ ਕੇਂਦਰ ਵੀ ਪੰਜਾਬ ਕੀ ਇਸ ਦਲੀਲ ਦੀ ਹਾਮੀ ਭਰੂਗੀ। ਇਹੀ ਦਲੀਲ ਨੂੰ ਪੰਜਾਬ ਵਾਰ ਵਾਰ ਕੋਰਟ ਮੂਹਰੇ ਦੁਹਰਾ ਚੁੱਕਿਆ ਹੈ ਤੇ ਹਰਿਆਣਾ ਤੇ ਕੇਂਦਰ ਸਰਕਾਰ ਪੰਜਾਬ ਦੀ ਇਸ ਦਲੀਲ ਨੂੰ ਮੁੱਢੋਂ ਹੀ ਨਕਾਰ ਚੁੱਕੇ ਨੇ ਤੇ ਅੰਤ ਨੂੰ ਕੋਰਟ ਨੇ ਵੀ ਇਹ ਦਲੀਲ ਖਾਰਜ ਕਰ ਦਿੱਤੀ ਹੈ। ਸੋ ਇਸ ਸੂਰਤੇਹਾਲ ਵਿੱਚ ਪੰਜਾਬ ਗੱਲਬਾਤ ਤੋਂ ਕਿਹੜੀ ਉਮੀਦ ਰੱਖ ਰਿਹਾ ਹੈ ? ਗੱਲਬਾਤ ਵਿੱਚ ਸ਼ਾਮਲ ਵੀ ਉਹੀ ਧਿਰਾਂ ਨੇ ਤੇ ਉਹੀ ਦਲੀਲਾਂ ਹੋਣਗੀਆਂ ਤਾਂ ਮੁੱਖ ਮੰਤਰੀ ਵੱਲੋਂ ਗੱਲਬਾਤ 'ਚੋਂ ਕੁੱਝ ਪੰਜਾਬ ਦੇ ਹੱਕ ਵਿੱਚ ਝਾਕ ਰੱਖਣੀ ਸਮਝੋਂ ਬਾਹਰ ਹੈ।

ਦਰਿਆਈ ਪਾਣੀ ਦੀ ਸ਼ਕਲ ਵਿੱਚ ਪੰਜਾਬ ਦੀ ਸ਼ਾਹਰਗ ਨੂੰ ਵੱਢਣ ਖਾਤਰ ਡਿੰਗ੍ਹ ਡਿੰਗ੍ਹ ਕਰਦੀ ਤਲਵਾਰ ਸਾਹਮਣੇ ਦਿਸ ਰਹੀ ਹੈ ਤੇ ਦੂਜੇ ਪਾਸੇ ਪੰਜਾਬ ਦੀ ਕੋਈ ਵੀ ਸਿਆਸੀ ਧਿਰ ਸੰਜੀਦਾ ਨਹੀਂ ਦਿਸ ਰਹੀ। ਸੁਪਰੀਮ ਕੋਰਟ ਦੇ ਫੈਸਲੇ ਤੇ ਆਇਆ ਅਕਾਲੀ ਦਲ (ਬਾਦਲ) ਦਾ ਬਿਆਨ ਬਿਲਕੁਲ ਰਸਮੀ ਹੈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਪ੍ਰਕਾਸ਼ ਸਿੰਘ ਬਾਦਲ ਦੇ ਬਿਆਨਾਂ ਵਿੱਚ ਅਜਿਹਾ ਕੁੱਝ ਨਹੀਂ ਦੱਸਿਆ ਗਿਆ ਕਿ ਪੰਜਾਬ ਨੂੰ ਹੁਣ ਇਹ ਕਦਮ ਪੁੱਟਣਾ ਚਾਹੀਦਾ ਹੈ। ਆਮ ਆਦਮੀ ਪਾਰਟੀ ਨੇ ਹੁਣ ਤੱਕ ਇਸ ਮਾਮਲੇ ਆਪਣਾ ਕੋਈ ਸਟੈਂਡ ਜਾਹਿਰ ਨਹੀਂ ਕੀਤਾ। ਪਾਣੀ ਦੇ ਮੁੱਦੇ ਉਤੇ ਪਿਛਲੀ ਵਿਧਾਨ ਸਭਾ ਸਭਾ 'ਚ ਡਟਵਾਂ ਸਟੈਂਡ ਲੈਣ ਵਾਲੇ ਬੈਂਸ ਭਰਾ ਵੀ ਖਾਮੋਸ਼ ਹਨ। ਆਮ ਆਦਮੀ ਪਾਰਟੀ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਇਸ 'ਤੇ ਚਰਚਾ ਕਰਨ ਲਈ ਵਿਧਾਨ ਸਭਾ ਦਾ ਉਚੇਚਾ ਇਜਲਾਸ ਸੱਦਣ ਦੀ ਮੰਗ ਕੀਤੀ ਹੈ।

# ਹੁਣ ਟਰੰਪ ਦੇ ਸਿਹਤ ਬਿਲ ਨੂੰ ਵੀ ਝਟਕਾ, ਓਬਾਮਾ ਕੇਅਰ ਸਬੰਧੀ ਪ੍ਰਸਤਾਵ ਨਾ ਹੋਇਆ ਪਾਸ

**ਵਾਸ਼ਿੰਗਟਨ/ਬਿਊਰੋ ਨਿਊਜ਼ :**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਇਕ ਹੋਰ ਝਟਕਾ ਲਗਾ ਜਦੋਂ ਉਨ੍ਹਾਂ ਦੇ ਸਾਬਕਾ ਰਾਸ਼ਟਰਪਤੀ ਓਬਾਮਾ ਕੇਅਰ ਜਾਂ ਕਿਫਾਇਤੀ ਸਿਹਤ ਸੰਭਾਲ ਯੋਜਨਾ ਨੂੰ ਖਤਮ ਕਰਨ ਅਤੇ ਉਸ ਨੂੰ ਬਦਲਣ ਦਾ ਪ੍ਰਸਤਾਵ ਸੈਨੇਟ ਵਿਚ ਪਾਸ ਨਹੀਂ ਹੋ ਸਕਿਆ। ਇਕ ਤੋਂ ਬਾਅਦ ਇਕ ਕੀਤੇ ਗਏ ਟਵੀਟ ਵਿਚ ਟਰੰਪ ਨੇ ਇਸ ਲਈ ਡੈਮੋਕ੍ਰੇਟਸ ਅਤੇ ਆਪਣੀ ਪਾਰਟੀ ਦੇ ਕੁਝ ਸੈਨੇਟਰਾਂ ਨੂੰ ਜ਼ਿੰਮੇਦਾਰ ਠਹਿਰਾਇਆ। ਓਬਾਮਾ ਕੇਅਰ ਨੂੰ ਖਤਮ ਕਰਨਾ ਟਰੰਪ ਦੇ ਚੋਣ ਮੁਹਿੰਮ ਦੇ ਮਹੱਤਵਪੂਰਨ ਮੁੱਦਿਆਂ ਵਿਚੋਂ ਇਕ ਸੀ। ਟਰੰਪ ਨੇ ਆਪਣੇ ਟਵੀਟ ਵਿਚ ਕਿਹਾ ਕਿ ਸਾਨੂੰ ਸਾਰੇ ਡੈਮੋਕ੍ਰੇਟਾਂ ਅਤੇ ਕੁਝ ਰਿਪਬਲਿਕਨਾਂ ਨੇ ਨਿਰਾਸ਼ ਕੀਤਾ ਹੈ। ਜ਼ਿਆਦਾਤਰ ਰਿਪਬਲਿਕਨ ਵਫਾਦਾਰ ਸਨ ਅਤੇ ਉਨ੍ਹਾਂ ਨੇ ਸਚਮੁੱਚ ਸਖਤ ਮਿਹਨਤ ਕੀਤੀ। ਅਸੀਂ ਪਰਤਾਂਗੇ। ਉਨ੍ਹਾਂ ਨੇ ਸੈਨੇਟ ਦੇ ਫਿਲਿਬਸਟਰ ਪ੍ਰਬੰਧ ਨੂੰ ਖਤਮ ਕਰਨ ਦੀ ਗੱਲ ਕਹੀ, ਜਿਸ ਤਹਿਤ ਕੁਝ ਬਿੱਲਾਂ ਨੂੰ ਪਾਸ ਕਰਨ ਲਈ 100 ਮੈਂਬਰਾਂ ਸੈਨੇਟ ਵਿਚੋਂ 51 ਵੋਟਾਂ ਦੇ ਬਹੁਮਤ ਦੀ ਬਜਾਏ 60 ਵੋਟਾਂ ਦੀ ਲੋੜ ਹੁੰਦੀ ਹੈ।


GLOBAL CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
Kirtan
Katha
GLOBAL PUNJAB
News
Discussion
Debate
channel punjabi BEATS
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

**ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ**




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@sunsolarmax.com

SUNPREME®
Premium Bifacial Thin Film Solar


BIKKAR BADSHAH
THATH
ਵੱਖਰੇ
ENTERTAINMENT
BULLET
JUS 24x7
FREE PREVIEW!
Only on Dish TV
CH 743
March 29 -April 12
subscribe now
JUS Pack
has it all!
jus punjabi
JUS one
JUS 24x7
9x TASHAN
4 channels for only $14.99 on dish | sling
Call 1-888-246-6242 to Subscribe
and get a gift card worth $200
Promotion code: JUS
*only for new customers limited time
for advertisement & more information call: +1-718-752-9290
www.jusbroadcasting.com


Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com